# ਮੇਰੀ ਯਾਦ

ਮਾਸਟਰ ਤਾਰਾ ਸਿੰਘ

ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ ।

Academy of the Punjab in North America: http://www.apnaorg.com

੧ੴ ਸਤਿਗੁਰ ਪ੍ਰਸਾਦਿ ॥

# ਮੇਰੀ ਯਾਦ

ਮਾਸਟਰ ਤਾਰਾ ਸਿੰਘ

ਪ੍ਰਕਾਸ਼ਕ

**ਧਰਮ ਪ੍ਰਚਾਰ ਕਮੇਟੀ**

(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)

ਸ੍ਰੀ ਅੰਮ੍ਰਿਤਸਰ ।

Academy of the Punjab in North America: http://www.apnaorg.com

# ਮੇਰੀ ਯਾਦ

*ਐਡੀਟਰ :*

ਡਾ: ਹਰਜਿੰਦਰ ਸਿੰਘ ਦਿਲਗੀਰ

*ਪ੍ਰਕਾਸ਼ਕ*

ਸਕੱਤਰ, ਸ਼੍ਰੋਮਣੀ ਗੁ: ਪ੍ਰ: ਕਮੇਟੀ ਸ੍ਰੀ ਅੰਮ੍ਰਿਤਸਰ ।

**ਮਾਰਚ, ੨੦੧੦** **੩੦੦੦**

*ਛਾਪਣ ਵਾਲੇ*

ਗੋਲਡਨ ਆਫਸੈਟ ਪ੍ਰੈਸ (ਸ਼੍ਰੋਮਣੀ ਗੁ: ਪ੍ਰ: ਕਮੇਟੀ)

ਗੁਰਦੁਆਰਾ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ ।

Academy of the Punjab in North America: http://www.apnaorg.com

# ਤਤਕਰਾ


| | | |
|---|---|---|
| ✡ | ਮਾਸਟਰ ਤਾਰਾ ਸਿੰਘ (ਸੰਪਾਦਕ) | ੫ |
| ✡✡ | ਮੁਖ ਬੰਦ | ੧੯ |
| ੧. | ਨਿੱਕੀ ਉਮਰ ਦੀਆਂ ਨਿੱਕੀਆਂ ਗੱਲਾਂ | ੨੦ |
| ੨. | ਕਾਲਜ ਦਾ ਜੀਵਨ | ੩੪ |
| ੩. | ਸਾਕਾ ਨਨਕਾਣਾ ਸਾਹਿਬ | ੪੬ |
| ੪. | ਕਾਰ ਸੇਵਾ | ੫੪ |
| ੫. | ਨਾਭਾ ਮੋਰਚਾ | ੫੮ |
| ੬. | ਪਟਿਆਲਾ ਮੋਰਚਾ | ੭੦ |
| ੭. | ਸਿਵਲ ਨਾ-ਫ਼ੁਰਮਾਨੀ | ੭੫ |
| ੮. | ੧੯੩੦ ਦੀ ਸਿਵਲ ਨਾ-ਫ਼ੁਰਮਾਨੀ | ੭੯ |
| ੯. | ਡਸਕਾ ਮੋਰਚਾ | ੮੭ |
| ੧੦. | ਸ਼ਹੀਦ ਗੰਜ ਮੋਰਚਾ | ੯੦ |
| ੧੧. | ਸਕੰਦਰ ਬਲਦੇਵ ਸਿੰਘ ਪੈਕਟ | ੯੫ |
| ੧੨. | ਕਾਂਗਰਸ-ਅਕਾਲੀ ਸਾਜ਼ਿਸ਼ | ੧੦੭ |
| ੧੩. | ਪ੍ਰਧਾਨਗੀਆਂ ਤੋਂ ਮੇਰਾ ਅਸਤੀਫ਼ਾ | ੧੧੦ |


Academy of the Punjab in North America: http://www.apnaorg.com

Academy of the Punjab in North America: http://www.apnaorg.com

# ਮਾਸਟਰ ਤਾਰਾ ਸਿੰਘ ਜੀ

ਪੰਥ ਰਤਨ ਮਾਸਟਰ ਤਾਰਾ ਸਿੰਘ ਜੀ ਸਿੱਖ ਪੰਥ ਵਿਚ ਇਕ ਅਹਿਮ ਥਾਂ ਰਖਦੇ ਹਨ। ਉਨ੍ਹਾਂ ਨੇ ਅੱਧੀ ਸਦੀ ਸਿੱਖ ਕੌਮ ਦੀ ਅਗਵਾਈ ਕੀਤੀ। ਤਕਰੀਬਨ 40 ਸਾਲ ਦੀ ਸਿੱਖ ਤਵਾਰੀਖ਼ ਸਿਰਫ਼ ਉਨ੍ਹਾਂ ਦੀ ਸ਼ਖ਼ਸੀਅਤ ਦੇ ਦੁਆਲੇ ਹੀ ਘੁੰਮਦੀ ਹੈ। ਮਾਸਟਰ ਤਾਰਾ ਸਿੰਘ ਸਿਰਫ਼ ਇਕ ਸ਼ਖ਼ਸੀਅਤ ਹੀ ਨਹੀਂ ਬਲਕਿ ਪੂਰੀ ਦੀ ਪੂਰੀ ਜਮਾਤ ਸਨ। ਉਨ੍ਹਾਂ ਦੇ ਬੋਲ ਦਿੱਲੀ ਅਤੇ ਲੰਡਨ ਦੇ ਤਖ਼ਤ ਨੂੰ ਹਿਲਾ ਦਿੰਦੇ ਸਨ। ਸੱਚੀ ਗੱਲ ਤਾਂ ਇਹ ਹੈ ਕਿ 1926 ਤੋਂ 1966 ਤਕ ਚਾਲੀ ਸਾਲ ਦੀ ਪੰਜਾਬ ਦੀ ਤਵਾਰੀਖ਼ ਮਾਸਟਰ ਤਾਰਾ ਸਿੰਘ ਜੀ ਦੀ ਜ਼ਿੰਦਗੀ ਦੀ ਕਹਾਣੀ ਹੈ।

ਮਾਸਟਰ ਤਾਰਾ ਸਿੰਘ ਜੀ ਦਾ ਜਨਮ 24 ਜੂਨ 1885 ਦੇ ਦਿਨ ਬਖ਼ਸ਼ੀ ਗੋਪੀ ਚੰਦ ਦੇ ਘਰ ਪਿੰਡ ਹਰਿਆਲ, ਜ਼ਿਲ੍ਹਾ ਰਾਵਲਪਿੰਡੀ (ਪਾਕਿਸਤਾਨ) ਵਿਚ ਹੋਇਆ ਸੀ। ਆਪ ਦਾ ਪਰਿਵਾਰ ਭਾਵੇਂ ਹਿੰਦੂ ਧਰਮ ਨਾਲ ਸਬੰਧ ਰਖਦਾ ਸੀ ਪਰ ਉਨ੍ਹਾਂ ਦਾ ਝੁਕਾਅ ਸਿੱਖ ਧਰਮ ਵੱਲ ਵਧੇਰੇ ਸੀ। ਇਸ ਪਰਿਵਾਰ ਦੇ ਸਾਰੇ ਰਸਮੋ-ਰਿਵਾਜ਼ ਸਿੱਖ ਮਰਿਆਦਾ ਅਨੁਸਾਰ ਹੀ ਹੋਇਆ ਕਰਦੇ ਸਨ।

ਮਾਸਟਰ ਤਾਰਾ ਸਿੰਘ ਜੀ ਦਾ ਬਚਪਨ ਦਾ ਨਾਂ ਨਾਨਕ ਚੰਦ ਸੀ। ਨਾਨਕ ਚੰਦ ਨੇ ਆਪਣਾ ਬਚਪਨ ਆਪਣੇ ਪਿੰਡ ਵਿਚ ਹੀ ਬਿਤਾਇਆ ਅਤੇ ਮੁੱਢਲੀ ਪੜ੍ਹਾਈ ਨੇੜੇ ਦੇ ਪਿੰਡ ਹਰਨਾਲ ਵਿਚ ਕੀਤੀ। ਸਕੂਲ ਦੀ ਪੜ੍ਹਾਈ ਦੇ ਦੌਰਾਨ ਉਨ੍ਹਾਂ ਨੇ ਭਾਈ ਰਤਨ ਸਿੰਘ ਭੰਗੂ ਦੀ ਕਿਤਾਬ "ਪ੍ਰਾਚੀਨ ਪੰਥ ਪ੍ਰਕਾਸ਼" ਪੜ੍ਹੀ। ਇਸ ਕਿਤਾਬ ਵਿਚ ਸਿੱਖ ਤਵਾਰੀਖ਼ ਨੂੰ ਸਹੀ ਤੇ ਸੁਚੱਜੇ ਢੰਗ ਨਾਲ ਪੇਸ਼ ਕੀਤਾ ਹੋਇਆ ਹੈ। ਇਸ ਕਿਤਾਬ ਨੇ ਨਾਨਕ ਚੰਦ ਨੂੰ ਬੜਾ ਅਸਰ-ਅੰਦਾਜ਼ ਕੀਤਾ। ਉਨ੍ਹਾਂ ਦੇ ਦਿਲ ਵਿਚ ਸਿੱਖ ਧਰਮ ਵਾਸਤੇ ਬੜੀ ਸ਼ਰਧਾ ਪੈਦਾ ਹੋ ਗਈ। ਉਨ੍ਹਾਂ ਦਾ ਦਿਲ ਕਈ ਵਾਰੀ ਕਰਦਾ ਸੀ ਕਿ ਮੈਂ ਅੰਮ੍ਰਿਤ ਛੱਕ ਕੇ ਸਿੰਘ ਸਜ ਜਾਵਾਂ।

ਉਨ੍ਹੀਂ ਦਿਨੀਂ ਬਾਬਾ ਅਤਰ ਸਿੰਘ ਮਸਤੂਆਣਾ ਵਾਲੇ ਰਾਵਲਪਿੰਡੀ ਵਿਚ ਧਰਮ ਪ੍ਰਚਾਰ ਅਤੇ ਅੰਮ੍ਰਿਤ ਸੰਚਾਰ ਕਰ ਰਹੇ ਸਨ। ਇਕ ਦਿਨ ਨਾਨਕ ਚੰਦ ਆਪਣੇ ਪਿੰਡੋਂ ਰਾਵਲਪਿੰਡੀ ਜਾ ਰਹੇ ਸੀ ਤਾਂ ਰਸਤੇ ਵਿਚ ਉਨ੍ਹਾਂ ਦਾ ਮੇਲ ਕੁਝ ਨੌਜਵਾਨਾਂ ਨਾਲ ਹੋਇਆ ਜੋ ਬਾਬਾ ਅਤਰ ਸਿੰਘ ਜੀ ਦੇ ਦਰਸ਼ਨ ਕਰਨ ਵਾਸਤੇ ਰਾਵਲਪਿੰਡੀ ਜਾ ਰਹੇ ਸਨ। ਨਾਨਕ ਚੰਦ ਵੀ ਉਨ੍ਹਾਂ ਦੇ ਨਾਲ ਚਲੇ ਗਏ। ਰਾਵਲਪਿੰਡੀ ਵਿਚ ਨਾਨਕ ਚੰਦ ਨੇ ਬਾਬਾ ਅਤਰ ਸਿੰਘ ਜੀ ਦੇ ਵਿਚਾਰ ਸੁਣੇ ਅਤੇ ਉਨ੍ਹਾਂ ਨੇ ਫ਼ੈਸਲਾ ਕੀਤਾ ਕੇ ਉਹ ਅੰਮ੍ਰਿਤ ਛਕ ਕੇ ਹੀ ਘਰ ਮੁੜਨਗੇ।

Academy of the Punjab in North America: http://www.apnaorg.com

ਜਦ ਨਾਨਕ ਚੰਦ ਤਾਰਾ ਸਿੰਘ ਬਣ ਕੇ, ਸਿਰ 'ਤੇ ਦਸਤਾਰ ਸਜਾਈ ਅਤੇ ਗਲ ਵਿਚ ਕਿਰਪਾਨ ਪਾਈ, ਆਪਣੇ ਪਿੰਡ ਪੁੱਜੇ ਤਾਂ ਉਨ੍ਹਾਂ ਦੇ ਪਿਤਾ ਅਤੇ ਵੱਡੇ ਭਾਈ ਨਾਰਾਜ਼ ਹੋਏ। ਉਨ੍ਹਾਂ ਦੇ ਪਿਤਾ ਨੇ ਉਨ੍ਹਾਂ ਨੂੰ ਸਿੱਖ ਨਾ ਬਣਨ ਵਾਸਤੇ ਬੜੇ ਵਾਸਤੇ ਪਾਏ ਪਰ ਜਦ ਤਾਰਾ ਸਿੰਘ 'ਤੇ ਉਨ੍ਹਾਂ ਦੀਆਂ ਗੱਲਾਂ ਦਾ ਕੋਈ ਅਸਰ ਨਾ ਹੋਇਆ ਤਾਂ ਪਿਤਾ ਜੀ ਨੇ ਧਮਕੀ ਦੇਂਦਿਆਂ ਉਨ੍ਹਾਂ ਨੂੰ ਕਿਹਾ ਕਿ ਜੇ ਤੂੰ ਸਿੱਖ ਬਣਨਾ ਚਾਹੁੰਦਾ ਹੈ ਤਾਂ ਤੈਨੂੰ ਘਰ ਛੱਡਣਾ ਪਵੇਗਾ। ਇਸ ਗੱਲ ਦਾ ਮਾਸਟਰ ਤਾਰਾ ਸਿੰਘ 'ਤੇ ਕੋਈ ਅਸਰ ਨਾ ਹੋਇਆ ਅਤੇ ਉਹ ਉਸੇ ਵੇਲੇ ਘਰੋਂ ਟੁਰ ਪਏ। ਜਦੋਂ ਉਹ ਘਰ ਛੱਡ ਕੇ ਚਲੇ ਗਏ ਤਾਂ ਉਨ੍ਹਾਂ ਦੀ ਮਾਂ ਨੇ ਉਨ੍ਹਾਂ ਦੇ ਵੱਡੇ ਭਰਾ ਗੰਗਾ ਰਾਮ ਨੂੰ ਉਨ੍ਹਾਂ ਦੇ ਪਿੱਛੇ ਭੇਜਿਆ ਅਤੇ ਉਨ੍ਹਾਂ ਨੂੰ ਮਨਾ ਕੇ ਘਰ ਵਾਪਸ ਲੈ ਆਂਦਾ। ਇੰਞ ਮਾਸਟਰ ਜੀ ਦੇ ਸਿਰੜ ਨੇ ਉਨ੍ਹਾਂ ਦੀ ਸਿੱਖੀ ਕਾਇਮ ਰੱਖੀ।

ਰਾਵਲਪਿੰਡੀ ਵਿਚ ਪੜ੍ਹਾਈ ਖਤਮ ਕਰ ਕੇ ਉਨ੍ਹਾਂ ਨੇ ਅੰਮ੍ਰਿਤਸਰ ਖਾਲਸਾ ਕਾਲਜ ਵਿਚ ਦਾਖ਼ਲਾ ਲੈ ਲਿਆ। ਮਾਸਟਰ ਤਾਰਾ ਸਿੰਘ ਆਪਣੇ ਕਾਲਜ ਦੀ ਪੜ੍ਹਾਈ ਦੇ ਵੇਲੇ ਤੋਂ ਹੀ ਬੜੇ ਅਗਾਂਹਵਧੂ ਖ਼ਿਆਲਾਂ ਦੇ ਸਨ। ਸਕੂਲ ਦੇ ਬਹੁਤੇ ਵਿਦਿਆਰਥੀ ਉਨ੍ਹਾਂ ਨੂੰ ਆਪਣਾ ਆਗੂ ਮੰਨਦੇ ਸਨ। 1907 ਵਿਚ ਮਾਸਟਰ ਜੀ ਵਿਦਿਆਰਥੀਆਂ ਦੀ ਜਥੇਬੰਦੀ ਦੇ ਪ੍ਰਧਾਨ ਸਨ। ਇਸ ਸਾਲ ਸ: ਧਰਮ ਸਿੰਘ ਇੰਜੀਨੀਅਰ, ਜੋ ਕਾਲਜ ਵਿਚ ਨਿਸ਼ਕਾਮ ਸੇਵਾ ਕਰਿਆ ਕਰਦੇ ਸਨ, ਬਾਰੇ ਅੰਗਰੇਜ਼ ਇੰਜੀਨੀਅਰ ਮਿਸਟਰ ਹਿੱਲ ਵੱਲੋਂ ਕੁਝ ਮਾੜੇ ਬੋਲ ਬੋਲੇ ਜਾਣ ਦੇ ਖ਼ਿਲਾਫ਼ ਆਪ ਨੇ ਆਪਣਾ ਰੋਸ ਜ਼ਾਹਿਰ ਕੀਤਾ। ਭਾਵੇਂ ਮਹਾਰਾਜਾ ਹੀਰਾ ਸਿੰਘ ਨਾਭਾ ਦੀਆਂ ਕੋਸ਼ਿਸ਼ਾਂ ਸਦਕਾ ਇਹ ਮਸਲਾ ਇਕ ਵਾਰ ਤਾਂ ਹੱਲ ਹੋ ਗਿਆ ਪਰ ਮਗਰੋਂ ਸਰਕਾਰ ਨੇ ਪ੍ਰੋ: ਜੋਧ ਸਿੰਘ ਅਤੇ ਹੈੱਡਮਾਸਟਰ ਨਰਾਇਣ ਸਿੰਘ ਨੂੰ ਨੌਕਰੀ ਤੋਂ ਕੱਢ ਦਿੱਤਾ ਕਿਉਂਕਿ ਸਰਕਾਰ ਸਮਝਦੀ ਸੀ ਕਿ ਮਾਸਟਰ ਤਾਰਾ ਸਿੰਘ ਅਤੇ ਬਾਕੀ ਵਿਦਿਆਰਥੀਆਂ ਨੂੰ ਭੜਕਾਉਣ ਵਿਚ ਉਨ੍ਹਾਂ ਦਾ ਹੱਥ ਸੀ। 1907 ਵਿਚ ਮਾਸਟਰ ਜੀ ਨੇ ਬੀ. ਏ. ਪਾਸ ਕਰ ਲਈ ਅਗਲੇ ਸਾਲ ਉਨ੍ਹਾਂ ਨੇ ਐਸ. ਵੀ. ਦਾ ਟੀਚਰ-ਟਰੇਨਿੰਗ ਕੋਰਸ ਵੀ ਪਾਸ ਕਰ ਲਿਆ। ਉਨ੍ਹੀਂ ਦਿਨੀਂ ਲਾਇਲਪੁਰ ਵਿਚ ਖਾਲਸਾ ਸਕੂਲ ਬਣਾਏ ਜਾਣ ਦੀ ਤਿਆਰੀ ਹੋ ਰਹੀ ਸੀ। ਮਾਸਟਰ ਜੀ ਨੇ ਨਵੇਂ ਸਕੂਲ ਵਿਚ 15 ਰੁਪਏ ਮਹੀਨੇ 'ਤੇ ਹੈੱਡਮਾਸਟਰ ਵਜੋਂ ਸੇਵਾ ਕਰਨਾ ਮੰਨ ਲਿਆ।

ਹੈੱਡਮਾਸਟਰ ਬਣਨ ਦੇ ਬਾਅਦ ਮਾਸਟਰ ਤਾਰਾ ਸਿੰਘ ਲਾਇਲਪੁਰ ਦੇ ਸਿਆਸੀ ਆਗੂਆਂ ਦੇ ਬਹੁਤ ਨੇੜੇ ਆ ਗਏ। ਸ: ਹਰਚੰਦ ਸਿੰਘ ਲਾਇਲਪੁਰੀ, ਮਾਸਟਰ ਸੁੰਦਰ ਸਿੰਘ ਲਾਇਲਪੁਰੀ, ਸ: ਤੇਜਾ ਸਿੰਘ ਸਮੁੰਦਰੀ ਅਤੇ ਉਨ੍ਹਾਂ ਦੇ ਸਾਥੀ ਮਾਸਟਰ ਜੀ ਦੇ ਗੂੜ੍ਹੇ ਦੋਸਤ ਬਣ ਗਏ। ਇਹ 'ਲਾਇਲਪੁਰੀ ਗਰੁੱਪ' ਮਗਰੋਂ ਸਿੱਖ ਕੌਮ ਦੀ ਸਿਆਸੀ ਅਗਵਾਈ ਵਿਚ ਬਹੁਤ ਅੱਗੇ ਆਇਆ। ਮਾਸਟਰ ਤਾਰਾ ਸਿੰਘ ਜੀ ਨੇ ਖਾਲਸਾ ਸਕੂਲ ਲਾਇਲਪੁਰ ਨੂੰ ਬੜੇ ਸੁਚੱਜੇ ਢੰਗ ਨਾਲ ਚਲਾਇਆ ਪਰ ਹੈੱਡਮਾਸਟਰ ਹੁੰਦਿਆਂ ਉਹ ਕਦੇ ਵੀ ਅੰਗਰੇਜ਼ ਅਫ਼ਸਰਾਂ ਦੀ ਚਾਪਲੂਸੀ ਨਹੀਂ ਕਰਿਆ ਕਰਦੇ ਸੀ। ਇਸ ਕਰ ਕੇ

Academy of the Punjab in North America: http://www.apnaorg.com

ਸਰਕਾਰ ਵੱਲੋਂ ਸਕੂਲ ਨੂੰ ਮਾਲੀ ਮਦਦ ਨਹੀਂ ਸੀ ਮਿਲਿਆ ਕਰਦੀ। ਅੰਗਰੇਜ਼ ਚਾਹੁੰਦੇ ਸਨ ਕਿ ਮਾਸਟਰ ਜੀ ਇਸ ਸਕੂਲ ਨੂੰ ਛੱਡ ਦੇਣ ਤੇ ਜਾਂ ਫਿਰ ਸਰਕਾਰ ਦੇ ਜੀ ਹਜ਼ੂਰੀਏ ਬਣ ਜਾਣ। ਉਨ੍ਹਾਂ ਦਿਨਾਂ ਵਿਚ ਹੀ ਦਿੱਲੀ ਦੇ ਰਕਾਬ-ਗੰਜ ਗੁਰਦੁਆਰੇ ਦੀ ਦੀਵਾਰ ਸਰਕਾਰ ਨੇ ਢਾਹ ਦਿੱਤੀ ਤਾਂ ਜੋ ਵਾਇਸਰਾਏ ਦੀ ਨਵੀਂ ਕੋਠੀ ਦੀ ਖ਼ੂਬਸੂਰਤੀ ਕਾਇਮ ਰਹਿ ਸਕੇ। ਇਸ ਹਰਕਤ ਦੇ ਖ਼ਿਲਾਫ਼ ਸਿੱਖਾਂ ਨੇ ਜ਼ਬਰਦਸਤ ਰੋਸ ਜ਼ਾਹਿਰ ਕੀਤਾ। ਲਾਇਲਪੁਰ ਦੇ ਸ: ਹਰਚੰਦ ਸਿੰਘ ਅਤੇ ਹੋਰ ਆਗੂਆਂ ਨੇ ਇਸ ਦੇ ਖ਼ਿਲਾਫ਼ ਜਦੋ-ਜਹਿਦ ਸ਼ੁਰੂ ਕਰ ਦਿੱਤੀ। ਪਹਿਲੀ ਵੱਡੀ ਜੰਗ ਸ਼ੁਰੂ ਹੋਣ ਕਰ ਕੇ ਇਕ ਵਾਰ ਤਾਂ ਇਹ ਮਸਲਾ ਪਿੱਛੇ ਪਾ ਦਿੱਤਾ ਗਿਆ ਕਿਉਂਕਿ ਅੰਗਰੇਜ਼ਾਂ ਨੇ ਵਾਇਦਾ ਕੀਤਾ ਸੀ ਕਿ ਜੰਗ ਮੁਕਦਿਆਂ ਹੀ ਉਹ ਰਕਾਬ-ਗੰਜ ਗੁਰਦੁਆਰੇ ਦੀ ਦੀਵਾਰ ਬਣਾ ਦੇਣਗੇ। ਦੂਜੇ ਪਾਸੇ ਸਰਕਾਰ ਨੇ ਲਾਇਲਪੁਰੀ ਗਰੁੱਪ ਨੂੰ ਮਜਬੂਰ ਕਰਨਾ ਸ਼ੁਰੂ ਕਰ ਦਿੱਤਾ ਕਿ ਮਾਸਟਰ ਤਾਰਾ ਸਿੰਘ ਜੀ ਨੂੰ ਸਕੂਲ ਤੋਂ ਅਲਹਿਦਾ ਕਰ ਦਿੱਤਾ ਜਾਵੇ। ਅਖ਼ੀਰ ਸਕੂਲ ਦੀ ਭਲਾਈ ਨੂੰ ਸਾਹਵੇਂ ਰੱਖ ਕੇ ਮਾਸਟਰ ਜੀ ਨੇ ਸਕੂਲ ਤੋਂ ਅਸਤੀਫ਼ਾ ਦੇ ਦਿੱਤਾ। ਉਨ੍ਹਾਂ ਦਿਨਾਂ ਵਿਚ ਹੀ ਮਾਸਟਰ ਜੀ ਨੂੰ ਲੰਡਨ ਦੇ ਗੁਰਦੁਆਰੇ ਦਾ ਮੈਨੇਜਰ ਬਣਾ ਕੇ ਭੇਜਣ ਦੀ ਸਕੀਮ ਚੱਲ ਰਹੀ ਸੀ ਪਰ ਜੰਗ ਸ਼ੁਰੂ ਹੋਣ ਕਰ ਕੇ ਸਕੀਮ ਸਿਰੇ ਨਾ ਚੜ੍ਹ ਸਕੀ। ਇਸ ਦੇ ਬਾਅਦ ਲਾਇਲਪੁਰ ਦੇ ਆਗੂਆਂ ਨੇ ਮਾਸਟਰ ਜੀ ਨੂੰ ਇਕ 'ਕਮਿਸ਼ਨ ਏਜੰਸੀ' (ਆੜ੍ਹਤ ਦੀ ਦੁਕਾਨ) ਸ਼ੁਰੂ ਕਰਵਾ ਦਿੱਤੀ ਪਰ ਮਾਸਟਰ ਤਾਰਾ ਸਿੰਘ ਦੁਕਾਨਦਾਰੀ ਵਾਸਤੇ ਨਹੀਂ ਸਨ ਬਣੇ ਹੋਏ, ਇਸ ਕਰ ਕੇ ਦੁਕਾਨ ਕਾਮਯਾਬ ਨਾ ਹੋ ਸਕੀ। ਕੁਝ ਚਿਰ ਮਗਰੋਂ ਦੁਕਾਨ ਬੰਦ ਕਰ ਦਿੱਤੀ ਗਈ ਅਤੇ ਮਾਸਟਰ ਜੀ ਲਾਇਲਪੁਰ ਚੱਕ ਨੰਬਰ 41 ਦੇ ਸਕੂਲ ਦੇ ਹੈੱਡਮਾਸਟਰ ਬਣ ਗਏ।

ਕੁਝ ਚਿਰ ਆਪ ਹੈੱਡਮਾਸਟਰ ਵਜੋਂ ਨੌਕਰੀ ਕਰਦੇ ਰਹੇ। ਉਨ੍ਹਾਂ ਦਿਨਾਂ ਵਿਚ ਹੀ ਪੰਜਾਬ ਵਿਚ ਗੁਰਦੁਆਰਾ ਸੁਧਾਰ ਲਹਿਰ ਸ਼ੁਰੂ ਹੋ ਗਈ। 21 ਮਈ 1920 ਦੇ ਦਿਨ ਲਾਹੌਰ ਤੋਂ ਪੰਜਾਬੀ ਵਿਚ ਰੋਜ਼ਾਨਾ ਅਖ਼ਬਾਰ "ਅਕਾਲੀ" ਛਪਣੀ ਸ਼ੁਰੂ ਹੋ ਗਈ। ਇਸ ਅਖ਼ਬਾਰ ਨੇ ਸਾਰੇ ਪੰਥ-ਦਰਦੀਆਂ ਨੂੰ ਇਕ ਦੂਜੇ ਦੇ ਨੇੜੇ ਲੈ ਆਂਦਾ। ਇਸ ਅਖ਼ਬਾਰ ਵਿਚ ਗੁਰਦੁਆਰਿਆਂ ਦੀ ਹਾਲਤ ਅਤੇ ਸਿੱਖ ਸਿਆਸਤ ਬਾਰੇ ਪੂਰੀ ਜਾਣਕਾਰੀ ਛਪਣੀ ਸ਼ੁਰੂ ਹੋ ਗਈ। ਇਸ ਨੇ ਗੁਰਦੁਆਰਾ ਸੁਧਾਰ ਲਹਿਰ ਨੂੰ ਇਕ ਜ਼ਬਰਦਸਤ ਮੁਹਿੰਮ ਬਣਾ ਦਿੱਤਾ। ਅਜਿਹਾ ਜਾਪਦਾ ਸੀ ਕਿ ਕਿਸੇ ਦਿਨ ਗੁਰਦੁਆਰਾ ਸੁਧਾਰ ਲਹਿਰ ਬੜੀ ਤੇਜ਼ੀ ਨਾਲ ਸ਼ੁਰੂ ਹੋ ਜਾਵੇਗੀ। ਇਸ ਨੂੰ ਸਿਰਫ਼ ਇਕ ਚਿੰਗਾੜੀ ਦੀ ਜ਼ਰੂਰਤ ਸੀ।

ਅਖ਼ੀਰ ਇਹ ਚੰਗਿਆੜੀ 12 ਅਕਤੂਬਰ 1920 ਦੇ ਦਿਨ ਅਖੌਤੀ ਪਛੜੀਆਂ ਜ਼ਾਤਾਂ ਦੇ ਸਿੱਖਾਂ ਵੱਲੋਂ ਦਰਬਾਰ ਸਾਹਿਬ ਤੇ ਕੜਾਹ ਪ੍ਰਸਾਦ ਭੇਂਟ ਕਰਨ ਤੇ ਮਹੰਤਾਂ ਵੱਲੋਂ ਇਨਕਾਰ ਕੀਤੇ ਜਾਣ ਨਾਲ ਭੜਕ ਪਈ। ਇਸੇ ਦਿਨ ਅਕਾਲ ਤਖ਼ਤ ਸਾਹਿਬ ਤੇ ਸਿੱਖਾਂ ਦਾ ਕਬਜ਼ਾ ਹੋ ਗਿਆ ਅਤੇ ਸਿੱਖਾਂ ਨੇ ਹੌਲੀ-ਹੌਲੀ ਹੋਰ ਬਹੁਤ ਸਾਰੇ ਗੁਰਦੁਆਰਿਆਂ ਨੂੰ ਆਪਣੇ ਕੰਟਰੋਲ ਹੇਠ ਲਿਆਉਣ ਵਾਸਤੇ ਬੜੀ ਤੇਜ਼ੀ ਨਾਲ ਜੱਦੋਜਹਿਦ ਸ਼ੁਰੂ ਕਰ ਦਿੱਤੀ।

Academy of the Punjab in North America: http://www.apnaorg.com

15 ਨਵੰਬਰ 1920 ਦੇ ਦਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਾਇਮ ਹੋ ਗਈ। ਇਸ ਦੀ 175 ਮੈਂਬਰੀ ਕਮੇਟੀ ਵਿਚ ਮਾਸਟਰ ਤਾਰਾ ਸਿੰਘ ਜੀ ਵੀ ਸ਼ਾਮਿਲ ਸਨ। 14 ਦਸੰਬਰ 1920 ਦੇ ਦਿਨ (ਸ਼੍ਰੋਮਣੀ) ਅਕਾਲੀ ਦਲ ਵੀ ਕਾਇਮ ਹੋ ਗਿਆ। ਇਸ ਦੀ ਪਹਿਲੀ ਬੈਠਕ 24 ਜਨਵਰੀ 1921 ਦੇ ਦਿਨ ਹੋਈ। ਸ: ਸਰਮੁਖ ਸਿੰਘ ਝਬਾਲ ਇਸ ਦੇ ਜਥੇਦਾਰ ਚੁਣੇ ਗਏ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰਦੁਆਰਿਆਂ ਦੀ ਆਜ਼ਾਦੀ ਵਾਸਤੇ ਜ਼ੋਰ-ਸ਼ੋਰ ਨਾਲ ਜੱਦੋਜਹਿਦ ਸ਼ੁਰੂ ਕਰ ਦਿੱਤੀ।

20 ਫਰਵਰੀ 1921 ਦੇ ਦਿਨ ਜਦੋਂ 200 ਦੇ ਕਰੀਬ ਸਿੱਖਾਂ ਦਾ ਇਕ ਜਥਾ ਗੁਰਦੁਆਰਾ ਜਨਮ ਅਸਥਾਨ ਨਾਨਕਾਣਾ ਸਾਹਿਬ ਵਿਚ ਗਿਆ ਤਾਂ ਉੱਥੋਂ ਦੇ ਮਹੰਤ ਨੇ 130 ਤੋਂ ਵਧ ਸਿੱਖਾਂ ਨੂੰ ਸ਼ਹੀਦ ਕਰ ਦਿੱਤਾ। ਇਸ ਸ਼ਹੀਦੀ ਸਾਕੇ ਤੋਂ ਬਾਅਦ ਮਾਸਟਰ ਤਾਰਾ ਸਿੰਘ ਅਕਾਲੀ ਲਹਿਰ ਵਿਚ ਪੂਰੀ ਤਰ੍ਹਾਂ ਸ਼ਾਮਿਲ ਹੋ ਗਏ। 7 ਨਵੰਬਰ 1921 ਦੇ ਦਿਨ ਜਦੋਂ ਅੰਗਰੇਜ਼ ਸਰਕਾਰ ਨੇ ਦਰਬਾਰ ਸਾਹਿਬ ਦੇ ਤੋਸ਼ੇਖਾਨੇ ਦੀਆਂ ਚਾਬੀਆਂ ਸ਼੍ਰੋਮਣੀ ਕਮੇਟੀ ਤੋਂ ਖੋਹ ਲਈਆਂ ਤਾਂ ਸਿੱਖਾਂ ਨੇ ਇਸ ਦੇ ਖ਼ਿਲਾਫ਼ ਮੋਰਚਾ ਲਾ ਦਿੱਤਾ। ਇਸ ਸਬੰਧ ਵਿਚ ਹੋਰ ਆਗੂਆਂ ਦੇ ਨਾਲ ਮਾਸਟਰ ਤਾਰਾ ਸਿੰਘ ਜੀ ਵੀ ਗ੍ਰਿਫ਼ਤਾਰ ਕੀਤੇ ਗਏ। ਇਹ ਮਾਸਟਰ ਜੀ ਦੀ ਪਹਿਲੀ ਗ੍ਰਿਫ਼ਤਾਰੀ ਸੀ। ਅਕਾਲੀ ਲਹਿਰ 1925 ਤਕ ਚਲਦੀ ਰਹੀ। ਇਸ ਦੌਰਾਨ ਕਈ ਮੋਰਚੇ ਲੱਗੇ। ਹਜ਼ਾਰਾਂ ਸਿੰਘ ਜੇਲ੍ਹਾਂ ਵਿਚ ਗਏ, ਸੈਂਕੜੇ ਸ਼ਹੀਦ ਹੋਏ। ਮੋਰਚਿਆਂ ਦੌਰਾਨ ਅੰਗਰੇਜ਼ ਸਰਕਾਰ ਨੇ 12 ਅਕਤੂਬਰ 1923 ਦੇ ਦਿਨ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਗ਼ੈਰ-ਕਾਨੂੰਨੀ ਕਰਾਰ ਦੇ ਦਿੱਤਾ ਅਤੇ ਨਾਲ ਹੀ ਸਾਰੇ ਸੀਨੀਅਰ ਅਕਾਲੀ ਆਗੂਆਂ ਨੂੰ ਗ੍ਰਿਫ਼ਤਾਰ ਕਰ ਲਿਆ। ਗ੍ਰਿਫ਼ਤਾਰ ਆਗੂਆਂ ਵਿਚ ਮਾਸਟਰ ਤਾਰਾ ਸਿੰਘ ਜੀ ਵੀ ਸਨ। ਸਾਰੇ ਅਕਾਲੀ ਆਗੂ 1925 ਤਕ ਜੇਲ੍ਹ ਵਿਚ ਰਹੇ। ਗੁਰਦੁਆਰਾ ਐਕਟ ਪਾਸ ਹੋਣ ਤੋਂ ਬਾਅਦ ਜਨਵਰੀ 1926 ਵਿਚ ਸਰਕਾਰ ਨੇ ਕੁਝ ਅਕਾਲੀ ਆਗੂ ਇਸ ਸ਼ਰਤ 'ਤੇ ਰਿਹਾ ਕਰ ਦਿਤੇ ਕਿ ਉਹ ਗੁਰਦੁਆਰਾ ਐਕਟ 'ਤੇ ਅਮਲ ਕਰਨਗੇ ਪਰ ਮਾਸਟਰ ਤਾਰਾ ਸਿੰਘ ਜੀ ਤੇ ਕੁਝ ਹੋਰ ਅਕਾਲੀ ਆਗੂਆਂ ਨੇ ਇਹ ਮਾਮੂਲੀ ਜਿਹੀ ਵੀ ਸ਼ਰਤ ਮੰਨ ਕੇ ਰਿਹਾ ਹੋਣ ਤੋਂ ਇਨਕਾਰ ਕਰ ਦਿੱਤਾ। ਇਸ ਦੌਰਾਨ ਜੇਲ੍ਹ ਵਿਚ ਹੀ ਸ: ਤੇਜਾ ਸਿੰਘ ਸਮੁੰਦਰੀ, ਜੋ ਰਿਹਾ ਨਾ ਹੋਣ ਵਾਲੇ ਗਰੁੱਪ ਦੇ ਆਗੂ ਸਨ, 17 ਜੁਲਾਈ 1926 ਦੇ ਦਿਨ ਚੜ੍ਹਾਈ ਕਰ ਗਏ। ਪਿੱਛੇ ਰਹਿ ਗਏ ਅਕਾਲੀ ਆਗੂਆਂ ਨੇ ਮਾਸਟਰ ਜੀ ਨੂੰ ਆਪਣਾ ਲੀਡਰ ਚੁਣ ਲਿਆ। ਮਾਸਟਰ ਜੀ ਸਤੰਬਰ 1926 ਵਿਚ ਰਿਹਾ ਹੋਏ ਇਸ ਤੋਂ ਬਾਅਦ ਦੀ ਅਕਾਲੀ ਸਿਆਸਤ ਅਤੇ ਸਿੱਖ ਸਿਆਸਤ ਮਾਸਟਰ ਜੀ ਦੇ ਦੁਆਲੇ ਹੀ ਘੁੰਮਦੀ ਹੈ।

ਗੁਰਦੁਆਰਾ ਐਕਟ ਬਣਨ ਮਗਰੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਕਟ ਮੁਤਾਬਿਕ "ਸੈਂਟਰਲ ਬੋਰਡ") ਦੀਆਂ ਚੋਣਾਂ 18 ਜੂਨ 1926 ਨੂੰ ਕਰਵਾਈਆਂ ਗਈਆਂ। ਸਰਦਾਰ ਬਹਾਦਰ ਮਹਿਤਾਬ ਸਿੰਘ ਨੇ ਕਿਸੇ ਕਾਨੂੰਨੀ ਨੁਕਤੇ ਦੀ ਬਿਨਾ ਤੇ ਮਾਸਟਰ ਤਾਰਾ ਸਿੰਘ ਅਤੇ ਸ: ਅਮਰ ਸਿੰਘ ਵਾਸੂ ਦੇ ਨਾਮਜ਼ਦਗੀ ਕਾਗ਼ਜ਼ ਰੱਦ ਕਰਵਾ ਦਿੱਤੇ। ਇਸ ਨਾਲ ਮਾਸਟਰ ਜੀ ਦੀ ਸੀਟ ਤੋਂ ਗਿਆਨੀ ਸ਼ੇਰ ਸਿੰਘ

Academy of the Punjab in North America: http://www.apnaorg.com

ਬਿਨਾ ਮੁਕਾਬਲਾ ਚੁਣੇ ਗਏ। ਸ: ਬ: ਮਹਿਤਾਬ ਸਿੰਘ ਧੜੇ ਦੇ ਤਿੰਨ ਹੋਰ ਉਮੀਦਵਾਰ ਵੀ ਬਿਨਾ ਮੁਕਾਬਲਾ ਚੁਣੇ ਗਏ। ਇਸ ਦੇ ਬਾਵਜੂਦ ਚੋਣਾਂ ਵਿਚ ਮਹਿਤਾਬ ਸਿੰਘ ਧੜੇ ਨੂੰ 120 ਸੀਟਾਂ ਵਿੱਚੋਂ ਸਿਰਫ਼ 26 ਸੀਟਾਂ ਹੀ ਮਿਲੀਆਂ। 'ਸੈਂਟਰਲ ਬੋਰਡ' ਦੀ ਪਹਿਲੀ ਮੀਟਿੰਗ 14 ਸਤੰਬਰ 1926 ਦੇ ਦਿਨ ਹੋਈ। ਅਕਾਲੀ ਦਲ ਦੇ ਸ: ਮੰਗਲ ਸਿੰਘ 82 ਵੋਟਾਂ ਲੈ ਕੇ ਸ: ਬ: ਮਹਿਤਾਬ ਸਿੰਘ ਗਰੁੱਪ ਦੇ ਸ: ਜੋਗਿੰਦਰ ਸਿੰਘ ਨੂੰ 29 ਵੋਟਾਂ 'ਤੇ ਹਰਾ ਕੇ 'ਸੈਂਟਰਲ ਬੋਰਡ' ਦੇ ਪ੍ਰਧਾਨ ਚੁਣੇ ਗਏ।

27 ਸਤੰਬਰ 1926 ਨੂੰ ਮਾਸਟਰ ਤਾਰਾ ਸਿੰਘ ਅਤੇ ਬਾਕੀ ਲੀਡਰ, ਜੋ ਲਾਹੌਰ ਕਿਲ੍ਹੇ ਵਿਚ ਨਜ਼ਰਬੰਦ ਸਨ, ਨੂੰ ਵੀ ਰਿਹਾ ਕਰ ਦਿੱਤਾ ਗਿਆ। 'ਸੈਂਟਰਲ ਬੋਰਡ' ਦੀ ਅਗਲੀ ਮੀਟਿੰਗ 2 ਅਕਤੂਬਰ 1926 ਦੇ ਦਿਨ ਹੋਈ। ਇਸ ਦਿਨ ਨਾਮਜ਼ਦ ਮੈਂਬਰ ਸ: ਹਜ਼ਾਰਾ ਸਿੰਘ ਜਾਮਾਰਾਏ ਨੇ ਅਸਤੀਫ਼ਾ ਦੇ ਕੇ ਮਾਸਟਰ ਤਾਰਾ ਸਿੰਘ ਵਾਸਤੇ ਆਪਣੀ ਸੀਟ ਖ਼ਾਲੀ ਕਰ ਦਿੱਤੀ। ਇਸ ਮਗਰੋਂ ਪ੍ਰਧਾਨ ਦੀ ਚੋਣ ਹੋਈ। ਬਾਬਾ ਖੜਕ ਸਿੰਘ ਪ੍ਰਧਾਨ ਅਤੇ ਮਾਸਟਰ ਤਾਰਾ ਸਿੰਘ ਮੀਤ ਪ੍ਰਧਾਨ ਚੁਣੇ ਗਏ। ਇਸੇ ਦਿਨ 'ਸੈਂਟਰਲ ਬੋਰਡ' ਨੇ ਇਕ ਮਤੇ ਰਾਹੀਂ ਆਪਣਾ ਨਾਂ 'ਸੈਂਟਰਲ ਬੋਰਡ' ਤੋਂ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਰੱਖ ਲਿਆ। ਸਰਕਾਰ ਨੇ 17 ਫਰਵਰੀ 1927 ਦੇ ਦਿਨ ਇਹ ਨਾਂ ਮਨਜ਼ੂਰ ਕਰ ਲਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉੱਤੇ ਮਾਸਟਰ ਤਾਰਾ ਸਿੰਘ ਦੀ ਅਗਵਾਈ ਵਾਲੇ ਗਰੁੱਪ ਦੇ ਕਾਬਜ਼ ਹੋਣ ਨਾਲ ਸਿੱਖ ਸਿਆਸਤ ਵਿਚ ਬੜਾ ਵੱਡਾ ਇਨਕਲਾਬ ਆਇਆ। 1919 ਵਿਚ ਬਣੀ ਸਿੱਖ ਲੀਗ, ਜੋ 1920 ਦੇ ਅਖ਼ੀਰ ਵਿਚ ਆਪਣੀ ਥਾਂ ਸਿੱਖਾਂ ਵਿੱਚੋਂ ਗਵਾ ਚੁੱਕੀ ਸੀ, ਦੀ ਥਾਂ ਅਕਾਲੀ ਦਲ ਨੇ ਲੈ ਲਈ। 1920 ਤੋਂ 1925 ਤੱਕ ਗੁਰਦੁਆਰਾ ਸੁਧਾਰ ਲਹਿਰ ਚਲਦੀ ਰਹੀ। ਇਸ ਦੌਰਾਨ ਸਿੱਖਾਂ ਦੀ ਸਿਆਸੀ ਕਾਰਵਾਈ ਗੁਰਦੁਆਰਾ ਸੁਧਾਰ ਤਕ ਹੀ ਮਹਿਦੂਦ ਰਹੀ 1926 ਤੋਂ ਮਗਰੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਕਾਬਜ਼ ਅਕਾਲੀ ਗਰੁੱਪ ਸਿਆਸੀ ਤੌਰ 'ਤੇ ਵੀ ਜਥੇਬੰਦ ਹੋਣ ਲੱਗ ਪਿਆ।

1927 ਵਿਚ ਸਿੱਖ ਸਿਆਸਤ ਦੀ ਅਗਵਾਈ ਸ਼੍ਰੋਮਣੀ ਅਕਾਲੀ ਦਲ ਨੇ ਸੰਭਾਲ ਲਈ। ਇਸ ਵੇਲੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਾਬਾ ਖੜਕ ਸਿੰਘ ਸਨ, ਕਿਉਂਕਿ ਉਹ ਜੇਲ੍ਹ ਵਿਚ ਸਨ ਇਸ ਕਰ ਕੇ ਸਿੱਖ ਕੌਮ ਦੀ ਵਾਗਡੋਰ ਮਾਸਟਰ ਤਾਰਾ ਸਿੰਘ ਦੇ ਹੱਥ ਵਿਚ ਹੀ ਸੀ।

ਮਾਸਟਰ ਜੀ 1927 ਤੋਂ 1967 ਤੱਕ ਸਿੱਖ ਕੌਮ ਦੇ ਸਭ ਤੋਂ ਵੱਧ ਮਕਬੂਲ ਆਗੂ ਰਹੇ। 1928 ਵਿਚ ਜਦੋਂ ਸਾਈਮਨ ਕਮਿਸ਼ਨ ਭਾਰਤ ਆਇਆ ਤਾਂ ਉਸ ਦੇ ਖ਼ਿਲਾਫ਼ ਮੁਜ਼ਾਹਰੇ ਕਰਨ ਵਾਲਿਆਂ ਵਿਚ ਮਾਸਟਰ ਤਾਰਾ ਸਿੰਘ ਸਭ ਤੋਂ ਅੱਗੇ ਸਨ। ਉਸ ਵਕਤ ਪੰਜਾਬ ਦੀ ਸਾਰੀ ਸਿਆਸੀ ਕਾਰਵਾਈ ਵਧੇਰੇ ਕਰ ਕੇ ਸਿੱਖ ਹੀ ਚਲਾ ਰਹੇ ਸਨ। ਪਰ 1928 ਵਿਚ, ਜਦੋਂ ਮੋਤੀ ਲਾਲ ਨਹਿਰੂ ਦੀ ਅਗਵਾਈ ਵਾਲੀ ਕਮੇਟੀ ਦੇ ਪਾਰਲੀਮੈਂਟ ਅਤੇ ਅਸੈਂਬਲੀਆਂ ਦੀਆਂ ਚੋਣਾਂ ਵਿਚ ਵੱਖ ਵੱਖ ਫ਼ਿਰਕਿਆਂ ਵਾਸਤੇ ਸੀਟਾਂ ਦੀ ਵੰਡ ਦਾ ਫ਼ੈਸਲਾ ਕਰਨ ਵਾਸਤੇ ਰਿਪੋਰਟ ਪੇਸ਼ ਕੀਤੀ, ਤਾਂ ਉਸ ਵਿਚ ਸਿੱਖਾਂ ਨਾਲ ਜ਼ਿਆਦਤੀ

Academy of the Punjab in North America: http://www.apnaorg.com

ਹੋਈ। ਇਸ ਨਾਲ ਪੰਜਾਬ ਦੀ ਸਿਆਸਤ ਵਿਚ ਇਕ ਨਵਾਂ ਧਮਾਕਾ ਹੋਇਆ। ਮਾਸਟਰ ਤਾਰਾ ਸਿੰਘ ਦੀ ਅਗਵਾਈ ਹੇਠ ਅਕਾਲੀ ਦਲ ਤੇ ਹੋਰ ਸਿੱਖ ਜਥੇਬੰਦੀਆਂ ਨੇ ਨਹਿਰੂ ਰਿਪੋਰਟ ਦੀ ਜ਼ਬਰਦਸਤ ਮੁਖ਼ਾਲਫ਼ਤ ਕੀਤੀ। ਮਾਸਟਰ ਤਾਰਾ ਸਿੰਘ ਉਸ ਵੇਲੇ ਕਾਂਗਰਸ ਪਾਰਟੀ ਦੇ ਵੱਡੇ ਹਮਦਰਦ ਗਿਣੇ ਜਾਂਦੇ ਸਨ ਤੇ ਉਹੀ ਮੋਤੀ ਲਾਲ ਨਹਿਰੂ ਰਿਪੋਰਟ ਦੇ ਸਭ ਤੋਂ ਵੱਧ ਖ਼ਿਲਾਫ਼ ਸਨ। 1928 ਦਾ ਸਾਰਾ ਸਾਲ ਨਹਿਰੂ ਰਿਪੋਰਟ ਵਿਚ ਸਿੱਖਾਂ ਨਾਲ ਕੀਤੇ ਧੱਕੇ ਦੇ ਖ਼ਿਲਾਫ਼ ਸਰਗਰਮੀਆਂ ਚਲਦੀਆਂ ਰਹੀਆਂ। ਦਸੰਬਰ 1928 ਵਿਚ ਕਲਕੱਤੇ ਵਿਚ ਹੋਈ ਆਲ ਪਾਰਟੀ ਕਨਵੈਨਸ਼ਨ ਵੀ ਜਦੋਂ ਸਿੱਖਾਂ ਨੂੰ ਇਨਸਾਫ਼ ਨਾ ਦੇ ਸਕੀ ਤਾਂ ਅਕਾਲੀ ਆਗੂਆਂ ਨੇ ਕਾਂਗਰਸ ਨਾਲੋਂ ਸਬੰਧ ਤੋੜ ਲੈਣ ਦਾ ਐਲਾਨ ਕਰ ਦਿੱਤਾ। 1929 ਦੇ ਆਖ਼ਰੀ ਦਿਨਾਂ ਵਿਚ ਕਾਂਗਰਸ ਪਾਰਟੀ ਨੇ ਆਪਣਾ ਇਜਲਾਸ ਲਾਹੌਰ ਵਿਚ ਰੱਖ ਲਿਆ। ਉਨ੍ਹਾਂ ਦਿਨਾਂ ਵਿਚ ਹੀ ਸ਼੍ਰੋਮਣੀ ਅਕਾਲੀ ਦਲ ਨੇ ਵੀ ਆਪਣੀ ਕਾਨਫ਼ਰੰਸ ਲਾਹੌਰ ਵਿਚ ਹੀ ਰੱਖ ਲਈ। ਕਾਂਗਰਸ ਦੇ ਮੁਕਾਬਲੇ ਵਿਚ ਅਕਾਲੀ ਕਾਨਫ਼ਰੰਸ ਵਿਚ ਕਈ ਗੁਣਾ ਜ਼ਿਆਦਾ ਲੋਕ ਸ਼ਾਮਲ ਹੋਏ। ਇਸ ਇਕੱਠ ਨੂੰ ਵੇਖ ਕੇ ਮੋਤੀ ਲਾਲ ਨਹਿਰੂ ਅਤੇ ਗਾਂਧੀ ਘਬਰਾ ਗਏ। ਮੋਤੀ ਲਾਲ, ਗਾਂਧੀ ਤੇ ਕਈ ਹੋਰ ਹਿੰਦੂ ਆਗੂ ਅਕਾਲੀ ਦਲ ਦੇ ਦਫ਼ਤਰ ਪੁੱਜੇ ਅਤੇ ਉਨ੍ਹਾਂ ਨੇ ਅਕਾਲੀਆਂ ਨਾਲ ਸਮਝੌਤਾ ਕਰ ਲਿਆ। ਕਾਂਗਰਸ ਪਾਰਟੀ ਨੇ ਸਿੱਖਾਂ ਨੂੰ ਯਕੀਨ ਦਿਵਾਇਆ ਕਿ ਕਾਂਗਰਸ ਅੱਗੇ ਤੋਂ ਕੋਈ ਐਸਾ ਫ਼ੈਸਲਾ ਨਹੀਂ ਕਰੇਗੀ ਜਿਹੜਾ ਸਿੱਖਾਂ ਨੂੰ ਮਨਜ਼ੂਰ ਨਾ ਹੋਵੇ।

1930 ਵਿਚ ਕਾਂਗਰਸ ਨੇ ਸਿਵਲ ਨਾ-ਫੁਰਮਾਨੀ ਲਹਿਰ ਚਲਾਈ। ਇਸ ਲਹਿਰ ਦੌਰਾਨ ਪਿਸ਼ਾਵਰ ਵਿਚ ਇਕ ਜਲੂਸ ਨਿਕਲਿਆ। ਜਲੂਸ ਵਾਲੇ ਦਿਨ ਪੁਲਿਸ ਨੇ ਪਿਸ਼ਾਵਰ ਦੇ ਇਕ ਬਜ਼ਾਰ ਵਿਚ ਟਾਂਗੇ ਵਿਚ ਜਾ ਰਹੇ ਇਕ ਬੇਗੁਨਾਹ ਸਿੱਖ ਪਰਿਵਾਰ ਨੂੰ ਗੋਲੀ ਮਾਰ ਕੇ ਮਾਰ ਦਿੱਤਾ। ਪਿਸ਼ਾਵਰ ਦੇ ਪਠਾਣਾਂ ਨੇ ਪੁਲਿਸ ਵੱਲੋਂ ਮਾਰੇ ਗਏ ਸਿੱਖਾਂ ਦੀਆਂ ਲਾਸ਼ਾਂ ਦਾ ਜਲੂਸ ਕੱਢਿਆ। ਪੁਲਿਸ ਨੇ ਇਸ ਜਲੂਸ 'ਤੇ ਗੋਲੀਆਂ ਚਲਾਈਆਂ ਅਤੇ ਕਈ ਪਠਾਣ ਮਾਰ ਦਿਤੇ। ਜਦੋਂ ਇਸ ਦੀ ਖ਼ਬਰ ਅੰਮ੍ਰਿਤਸਰ ਪੁੱਜੀ ਤਾਂ ਮਾਸਟਰ ਤਾਰਾ ਸਿੰਘ ਨੇ ਪਠਾਣਾਂ ਦੀ ਹਮਦਰਦੀ ਵਿਚ ਇਕ ਜਥਾ ਪਿਸ਼ਾਵਰ ਲੈ ਕੇ ਜਾਣ ਦਾ ਐਲਾਨ ਕਰ ਦਿੱਤਾ। ਇਹ ਜਥਾ 10 ਮਈ 1930 ਦੇ ਦਿਨ ਅਕਾਲ ਤਖ਼ਤ ਸਾਹਿਬ ਤੋਂ ਅਰਦਾਸ ਕਰ ਕੇ ਟੁਰਿਆ। ਪਿਸ਼ਾਵਰ ਜਾਂਦਿਆਂ ਰਸਤੇ ਵਿਚ ਜੇਹਲਮ ਦੇ ਨੇੜੇ ਦੀਨਾ ਪਿੰਡ ਕੋਲ ਪੁਲਿਸ ਨੇ ਜਥੇ ਨੂੰ ਰੋਕ ਕੇ ਮਾਸਟਰ ਜੀ ਨੂੰ ਗ੍ਰਿਫ਼ਤਾਰ ਕਰ ਲਿਆ। ਮਾਸਟਰ ਜੀ ਦੇ ਇਸ ਕਦਮ ਨੇ ਸਿੱਖਾਂ ਅਤੇ ਪਠਾਣਾਂ ਵਿਚਕਾਰ ਸੌ ਸਾਲ ਪੁਰਾਣੀ ਨਫ਼ਰਤ ਖ਼ਤਮ ਕਰਨ ਵਿਚ ਰੋਲ ਅਦਾ ਕੀਤਾ।

1930 ਵਿਚ ਬਰਤਾਨਵੀ ਸਰਕਾਰ ਨੇ ਭਾਰਤੀਆਂ ਦੇ ਮਸਲਿਆਂ 'ਤੇ ਵਿਚਾਰ ਕਰਨ ਵਾਸਤੇ ਲੰਡਨ ਵਿਚ ਇਕ 'ਰਾਊਂਡ ਟੇਬਲ' ਕਾਨਫ਼ਰੰਸ ਬੁਲਾਈ। ਕਾਂਗਰਸ ਪਾਰਟੀ ਅਤੇ ਅਕਾਲੀ ਦਲ ਨੇ ਇਸ ਕਾਨਫ਼ਰੰਸ ਦਾ ਬਾਈਕਾਟ ਕਰਨ ਦਾ ਐਲਾਨ ਕਰ ਦਿੱਤਾ। ਬਰਤਾਨਵੀ ਸਰਕਾਰ ਨੇ ਮਾਸਟਰ ਜੀ ਦੇ ਨਾਂ ਵਾਲੇ, ਪਟਿਆਲਾ ਹਾਈ ਕੋਰਟ ਦੇ ਇਕ ਜੱਜ, ਤਾਰਾ ਸਿੰਘ ਨੂੰ ਲੰਡਨ ਲਿਜਾ ਕੇ ਸਿੱਖਾਂ ਦੀ ਨੁਮਾਇੰਦਗੀ

Academy of the Punjab in North America: http://www.apnaorg.com

ਕਰਵਾਉਣ ਦੀ ਕੋਸ਼ਿਸ਼ ਕੀਤੀ। ਮਾਰਚ 1931 ਵਿਚ ਗਾਂਧੀ ਅਤੇ ਅੰਗਰੇਜ਼ਾਂ ਵਿਚ ਸਮਝੌਤਾ ਹੋ ਗਿਆ। ਇਸ ਮਗਰੋਂ ਇਕ ਹੋਰ ਗੋਲਮੇਜ਼ ਕਾਨਫ਼ਰੰਸ ਕਰਨ ਦਾ ਐਲਾਨ ਕੀਤਾ ਗਿਆ। ਸਿੱਖਾਂ ਵੱਲੋਂ ਮਾਸਟਰ ਤਾਰਾ ਸਿੰਘ ਨੂੰ ਇਸ ਕਾਨਫ਼ਰੰਸ ਵਿਚ ਨੁਮਾਇੰਦਾ ਬਣਾਇਆ ਗਿਆ।

1932 ਵਿਚ ਬਰਤਾਨਵੀ ਸਰਕਾਰ ਨੇ ਲੈਜਿਸਲੇਟਿਵ ਕੌਂਸਲਾਂ ਵਿਚ ਵੱਖ-ਵੱਖ ਕੌਮਾਂ ਦੀਆਂ ਸੀਟਾਂ ਦਾ ਫ਼ੈਸਲਾ ਕਰਨ ਵਾਸਤੇ ਇਕ ਐਲਾਨ ਜਾਰੀ ਕੀਤਾ (ਜਿਸ ਨੂੰ ਮਗਰੋਂ "ਫ਼ਿਰਕੂ ਫ਼ੈਸਲੇ" ਦੇ ਤੌਰ 'ਤੇ ਜਾਣਿਆ ਗਿਆ) ਇਸ 'ਫਿਰਕੂ ਫ਼ੈਸਲੇ' ਵਿਚ ਸਿੱਖ ਹੱਕਾਂ ਨੂੰ ਨਜ਼ਰ-ਅੰਦਾਜ਼ ਕੀਤਾ ਗਿਆ ਸੀ। ਸਿੱਖਾਂ ਨੇ ਇਸ 'ਫ਼ੈਸਲੇ' ਦੀ ਜ਼ਬਰਦਸਤ ਮੁਖ਼ਾਲਫ਼ਤ ਕੀਤੀ। ਇਸ ਮੁਹਿੰਮ ਦੀ ਅਗਵਾਈ ਮਾਸਟਰ ਤਾਰਾ ਸਿੰਘ ਨੇ ਕੀਤੀ ਪਰ, ਸਿੱਖ ਇਸ "ਫ਼ੈਸਲੇ" ਵਿਚ ਕੋਈ ਤਬਦੀਲੀ ਨਾ ਲਿਆ ਸਕੇ। ਇਸ ਮਗਰੋਂ ਅਕਾਲੀ ਦਲ ਵਿਚ ਜ਼ਬਰਦਸਤ ਫੁੱਟ ਪੈ ਗਈ। ਸਿੱਖਾਂ ਦੇ ਵੱਖ-ਵੱਖ ਧੜੇ ਇਕ ਦੂਜੇ ਦੇ ਖ਼ਿਲਾਫ਼ ਪ੍ਰਾਪੇਗੰਡਾ ਕਰਨ ਲੱਗ ਪਏ। ਇਸ ਹਾਲਤ ਨੂੰ ਸਾਹਮਣੇ ਰੱਖ ਕੇ ਕੁਝ ਸਿੱਖ ਆਗੂਆਂ ਨੇ "ਗੁਰਸੇਵਕ ਸਭਾ" ਨਾਂ ਦੀ ਜਥੇਬੰਦੀ ਬਣਾ ਲਈ। "ਗੁਰਸੇਵਕ ਸਭਾ" ਨੇ ਵੱਖ-ਵੱਖ ਧੜਿਆਂ ਵਿਚ ਏਕਤਾ ਕਰਵਾਉਣ ਦੀ ਸੰਜੀਦਾ ਕੋਸ਼ਿਸ਼ ਕੀਤੀ ਪਰ ਬਹੁਤੀ ਕਾਮਯਾਬੀ ਹਾਸਿਲ ਨਾ ਕਰ ਸਕੇ। 1935 ਵਿਚ ਬਾਬਾ ਵਿਸਾਖਾ ਸਿੰਘ ਦਦੇਹਰ ਨੇ ਸਾਲਸੀ ਕਰਨ ਦੀ ਕੋਸ਼ਿਸ਼ ਕੀਤੀ ਪਰ ਇਸ ਕੋਸ਼ਿਸ਼ ਦੇ ਰਾਹ ਵਿਚ ਵੀ ਰੁਕਾਵਟਾਂ ਖੜ੍ਹੀਆਂ ਹੋ ਗਈਆਂ। 1936 ਵਿਚ ਗੁਰਦੁਆਰਾ ਚੋਣਾਂ ਹੋਣ ਵਾਲੀਆਂ ਸਨ। ਦੋਹਾਂ ਮੁੱਖ ਧੜਿਆਂ ਨੇ ਬਾਬਾ ਵਿਸਾਖਾ ਸਿੰਘ ਅਤੇ ਬਾਬਾ ਸੋਹਨ ਸਿੰਘ ਭਕਨਾ ਨੂੰ ਹੱਕ ਦੇ ਦਿੱਤਾ ਕਿ ਆਉਣ ਵਾਲੀਆਂ ਚੋਣਾਂ ਵਿਚ ਉਮੀਦਵਾਰਾਂ ਦਾ ਐਲਾਨ ਕਰਨ। ਬਾਬਾ ਜੀ ਨੇ ਦੋਹਾਂ ਧੜਿਆਂ ਦੇ ਜਿਨ੍ਹਾਂ ਦੋ ਦਰਜਨ ਆਗੂਆਂ ਨੂੰ ਟਿਕਟਾਂ ਨਾ ਦਿੱਤੀਆਂ, ਉਨ੍ਹਾਂ ਵਿਚ ਮਾਸਟਰ ਤਾਰਾ ਸਿੰਘ ਜੀ ਵੀ ਸ਼ਾਮਿਲ ਸਨ। ਚੋਣਾਂ ਮਗਰੋਂ ਮਾਸਟਰ ਜੀ ਨੂੰ ਨਾਮਜ਼ਦ ਮੈਂਬਰ ਵਜੋਂ ਚੁਣ ਲਿਆ ਗਿਆ। ਮਾਸਟਰ ਜੀ ਫੇਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਚੁਣੇ ਗਏ।

ਇਸੇ ਦੌਰਾਨ ਗੁਰਦੁਆਰਾ ਸ਼ਹੀਦ-ਗੰਜ ਦਾ ਮਸਲਾ ਵੀ ਉਠ ਪਿਆ। ਮੁਸਲਮਾਨ ਗੁਰਦੁਆਰਾ ਸ਼ਹੀਦ-ਗੰਜ ਨੂੰ ਮਸਜਿਦ ਕਰਾਰ ਦਿਵਾ ਕੇ ਉਸ ਉੱਤੇ ਕਬਜ਼ਾ ਕਰਨਾ ਚਾਹੁੰਦੇ ਸਨ ਪਰ ਸ਼੍ਰੋਮਣੀ ਅਕਾਲੀ ਦਲ ਅਤੇ ਬਾਕੀ ਸਿੱਖ ਜਥੇਬੰਦੀਆਂ ਨੇ ਮੁਸਲਮਾਨਾਂ ਦੀ ਇਹ ਚਾਲ ਕਾਮਯਾਬ ਨਾ ਹੋਣ ਦਿੱਤੀ। ਜਦੋਂ ਮੁਸਲਮਾਨਾਂ ਨੇ ਇਸ ਸਵਾਲ 'ਤੇ ਐਜੀਟੇਸ਼ਨ ਸ਼ੁਰੂ ਕੀਤੀ ਤਾਂ ਅਕਾਲੀ ਦਲ ਨੇ ਵੀ ਇਸ ਦੇ ਮੁਕਾਬਲੇ 'ਤੇ ਐਜੀਟੇਸ਼ਨ ਕਰਨ ਦਾ ਐਲਾਨ ਕਰ ਦਿੱਤਾ। ਇਸ ਦੌਰਾਨ ਸਰਕਾਰ ਨੇ "ਕਿਰਪਾਨ" 'ਤੇ ਪਾਬੰਦੀ ਲਾ ਦਿੱਤੀ। ਸਿੱਖਾਂ ਨੇ ਮਾਸਟਰ ਤਾਰਾ ਸਿੰਘ ਦੀ ਅਗਵਾਈ ਹੇਠ ਕਿਰਪਾਨ 'ਤੇ ਪਾਬੰਦੀ ਦੇ ਖ਼ਿਲਾਫ਼ ਮੋਰਚਾ ਲਾ ਦਿੱਤਾ। ਅਖ਼ੀਰ ਇਕ ਮਹੀਨੇ ਮਗਰੋਂ ਇਹ ਮੋਰਚਾ ਜਿੱਤਿਆ ਗਿਆ।

ਇਨ੍ਹਾਂ ਦਿਨਾਂ ਵਿਚ ਭਾਰਤੀਆਂ ਨੂੰ ਵਧੇਰੇ ਸਿਆਸੀ ਹੱਕ ਦੇਣ ਵਾਸਤੇ ਚਰਚਾ ਸ਼ੁਰੂ

Academy of the Punjab in North America: http://www.apnaorg.com

ਹੋ ਗਈ। ਇਸ ਸਬੰਧ ਵਿਚ ਬਰਤਾਨੀਆਂ ਤੋਂ ਸਰ ਸਟੈਫ਼ਰਡ ਕਰਿਪਸ ਨਾਂ ਦਾ ਵਜ਼ੀਰ ਆਪਣੇ ਸਾਥੀਆਂ ਨਾਲ ਭਾਰਤ ਪੁੱਜਿਆ ਅਤੇ ਸਾਰੀਆਂ ਵੱਖ-ਵੱਖ ਪਾਰਟੀਆਂ ਦੇ ਆਗੂਆਂ ਨਾਲ ਮੁਲਾਕਾਤਾਂ ਕੀਤੀਆਂ। ਉਹ ਮਾਸਟਰ ਜੀ ਅਤੇ ਹੋਰ ਸਿੱਖ ਆਗੂਆਂ ਨੂੰ ਵੀ ਮਿਲਿਆ। ਮਾਸਟਰ ਜੀ ਨੇ ਸਿੱਖਾਂ ਦੇ ਹੱਕਾਂ ਦੇ ਕੇਸ ਨੂੰ ਬੜੀ ਸੂਝ ਨਾਲ ਪੇਸ਼ ਕੀਤਾ। ਕਰਿਪਸ ਮਿਸ਼ਨ ਭਾਵੇਂ ਕੋਈ ਵਧੀਆ ਫੈਸਲਾ ਨਾ ਦੇ ਸਕਿਆ ਪਰ ਇਸ ਤੋਂ ਇਹ ਭਾਸਣ ਲੱਗ ਪਿਆ ਸੀ ਕਿ ਕਿਸੇ ਵੇਲੇ ਬਰਤਾਨੀਆਂ ਭਾਰਤ ਨੂੰ ਆਜ਼ਾਦ ਕਰ ਦੇਵੇਗਾ। ਇਸ ਗੱਲ ਨੂੰ ਭਾਂਪਦਿਆਂ ਮਾਸਟਰ ਜੀ ਨੇ "ਆਜ਼ਾਦ ਪੰਜਾਬ" ਦਾ ਨਾਅਰਾ ਲਾਇਆ। "ਆਜ਼ਾਦ ਪੰਜਾਬ" ਦਾ ਮਤਲਬ ਇਹ ਸੀ ਕਿ ਪੰਜਾਬ ਵਿਚਲੇ ਕੁਝ ਜ਼ਿਲ੍ਹੇ ਵੱਖਰੇ ਕਰ ਕੇ ਇਸ ਨੂੰ ਇਕ ਆਜ਼ਾਦ ਸੂਬਾ ਬਣਾ ਦਿੱਤਾ ਜਾਵੇ। ਇਸ ਨਵੇਂ ਸੂਬੇ ਵਿਚ 40 ਫ਼ੀਸਦੀ ਮੁਸਲਮਾਨ, 40 ਫ਼ੀਸਦੀ ਹਿੰਦੂ ਅਤੇ 20 ਫ਼ੀਸਦੀ ਸਿੱਖ ਹੋਣੇ ਸਨ। ਇਸ ਤੋਂ ਮਾਸਟਰ ਜੀ ਦਾ ਮਕਸਦ ਇਹੀ ਸੀ ਕਿ ਪਾਸਕੂ ਹਮੇਸ਼ਾਂ ਸਿੱਖਾਂ ਦਾ ਹੋਵੇਗਾ ਅਤੇ ਹਿੰਦੂ ਜਾਂ ਮੁਸਲਮਾਨ ਸਿੱਖਾਂ ਨਾਲ ਜ਼ਿਆਦਤੀ ਨਹੀਂ ਕਰ ਸਕਣਗੇ। ਮਾਸਟਰ ਜੀ ਦੀ ਇਹ ਸਕੀਮ ਸਿੱਖ ਕੌਮ ਦੇ ਭਲੇ ਵਿਚ ਸੀ। ਇਸ ਦੀ ਮੁਖ਼ਾਲਫ਼ਤ ਮੁਸਲਮਾਨਾਂ ਨੇ ਤਾਂ ਕਰਨੀ ਹੀ ਸੀ ਪਰ ਕੁਝ ਸਿੱਖਾਂ ਨੇ ਵੀ ਇਸ ਦੀ ਬਹੁਤ ਮੁਖ਼ਾਲਫਤ ਕੀਤੀ। ਇਸ ਦਾ ਨਤੀਜਾ ਇਹ ਹੋਇਆ ਕਿ ਸਿੱਖਾਂ ਵਿਚ ਬੜੀ ਜ਼ਬਰਦਸਤ ਫੁੱਟ ਪੈ ਗਈ, ਜਿਸ ਨਾਲ ਅਕਾਲੀ ਦਲ ਅਤੇ ਸਮੁੱਚੀ ਕੌਮ ਦਾ ਬੜਾ ਨੁਕਸਾਨ ਹੋਇਆ। ਭਾਵੇਂ ਆਜ਼ਾਦ ਪੰਜਾਬ ਸਕੀਮ ਕਾਮਯਾਬ ਨਾ ਹੋਈ ਪਰ ਇਹ ਯਕੀਨੀ ਹੋ ਗਿਆ ਸੀ ਕਿ ਸਿੱਖਾਂ ਦਾ ਮਸਲਾ ਹੱਲ ਕੀਤੇ ਬਿਨਾਂ ਭਾਰਤ ਦੇ ਭਵਿੱਖ ਬਾਰੇ ਕੋਈ ਫ਼ੈਸਲਾ ਨਹੀਂ ਕੀਤਾ ਜਾ ਸਕੇਗਾ।

1946 ਵਿਚ ਬਰਤਾਨਵੀ ਸਰਕਾਰ ਨੇ ਭਾਰਤ ਨੂੰ ਆਜ਼ਾਦੀ ਦੇਣ ਦੀਆਂ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ। ਇਸ ਸਬੰਧ ਵਿਚ ਵੱਖ-ਵੱਖ ਪਾਰਟੀਆਂ ਦੀਆਂ ਕਈ ਮੀਟਿੰਗਾਂ ਹੋਣੀਆਂ ਸ਼ੁਰੂ ਹੋ ਗਈਆਂ। ਇਨ੍ਹੀਂ ਦਿਨੀਂ ਸਰਕਾਰ ਵੱਲੋਂ ਇਕ ਸਾਂਝੀ ਮੀਟਿੰਗ ਸ਼ਿਮਲੇ ਵਿਚ ਵੀ ਕਰਨ ਦਾ ਐਲਾਨ ਕੀਤਾ ਗਿਆ। ਇਸ "ਸ਼ਿਮਲਾ ਕਾਨਫ਼ਰੰਸ" ਵਿਚ ਸਿੱਖਾਂ ਦੀ ਨੁਮਾਇੰਦਗੀ ਕਰਨ ਵਾਸਤੇ ਮਾਸਟਰ ਤਾਰਾ ਸਿੰਘ ਜੀ ਨੂੰ ਚੁਣਿਆ ਗਿਆ।

ਭਾਵੇਂ ਸਾਰੀਆਂ ਪਾਰਟੀਆਂ ਆਪਸ ਵਿਚ ਮਿਲ ਕੇ ਕੋਈ ਫ਼ੈਸਲਾ ਨਾ ਕਰ ਸਕੀਆਂ ਪਰ ਬਰਤਾਨਵੀ ਸਰਕਾਰ ਨੇ ਹਿੰਦੂਸਤਾਨ ਨੂੰ ਦੋ ਹਿੱਸਿਆਂ ਵਿਚ ਵੰਡ ਕੇ ਭਾਰਤ ਛੱਡ ਜਾਣ ਦਾ ਫ਼ੈਸਲਾ ਕਰ ਲਿਆ। ਇਸ ਫ਼ੈਸਲੇ ਵਿਚ ਸਿੱਖਾਂ ਵਾਸਤੇ ਕੋਈ ਜਗ੍ਹਾ ਨਹੀਂ ਸੀ। ਸਿੱਖਾਂ ਦੀ ਅੱਧੀ ਆਬਾਦੀ ਹਿੰਦੂਸਤਾਨ ਵਿਚ ਅਤੇ ਅੱਧੀ ਪਾਕਿਸਤਾਨ ਵਿਚ ਰਹਿ ਜਾਂਦੀ ਸੀ। ਮਾਸਟਰ ਜੀ ਨੇ ਇਸ ਦੀ ਜ਼ਬਰਦਸਤ ਮੁਖ਼ਾਲਫ਼ਤ ਕੀਤੀ। ਇਸ ਸਬੰਧ ਵਿਚ ਇਕ "ਕੌਂਸਲ ਆਫ਼ ਐਕਸ਼ਨ" ਬਣਾਈ ਗਈ, ਜਿਸ ਵਿਚ ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਆਗੂ ਸ਼ਾਮਿਲ ਕੀਤੇ ਗਏ ਸਨ। ਇਸ ਮੌਕੇ 'ਤੇ ਕਾਂਗਰਸ ਪਾਰਟੀ ਨੇ ਸਿੱਖਾਂ ਨੂੰ ਲਾਲਚ ਦੇਣੇ ਸ਼ੁਰੂ ਕਰ ਦਿਤੇ ਅਤੇ ਵਾਇਦਾ ਕੀਤਾ ਕਿ ਜੇ ਸਿੱਖ ਭਾਰਤ ਨਾਲ ਰਹਿਣਾ ਮਨਜ਼ੂਰ ਕਰਨਗੇ ਤਾਂ ਉਨ੍ਹਾਂ ਨੂੰ "ਭਾਰਤ ਦੇ ਉਤਰ ਵਿਚ ਇਕ ਅਜਿਹਾ

Academy of the Punjab in North America: http://www.apnaorg.com

ਇਲਾਕਾ ਦਿੱਤਾ ਜਾਵੇਗਾ, ਜਿਸ ਵਿਚ ਸਿੱਖ ਆਜ਼ਾਦੀ ਦਾ ਨਿੱਘ ਮਾਣ ਸਕਣਗੇ।"

15 ਅਗਸਤ 1947 ਨੂੰ ਭਾਰਤ ਆਜ਼ਾਦ ਹੋ ਗਿਆ। ਅਜ਼ਾਦੀ ਤੋਂ ਪੌਣੇ ਦੋ ਮਹੀਨੇ ਬਾਅਦ ਪੰਜਾਬ ਦੇ ਗਵਰਨਰ ਨੇ ਇਕ ਸਰਕੂਲਰ ਜਾਰੀ ਕਰ ਕੇ ਸਿੱਖਾਂ ਨੂੰ "ਜਰਾਇਮ ਪੇਸ਼ਾ" ਕਰਾਰ ਦੇ ਦਿੱਤਾ। ਜਦੋਂ ਇਸ ਸਰਕੂਲਰ ਦਾ ਪਤਾ ਮਾਸਟਰ ਤਾਰਾ ਸਿੰਘ ਜੀ ਨੂੰ ਲੱਗਾ ਤਾਂ ਉਨ੍ਹਾਂ ਨੇ ਇਸ ਦੇ ਖ਼ਿਲਾਫ਼ ਬਹੁਤ ਰੌਲਾ ਪਾਇਆ।

ਇਹ ਸਾਰਾ ਕੁਝ ਵੇਖ ਕੇ ਮਾਸਟਰ ਜੀ ਨੇ ਭਾਂਪ ਲਿਆ ਸੀ ਕਿ ਭਾਰਤ ਦੇ ਹਿੰਦੂ ਆਗੂ ਸਿੱਖਾਂ ਦਾ ਵਜੂਦ ਤੇ ਪਛਾਣ ਖ਼ਤਮ ਕਰਨਾ ਚਾਹੁੰਦੇ ਸਨ। ਮਾਸਟਰ ਜੀ ਨੇ ਸਿੱਖੀ ਨੂੰ ਬਚਾਉਣ ਲਈ ਜਦੋਜਹਿਦ ਕਰਨ ਦਾ ਤਹੱਈਆ ਕਰ ਲਿਆ। ਇਸ ਮਕਸਦ ਵਾਸਤੇ ਉਨ੍ਹਾਂ ਨੇ ਸਭ ਤੋਂ ਪਹਿਲਾ ਕਦਮ ਦਿੱਲੀ ਵਿਚ ਇਕ ਕਾਨਫ਼ਰੰਸ ਕਰਨ ਦਾ ਸੋਚਿਆ। ਉਨ੍ਹਾਂ ਨੇ 20 ਫਰਵਰੀ 1949 ਦੇ ਦਿਨ ਦਿੱਲੀ ਵਿਚ ਇਕ ਪੰਥਕ ਕਾਨਫ਼ਰੰਸ ਕਰਨ ਦਾ ਐਲਾਨ ਕੀਤਾ। ਭਾਰਤ ਸਰਕਾਰ ਨੇ ਇਸ ਕਾਨਫ਼ਰੰਸ 'ਤੇ ਪਾਬੰਦੀ ਲਾ ਦਿੱਤੀ। ਮਾਸਟਰ ਜੀ ਨੇ ਐਲਾਨ ਕੀਤਾ ਕਿ ਅਸੀਂ ਕਾਨਫ਼ਰੰਸ ਜ਼ਰੂਰ ਕਰਾਂਗੇ। ਅਖ਼ੀਰ ਮਾਸਟਰ ਜੀ ਸਿਆਸੀ ਕਾਨਫ਼ਰੰਸ ਦੀ ਬਜਾਏ ਨਾਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿਚ ਧਾਰਮਿਕ ਦੀਵਾਨ ਕਰਨਾ ਮੰਨ ਗਏ। ਇਸ ਦੇ ਬਾਵਜੂਦ ਸਰਕਾਰ ਨੇ ਇਸ ਦੀਵਾਨ 'ਤੇ ਪਾਬੰਦੀ ਲਾ ਦਿੱਤੀ। ਮਾਸਟਰ ਜੀ ਨੂੰ ਦਿੱਲੀ ਜਾਂਦਿਆਂ, ਪੰਜਾਬ ਦੀ ਸਰਹੱਦ 'ਤੇ ਗ੍ਰਿਫ਼ਤਾਰ ਕਰ ਲਿਆ ਗਿਆ। ਅਜ਼ਾਦ ਭਾਰਤ ਵਿਚ ਇਹ ਮਾਸਟਰ ਜੀ ਦੀ ਪਹਿਲੀ ਗ੍ਰਿਫ਼ਤਾਰੀ ਸੀ।

26 ਫਰਵਰੀ 1949 ਨੂੰ ਭਾਰਤ ਦਾ ਨਵਾਂ ਆਈਨ ਪਾਸ ਕਰ ਦਿੱਤਾ ਗਿਆ। ਇਹ ਆਈਨ ਸਿੱਖਾਂ ਨੂੰ ਖ਼ਾਸ ਵੱਖਰੇ ਹਕੂਕ ਨਹੀਂ ਸੀ ਦੇਂਦਾ। ਕਾਂਗਰਸ ਪਾਰਟੀ ਨੇ ਅਜ਼ਾਦੀ ਤੋਂ ਪਹਿਲਾਂ ਸਿੱਖਾਂ ਨਾਲ ਜੋ ਵਾਇਦੇ ਕੀਤੇ ਸਨ, ਉਨ੍ਹਾਂ ਸਾਰਿਆਂ ਵਾਇਦਿਆਂ ਨੂੰ ਇਸ ਆਈਨ ਵਿਚ ਨਜ਼ਰ-ਅੰਦਾਜ਼ ਕਰ ਦਿੱਤਾ ਗਿਆ ਸੀ। ਮਾਸਟਰ ਤਾਰਾ ਸਿੰਘ ਜੀ ਨੇ ਆਈਨੀ ਅਸੈਂਬਲੀ ਦੇ ਸਿੱਖ ਨੁਮਾਇੰਦਿਆਂ ਨੂੰ ਆਖਿਆ ਕਿ ਉਹ ਇਸ ਆਈਨ 'ਤੇ ਦਸਤਖ਼ਤ ਨਾ ਕਰਨ।

ਇਨ੍ਹੀਂ ਦਿਨੀਂ ਭਾਰਤ ਸਰਕਾਰ ਨੇ ਐਲਾਨ ਕੀਤਾ ਗਿਆ ਹੈ ਆਈਨ ਵਿਚ ਲਿਖੇ ਪਛੜੀਆਂ ਜ਼ਾਤਾਂ ਨੂੰ ਮਿਲਣ ਵਾਲੇ ਹੱਕ ਸਿਰਫ਼ ਹਿੰਦੂ ਪਛੜੀਆਂ ਜ਼ਾਤਾਂ ਨੂੰ ਹੀ ਮਿਲਣਗੇ। ਇਸ ਨਾਲ ਲੱਖਾਂ ਸਿੱਖਾਂ, ਜੋ ਪਛੜੀਆਂ ਜ਼ਾਤਾਂ ਨਾਲ ਸਬੰਧਿਤ ਸਨ, ਦੇ ਸਿੱਖੀ ਛੱਡ ਕੇ ਹਿੰਦੂ ਬਣ ਜਾਣ ਦਾ ਖ਼ਤਰਾ ਸੀ। ਮਾਸਟਰ ਜੀ ਨੇ ਇਸ ਦੇ ਖ਼ਿਲਾਫ਼ ਮੋਰਚਾ ਲਾਉਣ ਦਾ ਐਲਾਨ ਕਰ ਦਿੱਤਾ। ਭਾਰਤ ਸਰਕਾਰ ਜਾਣਦੀ ਸੀ ਕਿ ਮਾਸਟਰ ਤਾਰਾ ਸਿੰਘ ਇਸ ਮੋਰਚੇ ਨਾਲ ਸਾਰੇ ਸਿੱਖ ਪੰਥ ਨੂੰ ਇਕੱਠਾ ਕਰ ਲੈਣਗੇ। ਇਸ ਕਰ ਕੇ ਇਸ ਤੋਂ ਪਹਿਲਾਂ ਕਿ ਮਾਸਟਰ ਜੀ ਜਥਾ ਲੈ ਕੇ ਦਿੱਲੀ ਪਹੁੰਚਦੇ, ਭਾਰਤ ਸਰਕਾਰ ਨੇ ਐਲਾਨ ਕਰ ਦਿੱਤਾ ਕਿ ਪੱਛੜੀਆਂ ਜ਼ਾਤਾਂ ਵਾਲਾ ਕਾਨੂੰਨ ਸਿਰਫ਼ ਹਿੰਦੂਆਂ 'ਤੇ ਹੀ ਨਹੀਂ ਹੋਰਨਾਂ ਤੇ ਵੀ ਲਾਗੂ ਹੋਵੇਗਾ।

ਸਿੱਖੀ ਬਚਾਉਣ ਦੀ ਜਦੋਜਹਿਦ ਦੇ ਇਕ ਪੜਾਅ ਵਜੋਂ ਮਾਸਟਰ ਜੀ ਨੇ 1950

Academy of the Punjab in North America: http://www.apnaorg.com

ਵਿਚ "ਪੰਜਾਬੀ ਸੂਬਾ" ਬਣਾਉਣ ਦੀ ਮੰਗ ਕੀਤੀ। ਉਹ ਮਹਿਸੂਸ ਕਰਦੇ ਸਨ ਕਿ ਪੰਜਾਬੀ ਸੂਬਾ ਬਣਨ ਨਾਲ ਇਸ ਖਿੱਤੇ ਵਿਚ ਸਿੱਖਾਂ ਦੀ ਬਹੁਗਿਣਤੀ ਹੋ ਜਾਵੇਗੀ ਅਤੇ ਇੰਞ ਸਿੱਖ ਆਪਣੀ ਹੋਂਦ ਤੇ ਪਛਾਣ ਬਚਾ ਸਕਣ ਦੀਆਂ ਕੋਸ਼ਿਸ਼ਾਂ ਕਰ ਸਕਣਗੇ। ਮਾਸਟਰ ਜੀ ਨੇ 1954 ਦੀਆਂ ਗੁਰਦੁਆਰਾ ਚੋਣਾਂ ਪੰਜਾਬੀ ਸੂਬੇ ਦੇ ਨਾਅਰੇ 'ਤੇ ਲੜੀਆਂ। ਉਨ੍ਹਾਂ ਨੇ 112 ਸੀਟਾਂ ਤੇ ਆਪਣੇ ਉਮੀਦਵਾਰ ਖੜ੍ਹੇ ਕੀਤੇ ਅਤੇ ਸਾਰਿਆਂ 'ਤੇ ਹੀ ਜਿੱਤ ਹਾਸਿਲ ਕੀਤੀ। ਜਨਵਰੀ 1955 ਵਿਚ ਉਹ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਚੁਣੇ ਗਏ। ਇਨ੍ਹਾਂ ਦਿਨਾਂ ਵਿਚ ਪੰਜਾਬ ਸਰਕਾਰ ਨੇ "ਪੰਜਾਬੀ ਸੂਬਾ ਜ਼ਿੰਦਾਬਾਦ" ਦੇ ਨਾਅਰੇ 'ਤੇ ਪਾਬੰਦੀ ਲਾ ਦਿੱਤੀ ਸੀ। ਮਾਸਟਰ ਜੀ ਨੇ ਇਸ ਪਾਬੰਦੀ ਦੇ ਖ਼ਿਲਾਫ਼ ਮੋਰਚਾ ਲਾਉਣ ਦਾ ਐਲਾਨ ਕਰ ਦਿੱਤਾ। 10 ਮਈ 1955 ਦੇ ਦਿਨ ਮਾਸਟਰ ਜੀ ਪਹਿਲਾਂ ਜਥਾ ਲੈ ਕੇ ਜੇਲ੍ਹ ਗਏ। ਇਹ ਮੋਰਚਾ 12 ਜੁਲਾਈ ਤਕ ਚੱਲਿਆ। ਅਖ਼ੀਰ ਪੰਜਾਬ ਸਰਕਾਰ ਨੇ ਹਥਿਆਰ ਸੁੱਟ ਦਿੱਤੇ।

ਭਾਰਤ ਸਰਕਾਰ ਵੱਲੋਂ ਸੂਬਿਆਂ ਦੀ ਹੱਦਬੰਦੀ ਬਾਰੇ ਬਣਾਏ ਕਮਿਸ਼ਨ ਨੇ ਆਪਣੀ ਰਿਪੋਰਟ ਵਿਚ ਪੰਜਾਬੀ ਸੂਬੇ ਦੀ ਮੰਗ ਨੂੰ ਰੱਦ ਕਰ ਦਿੱਤਾ। ਮਾਸਟਰ ਜੀ ਨੇ ਮਹਿਸੂਸ ਕੀਤਾ ਕਿ ਭਾਰਤ ਦੇ ਹਾਕਮ ਸਿੱਖਾਂ ਤਾਂ ਕੀ ਪੰਜਾਬ ਦੀ ਵੀ ਕੋਈ ਹੱਕੀ ਮੰਗ ਤਕ ਮੰਨਣ ਵਾਸਤੇ ਤਿਆਰ ਨਹੀਂ। ਇਸ ਕਰ ਕੇ ਉਨ੍ਹਾਂ ਨੇ ਪੰਜਾਬੀ ਸੂਬੇ ਦੀ ਮੰਗ ਨੂੰ ਪਹਿਲਾਂ ਨਿਸ਼ਾਨਾ ਬਣਾ ਲਿਆ। 1956 ਵਿਚ ਭਾਰਤ ਸਰਕਾਰ ਨੇ, ਸ: ਹੁਕਮ ਸਿੰਘ ਰਾਹੀਂ, ਸਕੀਮ ਤਿਆਰ ਕਰ ਕੇ ਇਕ "ਰੀਜਨਲ ਫਾਰਮੂਲਾ" ਲਾਗੂ ਕਰਨ ਦਾ ਐਲਾਨ ਕੀਤਾ। ਇਸ ਫ਼ਾਰਮੂਲੇ ਮੁਤਾਬਿਕ ਪੰਜਾਬ ਵਿਚ ਹਿੰਦੀ ਅਤੇ ਪੰਜਾਬੀ ਦੇ ਜ਼ੋਨ ਵੱਖਰੇ ਕਰ ਕੇ ਉਨ੍ਹਾਂ ਜ਼ੋਨਾਂ ਵਿਚ ਦੋਹਾਂ ਬੋਲੀਆਂ ਦੀ ਤਰੱਕੀ ਵਾਸਤੇ ਪ੍ਰਾਜੈਕਟ ਉਲੀਕੇ ਜਾਣੇ ਸਨ। ਮਾਸਟਰ ਜੀ ਜਾਣਦੇ ਸਨ ਕਿ ਸਰਕਾਰ ਨੇ ਇਸ ਫ਼ਾਰਮੂਲੇ 'ਤੇ ਅਮਲ ਨਹੀਂ ਕਰਨਾ। ਇਸ ਕਰ ਕੇ ਉਨ੍ਹਾਂ ਨੇ ਇਸ ਨੂੰ "ਵਕਤੀ ਤੌਰ 'ਤੇ" ਕਬੂਲ ਕਰ ਲਿਆ। ਇਸ ਨਾਲ ਘੱਟੋ-ਘੱਟ ਇਹ ਗੱਲ ਤਾਂ ਜ਼ਰੂਰ ਹੋ ਗਈ ਕਿ ਪੰਜਾਬ ਨੂੰ ਦੋ ਬੋਲੀਆਂ ਦਾ ਸੂਬਾ ਮੰਨ ਲਿਆ ਗਿਆ। "ਰੀਜਨਲ ਫਾਰਮੂਲਾ" ਮੰਨੇ ਜਾਣ ਤੋਂ ਬਾਅਦ ਅਕਾਲੀ ਦਲ ਅਤੇ ਕਾਂਗਰਸ ਸਿਆਸੀ ਤੌਰ ਤੇ ਇਕੱਠੇ ਹੋ ਗਏ ਪਰ ਇਹ ਇਕੱਠ ਥੋੜ੍ਹਾ ਚਿਰ ਹੀ ਚੱਲਿਆ। ਇਸ ਦੌਰਾਨ 1957 ਦੀਆਂ ਚੋਣਾਂ ਹੋਈਆਂ ਇਨ੍ਹਾਂ ਚੋਣਾਂ ਵਿਚ ਅਕਾਲੀ ਦਲ ਨੇ ਬਹੁਤ ਸਾਰੀਆਂ ਵੋਟਾਂ ਹਾਸਲ ਕੀਤੀਆਂ ਪਰ ਉਨ੍ਹਾਂ ਦਾ ਕੋਈ ਵੀ ਉਮੀਦਵਾਰ ਨਾ ਜਿੱਤ ਸਕਿਆ। ਜਿਹੜੇ ਅਕਾਲੀਆਂ ਨੇ ਕਾਂਗਰਸ ਦੀ ਟਿਕਟ 'ਤੇ ਚੋਣਾਂ ਲੜੀਆਂ ਸਨ, ਉਨ੍ਹਾਂ ਵਿੱਚੋਂ ਕੁਝ ਇਕ ਅਕਾਲੀ ਐਮ. ਐਲ. ਏ. ਬਣ ਗਏ। 1958 ਵਿਚ ਸਰਕਾਰ ਨੇ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਨੂੰ ਲਾਲਚ, ਸਹੂਲਤਾਂ, ਅਹੁਦੇ ਦੇ ਕੇ ਅਤੇ ਹੋਰ ਹਥਕੰਡੇ ਵਰਤ ਕੇ ਮਾਸਟਰ ਜੀ ਦੇ ਖ਼ਿਲਾਫ਼ ਬੇਵਿਸਾਹੀ ਦਾ ਮਤਾ ਪਾਸ ਕਰਵਾ ਲਿਆ। ਮਾਸਟਰ ਜੀ ਨੇ ਸਰਕਾਰੀ ਸਾਜ਼ਿਸ਼ ਦੇ ਖ਼ਿਲਾਫ਼ ਜ਼ਬਰਦਸਤ ਪ੍ਰੋਟੈਸਟ ਕੀਤਾ। ਇਸ ਸਿਲਸਿਲੇ ਵਿਚ ਮਾਸਟਰ ਜੀ ਨੇ 15 ਮਾਰਚ 1959 ਦੇ ਦਿਨ ਦਿੱਲੀ ਵਿਚ ਇਕ ਰੋਸ ਜਲੂਸ ਕੱਢਣ ਦਾ ਐਲਾਨ ਕੀਤਾ। ਇਸ ਮੌਕੇ ਤੇ ਸਰਕਾਰ ਨੇ ਬਹੁਤ ਸਾਰੀਆਂ ਬੱਸਾਂ, ਗੱਡੀਆਂ ਕੈਂਸਲ

Academy of the Punjab in North America: http://www.apnaorg.com

ਕਰ ਦਿੱਤੀਆਂ। ਇਸ ਦੇ ਬਾਵਜੂਦ ਬਹੁੱਤ ਵੱਡੀ ਗਿਣਤੀ ਵਿਚ ਸਿੱਖ ਦਿੱਲੀ ਪੁੱਜੇ ਅਤੇ ਇਕ ਬੜਾ ਵੱਡਾ ਜਲੂਸ ਕੱਢਿਆ। ਸਰਕਾਰ ਨੇ ਫਿਰ ਵੀ ਮਾਸਟਰ ਜੀ ਦੀ ਕੋਈ ਗੱਲ ਨਾ ਮੰਨੀ ਤਾਂ ਉਨ੍ਹਾਂ ਨੇ ਐਲਾਨ ਕੀਤਾ ਮੈਂ 16 ਅਪ੍ਰੈਲ 1959 ਤੋਂ ਮਰਨ ਵਰਤ ਰੱਖ ਦਿਆਂਗਾ। 12 ਅਪ੍ਰੈਲ 1959 ਦੇ ਦਿਨ ਮਾਸਟਰ ਜੀ ਅਤੇ ਪੰਡਤ ਜਵਾਹਰ ਲਾਲ ਨਹਿਰੂ ਵਿਚਕਾਰ ਇਕ ਮੀਟਿੰਗ ਹੋਈ ਜਿਸ ਵਿਚ ਨਹਿਰੂ ਨੇ ਵਾਇਦਾ ਕੀਤਾ ਕਿ ਉਹ ਅਤੇ ਪੰਜਾਬ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਦੇ ਮਾਮਲੇ ਵਿਚ ਦਖ਼ਲ ਨਹੀਂ ਦੇਣਗੇ। ਥੋੜ੍ਹੇ ਹੀ ਦਿਨਾਂ ਬਾਅਦ ਮਾਸਟਰ ਜੀ ਨੇ ਆਉਣ ਵਾਲੀਆਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ "ਪੰਜਾਬੀ ਸੂਬੇ" ਦੇ ਨਾਅਰੇ 'ਤੇ ਲੜਨ ਦਾ ਐਲਾਨ ਕਰ ਦਿੱਤਾ। 17 ਜਨਵਰੀ 1960 ਦੇ ਦਿਨ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਹੋਈਆਂ। ਅਕਾਲੀ ਦਲ ਨੇ 140 ਵਿੱਚੋਂ 136 ਸੀਟਾਂ ਜਿੱਤ ਕੇ ਰਿਕਾਰਡ ਕਾਇਮ ਕਰ ਦਿੱਤਾ। ਇਸ ਤੋਂ ਬਾਅਦ ਮਾਸਟਰ ਜੀ ਨੇ ਪੰਜਾਬੀ ਸੂਬੇ ਵਾਸਤੇ ਮੋਰਚਾ ਲਾਉਣ ਦਾ ਐਲਾਨ ਕਰ ਦਿੱਤਾ। ਫਰਵਰੀ ਤੋਂ ਮਈ ਤੱਕ ਪੰਜਾਬੀ ਸੂਬੇ ਦੇ ਹੱਕ ਵਿਚ ਬਹੁਤ ਸਾਰੀਆਂ ਕਾਨਫ਼ਰੰਸਾਂ ਹੁੰਦੀਆਂ ਰਹੀਆਂ।

30 ਅਪ੍ਰੈਲ 1960 ਨੂੰ ਮਾਸਟਰ ਜੀ ਨੇ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇ ਦਿੱਤਾ ਤਾਂ ਜੋ ਉਹ ਪੰਜਾਬੀ ਸੂਬਾ ਮੋਰਚਾ ਵਾਸਤੇ ਸਮਾਂ ਲਾ ਸਕਣ। 22 ਮਈ 1960 ਦੇ ਦਿਨ ਅੰਮ੍ਰਿਤਸਰ ਵਿਚ ਹੋਈ ਕਨਵੈਂਸ਼ਨ ਨੇ ਪੰਜਾਬੀ ਸੂਬੇ ਦੀ ਮੰਗ ਦਾ ਮਤਾ ਪਾਸ ਕੀਤਾ। ਇਸ ਕਾਨਫ਼ਰੰਸ ਵਿਚ ਬਹੁਤ ਸਾਰੇ ਗੈਰ-ਸਿੱਖ ਅਤੇ ਗ਼ੈਰ-ਅਕਾਲੀ ਪਾਰਟੀਆਂ ਦੇ ਲੀਡਰ ਵੀ ਸ਼ਾਮਿਲ ਹੋਏ। ਇਸੇ ਦਿਨ ਮਾਸਟਰ ਜੀ ਨੇ ਐਲਾਨ ਕੀਤਾ ਕਿ ਉਹ ਪੰਜਾਬੀ ਸੂਬਾ ਮੋਰਚਾ ਦੇ ਪਹਿਲੇ ਐਕਸ਼ਨ ਵਜੋਂ 12 ਜੂਨ 1960 ਦੇ ਦਿਨ ਦਿੱਲੀ ਵਿਚ ਜਲੂਸ ਕੱਢਣਗੇ ਅਤੇ ਇਸ ਵਾਸਤੇ 29 ਮਈ ਨੂੰ ਅੰਮ੍ਰਿਤਸਰ ਤੋਂ ਇਕ ਜਥਾ ਲੈ ਕੇ ਚਲਣਗੇ। 24-25 ਮਈ ਦੀ ਰਾਤ ਨੂੰ ਮਾਸਟਰ ਜੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਮਾਸਟਰ ਜੀ ਦੀ ਗ੍ਰਿਫ਼ਤਾਰੀ ਦੇ ਬਾਵਜੂਦ 29 ਮਈ ਵਾਲੇ ਦਿਨ ਜਥਾ ਟੁਰਿਆ ਤੇ ਇੰਞ ਪੰਜਾਬੀ ਸੂਬਾ ਮੋਰਚਾ ਸ਼ੁਰੂ ਹੋ ਗਿਆ।

ਪੰਜਾਬੀ ਸੂਬਾ ਮੋਰਚਾ ਕਈ ਮਹੀਨੇ ਚਲਿਆ। ਇਸ ਦੌਰਾਨ ਬਾਬਾ ਫਤਹਿ ਸਿੰਘ ਨੇ 18 ਦਸੰਬਰ 1960 ਤੋਂ ਮਰਨ ਵਰਤ ਵੀ ਸ਼ੁਰੂ ਕਰ ਦਿੱਤਾ। ਜਦੋਂ 15 ਦਿਨ ਤਕ ਹਾਲਾਤ ਵਿਚ ਤਬਦੀਲੀ ਨਾ ਆਈ ਤਾਂ ਸਰਕਾਰ ਨੇ 3-4 ਫਰਵਰੀ 1961 ਦੀ ਰਾਤ ਨੂੰ ਮਾਸਟਰ ਜੀ ਨੂੰ ਰਿਹਾ ਕਰ ਦਿੱਤਾ। ਮਾਸਟਰ ਜੀ ਰਿਹਾ ਹੋ ਕੇ ਸਿੱਧਾ ਅੰਮ੍ਰਿਤਸਰ ਪੁੱਜੇ ਤਾਂ ਪੰਜਾਬੀ ਸੂਬਾ ਮੋਰਚਾ ਕਮੇਟੀ ਨੇ ਉਨ੍ਹਾਂ ਨੂੰ ਨਹਿਰੂ ਨਾਲ ਗੱਲਬਾਤ ਲਈ ਭੇਜ ਦਿੱਤਾ। ਮਾਸਟਰ ਜੀ ਨਹਿਰੂ ਨੂੰ ਮਿਲੇ ਪਰ ਨਹਿਰੂ ਨੇ ਕੋਈ ਗੱਲ ਵੀ ਮੰਨਣ ਤੋਂ ਇਨਕਾਰ ਕਰ ਦਿੱਤਾ। ਅਗਲੇ ਦਿਨ ਨਹਿਰੂ ਨੇ ਇਕ ਬਿਆਨ ਵਿਚ ਆਖ ਦਿੱਤਾ ਕਿ "ਪੰਜਾਬ ਇਕ ਬੋਲੀ ਦਾ ਸੂਬਾ ਹੈ ਇਸ ਦੀ ਬੋਲੀ ਸਿਰਫ਼ ਪੰਜਾਬੀ ਹੈ।" ਮੋਰਚਾ ਕਮੇਟੀ ਨੇ ਮਾਸਟਰ ਜੀ ਕੋਲੋਂ ਇਸ ਬਿਆਨ ਦੇ ਪਿਛੋਕੜ ਵਿਚ ਬਾਬਾ ਫਤਹਿ ਸਿੰਘ ਦਾ ਮਰਨ ਵਰਤ ਖੁਲ੍ਹਣ ਵਾਸਤੇ ਅਖਵਾ ਦਿੱਤਾ। 9 ਜਨਵਰੀ ਨੂੰ ਐਂਟੀ-ਮਾਸਟਰ ਤਾਰਾ ਸਿੰਘ ਧੜੇ ਨੂੰ ਬਾਬਾ ਫਤਹਿ ਸਿੰਘ ਦਾ ਮਰਨ ਵਰਤ ਤੁੜਵਾਉਣ ਤੇ ਪੰਜਾਬੀ ਸੂਬਾ ਮੋਰਚਾ ਫੇਲ੍ਹ ਕਰਨ ਦਾ

Academy of the Punjab in North America: http://www.apnaorg.com

ਜ਼ਿੰਮੇਂਵਾਰੀ ਮਾਸਟਰ ਜੀ ਤੇ ਪਾਉਣੀ ਸ਼ੁਰੂ ਕਰ ਦਿੱਤੀ। ਪ੍ਰਤਾਪ ਸਿੰਘ ਕੈਰੋਂ, ਜਵਾਹਰ ਲਾਲ ਨਹਿਰੂ ਤੇ ਉਨ੍ਹਾਂ ਦੇ ਸਾਥੀਆਂ ਮਾਸਟਰ ਜੀ ਦੇ ਖ਼ਿਲਾਫ਼ ਸਾਜਿਸ਼ਾਂ ਵਿਚ ਖ਼ਾਸ ਹਿੱਸਾ ਲਿਆ। ਕੁਝ ਚਿਰ ਇਹੀ ਮਾਹੌਲ ਜਾਰੀ ਰਿਹਾ। ਇਸ ਦੌਰਾਨ ਬਾਬਾ ਫ਼ਤਹਿ ਸਿੰਘ ਤੇ ਜਵਾਹਰ ਲਾਲ ਨਹਿਰੂ ਵਿਚਕਾਰ ਗੱਲਬਾਤ ਸ਼ੁਰੂ ਹੋ ਗਈ। ਇਸ ਗੱਲਬਾਤ ਦਾ ਕੋਈ ਨਤੀਜਾ ਨਾ ਨਿਕਲਿਆ। ਅਖ਼ੀਰ ਮਾਸਟਰ ਜੀ ਨੇ ਪੰਜਾਬੀ ਸੂਬਾ ਨਾਅਰੇ ਤੇ ਆਪ ਮਰਨ ਵਰਤ ਰੱਖਣ ਦਾ ਐਲਾਨ ਕਰ ਦਿੱਤਾ।

ਐਲਾਨ ਮੁਤਾਬਿਕ ਮਾਸਟਰ ਜੀ ਨੇ 15 ਅਗਸਤ 1961 ਤੋਂ ਮਰਨ ਵਰਤ ਸ਼ੁਰੂ ਕਰ ਦਿੱਤਾ। ਇਸ ਦੌਰਾਨ ਅਕਾਲੀਆਂ ਅਤੇ ਸਰਕਾਰ ਵਿਚਕਾਰ ਗੱਲਬਾਤ ਚਲਦੀ ਰਹੀ ਪਰ ਕੋਈ ਨਤੀਜਾ ਨਾ ਨਿਕਲਿਆ। ਅਖ਼ੀਰ ਕੁਝ ਸਿੱਖ ਆਗੂ ਅਤੇ ਹੋਰ ਲੀਡਰ ਵਿਚੋਲੇ ਬਣ ਕੇ ਮਾਸਟਰ ਜੀ ਦਾ ਮਰਨ ਵਰਤ ਤੁੜਵਾਉਣ ਵਿਚ ਕਾਮਯਾਬ ਹੋ ਗਏ। ਮਾਸਟਰ ਜੀ ਨੇ ਪਹਿਲੀ ਅਕਤੂਬਰ 1961 ਦੇ ਦਿਨ ਮਰਨ ਵਰਤ ਖੋਲ੍ਹਿਆ। ਇਸ ਤੋਂ ਬਾਅਦ ਮਾਸਟਰ ਜੀ ਦੇ ਖ਼ਿਲਾਫ਼ ਬਹੁਤ ਪ੍ਰਚਾਰ ਹੋਇਆ। ਮਾਸਟਰ ਜੀ ਵੱਲੋਂ ਮਰਨ ਵਰਤ ਛੱਡੇ ਜਾਣ ਸਬੰਧੀ 23 ਨਵੰਬਰ 1961 ਦੇ ਦਿਨ ਅਕਾਲ ਤਖ਼ਤ ਸਾਹਿਬ ਤੇ ਇਕ ਪਟੀਸ਼ਨ ਪੇਸ਼ ਕੀਤੀ ਗਈ। 29 ਨਵੰਬਰ ਦੇ ਦਿਨ ਅਕਾਲ ਤਖ਼ਤ ਸਾਹਿਬ ਤੋਂ ਫ਼ੈਸਲਾ ਸੁਣਾਇਆ ਗਿਆ। ਅਕਾਲ ਤਖ਼ਤ ਸਾਹਿਬ ਨੇ ਮਾਸਟਰ ਜੀ, ਬਾਬਾ ਫਤਿਹ ਸਿੰਘ ਅਤੇ ਅਕਾਲੀ ਦਲ ਦੀ ਪੂਰੀ ਵਰਕਿੰਗ ਕਮੇਟੀ ਨੂੰ ਸਜ਼ਾ ਲਾਈ। ਇਸ ਤੋਂ ਬਾਅਦ ਭਾਵੇਂ ਕੁਝ ਚਿਰ ਅਕਾਲੀ ਦਲ ਵਿਚ ਏਕਤਾ ਕਾਇਮ ਰਹੀ ਪਰ ਅੰਦਰੋਂ-ਅੰਦਰੀਂ ਮਾਸਟਰ ਤਾਰਾ ਸਿੰਘ ਦੇ ਖ਼ਿਲਾਫ਼ ਸਾਜਿਸ਼ਾਂ ਹੁੰਦੀਆਂ ਰਹੀਆਂ। ਅਖ਼ੀਰ ਜੁਲਾਈ 1962 ਵਿਚ ਸ਼੍ਰੋਮਣੀ ਅਕਾਲੀ ਦਲ ਦੋ ਹਿੱਸਿਆਂ ਵਿਚ ਵੰਡਿਆ ਗਿਆ। ਇਕ ਦੇ ਪ੍ਰਧਾਨ ਬਾਬਾ ਫਤਹਿ ਸਿੰਘ ਅਤੇ ਦੂਜੇ ਦੇ ਪ੍ਰਧਾਨ ਜਥੇਦਾਰ ਅੱਛਰ ਸਿੰਘ ਬਣੇ। ਮਾਸਟਰ ਅਕਾਲੀ ਦਲ ਅਤੇ ਫਤਹਿ ਸਿੰਘ ਅਕਾਲੀ ਦਲ ਇਕ ਦੂਜੇ ਦੇ ਖ਼ਿਲਾਫ਼ ਬਹੁਤ ਪ੍ਰਚਾਰ ਕਰਦੇ ਰਹੇ। ਇਸ ਵਕਤ ਤਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਾਬਾ ਫਤਹਿ ਸਿੰਘ ਦੇ ਕਬਜ਼ੇ ਵਿਚ ਆ ਚੁੱਕੀ ਸੀ। ਇਸ ਦੀਆਂ ਅਗਲੀਆਂ ਚੋਣਾਂ ਤਕ ਦੋਵੇਂ ਅਕਾਲੀ ਦਲ ਸਿੱਖਾਂ ਵਿਚ "ਵੱਡੀ ਜਥੇਬੰਦੀ" ਬਣਨ ਵਾਸਤੇ ਜਦੋਜਹਿਦ ਕਰਦੇ ਰਹੇ। 1965 ਵਿਚ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਹੋਈਆਂ। ਇਨ੍ਹਾਂ ਚੋਣਾਂ ਵਿਚ ਫਤਹਿ ਸਿੰਘ ਧੜੇ ਨੂੰ 90 ਸੀਟਾਂ ਅਤੇ ਮਾਸਟਰ ਧੜੇ ਨੂੰ 45 ਸੀਟਾਂ ਹਾਸਿਲ ਹੋਈਆਂ। ਆਪਣੀ ਹਾਰ ਮਗਰੋਂ ਮਾਸਟਰ ਜੀ ਨੇ ਸਿੱਖ ਸਿਆਸਤ ਤੋਂ ਕਿਨਾਰਾ ਕਰ ਲਿਆ ਅਤੇ ਉਹ 25 ਜਨਵਰੀ 1965 ਦੇ ਦਿਨ ਕਿਸੇ ਅਣਦੱਸੀ ਜਗ੍ਹਾ 'ਤੇ ਚਲੇ ਗਏ। ਕੁਝ ਮਹੀਨੇ ਮਾਸਟਰ ਜੀ ਰੂਪੋਸ਼ ਰਹੇ। 4 ਜੁਲਾਈ 1965 ਦੇ ਦਿਨ ਲੁਧਿਆਣਾ ਵਿਚ ਸ: ਹਰੀ ਸਿੰਘ ਨਲੂਆ ਦੀ ਯਾਦ ਵਿਚ ਇਕ ਕਾਨਫ਼ਰੰਸ ਹੋਈ। ਇਸ ਕਾਨਫ਼ਰੰਸ ਵਿਚ ਸਿੱਖਾਂ ਨੂੰ "ਆਤਮ ਨਿਰਣੈ ਦਾ ਹੱਕ" ਦੇਣ ਬਾਰੇ ਸਿਆਸੀ ਮਤਾ ਪੇਸ਼ ਕੀਤਾ ਗਿਆ। ਇਸ ਮਤੇ ਦੇ ਹੱਕ ਵਿਚ ਮਾਸਟਰ ਧੜੇ ਤੇ ਫਤਹਿ ਸਿੰਘ ਧੜੇ ਨੇ ਸਾਂਝਾ ਰੋਲ ਅਦਾ ਕੀਤਾ। ਇਸ ਮਤੇ ਦੇ ਪਾਸ ਹੋਣ ਤੋਂ ਬਾਅਦ ਮਾਸਟਰ ਜੀ ਘਰ ਵਾਪਿਸ ਮੁੜ ਆਏ ਅਤੇ ਸਿਆਸਤ ਵਿਚ ਫਿਰ ਹਿੱਸਾ ਲੈਣ

Academy of the Punjab in North America: http://www.apnaorg.com

ਲੱਗ ਪਏ। 1966 ਵਿਚ ਪੰਜਾਬੀ ਸੂਬਾ ਬਣ ਗਿਆ ਅਤੇ 1967 ਵਿਚ ਹੋਈਆਂ ਚੋਣਾਂ ਤੋਂ ਬਾਅਦ ਅਕਾਲੀ ਦਲ ਦੀ ਅਗਵਾਈ ਹੇਠ ਸਾਂਝੀ ਸਰਕਾਰ ਬਣ ਗਈ। ਇਹ ਸਰਕਾਰ ਸਿਰਫ਼ 8 ਮਹੀਨੇ ਚੱਲੀ। ਜਿਸ ਦਿਨ ਇਹ ਸਰਕਾਰ ਟੁੱਟੀ, ਉਸੇ ਦਿਨ, 22 ਨਵੰਬਰ 1967 ਨੂੰ, ਚੰਡੀਗੜ੍ਹ ਵਿਚ, ਮਾਸਟਰ ਜੀ ਚੜ੍ਹਾਈ ਕਰ ਗਏ। ਮਾਸਟਰ ਜੀ ਦੀ ਮੌਤ ਨਾਲ ਪੰਜਾਬ ਦੀ ਸਿਆਸਤ ਦਾ ਇਕ ਵੱਡਾ ਚੈਪਟਰ ਖ਼ਤਮ ਹੋ ਗਿਆ।

ਮਾਸਟਰ ਤਾਰਾ ਸਿੰਘ ਇਕ ਨਿਸ਼ਕਾਮ ਆਗੂ ਸਨ। ਉਨ੍ਹਾਂ ਦੇ ਦਿਲ ਵਿਚ ਅਹੁਦਾ, ਸ਼ੁਹਰਤ ਅਤੇ ਤਾਕਤ ਦੀ ਭੁੱਖ ਨਹੀਂ ਸੀ। ਇਹ ਗੱਲ ਕਾਬਲੇ-ਜ਼ਿਕਰ ਹੈ ਕਿ ਉਨ੍ਹਾਂ ਨੇ ਕਦੇ ਵੀ ਅਸੈਂਬਲੀ ਜਾਂ ਪਾਰਲੀਮੈਂਟ ਦੀ ਚੋਣ ਨਹੀਂ ਲੜੀ ਸੀ ਕਿਉਂਕਿ ਉਹ ਕਦੇ ਵੀ ਮੁੱਖ ਮੰਤਰੀ ਜਾਂ ਰਾਸ਼ਟਰਪਤੀ ਜਾਂ ਕਿਸੇ ਹੋਰ ਸਿਆਸੀ ਅਹੁਦੇ ਦੀ ਖ਼ਾਹਿਸ਼ ਨਹੀਂ ਰੱਖਦੇ ਸਨ। ਮਾਸਟਰ ਜੀ ਨੇ ਆਪਣੀ ਉਮਰ ਦਾ 10 ਸਾਲ ਤੋਂ ਵੱਧ ਸਮਾਂ ਭਾਰਤ ਅਤੇ ਅੰਗਰੇਜ਼ ਸਰਕਾਰ ਦੀਆਂ ਜੇਲ੍ਹਾਂ ਵਿਚ ਬਿਤਾਇਆ। ਉਹ ਸਾਰੀ ਉਮਰ ਪੰਥ ਵਾਸਤੇ ਜੀਂਦੇ ਰਹੇ। ਉਨ੍ਹਾਂ ਦਾ ਨਾਅਰਾ ਸੀ : "ਮੈਂ ਮਰਾ ਪੰਥ ਜੀਵੇ"। ਮਾਸਟਰ ਤਾਰਾ ਸਿੰਘ ਜੀ ਦੀ ਪੰਥ ਨੂੰ ਦੇਣ ਲਾਸਾਨੀ ਹੈ। ਉਨ੍ਹਾਂ ਦਾ ਨਾਂ ਸਿੱਖ ਤਵਾਰੀਖ਼ ਵਿਚ ਬੜੇ ਅਦਬ ਅਤੇ ਪਿਆਰ ਨਾਲ ਲਿਆ ਜਾਂਦਾ ਰਹੇਗਾ। ਉਹ ਇਕ ਬੇਲਾਗ, ਈਮਾਨਦਾਰ, ਸੱਚੇ-ਸੁਚੇ ਅਤੇ ਸੁਚੱਜੇ ਆਗੂ ਸਨ।

ਮਾਸਟਰ ਤਾਰਾ ਸਿੰਘ ਜੀ ਸਿਰਫ਼ ਇਕ ਆਗੂ ਹੀ ਨਹੀਂ ਬਲਕਿ ਇਕ ਕਾਮਯਾਬ ਅਖ਼ਬਾਰ-ਨਵੀਸ ਅਤੇ ਲੇਖਕ ਵੀ ਸਨ। 1909 ਵਿਚ ਉਨ੍ਹਾਂ ਨੇ "ਸੱਚਾ ਢੰਡੋਰਾ" ਨਾਂ ਦਾ ਅਖ਼ਬਾਰ ਸ਼ੁਰੂ ਕੀਤਾ ਜੋ ਕਈ ਸਾਲ ਕਾਮਯਾਬੀ ਨਾਲ ਚਲਦਾ ਰਿਹਾ। ਮਗਰੋਂ ਉਨ੍ਹਾਂ ਨੇ ਪ੍ਰਦੇਸਾਂ ਵਿਚ ਰਹਿੰਦੇ ਸਿੱਖਾਂ ਵਾਸਤੇ "ਪ੍ਰਦੇਸੀ ਖਾਲਸਾ" ਅਖ਼ਬਾਰ ਸ਼ੁਰੂ ਕੀਤਾ। ਇੰਜ ਹੀ ਮਾਸਕ ਪੰਥਕ ਰਸਾਲਾ "ਸੰਤ ਸਿਪਾਹੀ" ਵੀ ਉਨ੍ਹਾਂ ਨੇ ਹੀ ਸ਼ੁਰੂ ਕੀਤਾ ਸੀ। ਇਨ੍ਹਾਂ ਸਾਰੀਆਂ ਅਖ਼ਬਾਰਾਂ ਵਿਚ ਉਨ੍ਹਾਂ ਨੇ ਬਹੁਤ ਸਾਰੇ ਲੇਖ, ਐਡੀਟੋਰੀਅਲ ਅਤੇ ਟਿੱਪਣੀਆਂ ਲਿਖੀਆਂ। ਉਨ੍ਹਾਂ ਨੇ ਬਹੁਤ ਸਾਰੇ ਟ੍ਰੈਕਟ ਵੀ ਲਿਖੇ। ਇਨ੍ਹਾਂ ਵਿਚ ਉਨ੍ਹਾਂ ਨੇ ਸਿੱਖ ਸਿਆਸਤ, ਧਰਮ, ਇਤਿਹਾਸ, ਕਲਚਰ ਅਤੇ ਹੋਰ ਬਹੁਤ ਸਾਰੇ ਨੁਕਤਿਆਂ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਉਨ੍ਹਾਂ ਦੇ ਲੇਖ ਦਲੀਲ ਭਰਪੂਰ ਸਾਦੀ ਬੋਲੀ ਵਿਚ ਅਤੇ ਵਾਕਫ਼ੀ ਨਾਲ ਭਰੇ ਹੁੰਦੇ ਸਨ।

ਮਾਸਟਰ ਤਾਰਾ ਸਿੰਘ ਪੰਜਾਬ ਦੇ ਪਹਿਲੇ ਜੀਵਨੀ-ਲੇਖਕ ਸਨ। ਉਨ੍ਹਾਂ ਦੀ ਜੀਵਨੀ "ਮੇਰੀ ਯਾਦ" 1945 ਵਿਚ ਛਪੀ ਸੀ। ਇਹ ਪੰਜਾਬੀ ਦੀ ਪਹਿਲੀ ਸਵੈ-ਜੀਵਨੀ ਹੈ। 1934-35 ਵਿਚ ਉਨ੍ਹਾਂ ਨੇ ਇਕ ਸਫ਼ਰਨਾਮਾ ਵੀ ਲਿਖਿਆ ਸੀ ਜਿਹੜਾ ਉਨ੍ਹਾਂ ਦੇ ਚੜ੍ਹਾਈ ਕਰਨ ਤੋਂ ਪਿੱਛੋਂ ਉਨ੍ਹਾਂ ਦੀ ਬੇਟੀ ਡਾਕਟਰ ਰਾਜਿੰਦਰ ਕੌਰ ਵੱਲੋਂ ਛਾਪਿਆ ਗਿਆ। ਮਾਸਟਰ ਤਾਰਾ ਸਿੰਘ ਪੰਜਾਬੀ ਦੇ ਪਹਿਲੇ ਕਾਮਯਾਬ ਨਾਵਲ ਲੇਖਕ ਸਨ। ਉਨ੍ਹਾਂ ਦਾ ਨਾਵਲ "ਪ੍ਰੇਮ ਲਗਨ" ਪੰਜਾਬੀ ਦੇ ਕਲਚਰ ਦੀ ਵਧੀਆ ਤਸਵੀਰ ਪੇਸ਼ ਕਰਦਾ ਹੈ। ਉਨ੍ਹਾਂ ਨੇ ਆਪਣੇ ਨਾਵਲਾਂ ਵਿਚ ਅਣਦਿਸਦੇ ਸੰਸਾਰ ਅਤੇ ਮਸਨੂਹੀ ਕਹਾਣੀਆਂ ਨੂੰ ਪੇਸ਼ ਕਰਨ ਦੀ ਬਜਾਏ ਉਸ ਵਿਚ ਆਮ

Academy of the Punjab in North America: http://www.apnaorg.com

ਲੋਕਾਂ ਦੀ ਜ਼ਿੰਦਗੀ ਅਤੇ ਕਲਚਰ ਨੂੰ ਪੇਸ਼ ਕੀਤਾ ਹੈ। ਪ੍ਰੇਮ ਲਗਨ ਪੰਜਾਬੀ ਨਾਵਲ ਦੀ ਤਵਾਰੀਖ਼ ਵਿਚ ਇਕ ਮੀਲ ਪੱਥਰ ਸੀ। ਜੇ ਕਰ ਮਾਸਟਰ ਤਾਰਾ ਸਿੰਘ ਇਕ ਸਿਆਸੀ ਆਗੂ ਨਾ ਹੁੰਦੇ ਤਾਂ ਇਕ ਵਧੀਆ ਨਾਵਲਿਸਟ ਸਾਬਿਤ ਹੋਣੇ ਸਨ। ਉਨ੍ਹਾਂ ਦਾ ਦੂਜਾ ਨਾਵਲ ਬਾਬਾ ਤੇਗਾ ਸਿੰਘ ਇਕ ਤਵਾਰੀਖ਼ੀ ਨਾਵਲ ਹੈ। ਇਸ ਵਿਚ ਸਿੱਖਾਂ ਅਤੇ ਅੰਗਰੇਜ਼ਾਂ ਦੀਆਂ ਲੜਾਈਆਂ ਦਾ ਬੜੀ ਤਫ਼ਸੀਲ ਨਾਲ ਜ਼ਿਕਰ ਕੀਤਾ ਗਿਆ ਹੈ। ਇਸ ਨਾਵਲ ਵਿਚ ਬਹੁਤ ਸਾਰੀ ਕੀਮਤੀ ਤਵਾਰੀਖ਼ੀ ਸਮੱਗਰੀ ਦਿੱਤੀ ਹੋਈ ਹੈ। ਇਸ ਤੋਂ ਇਹ ਵੀ ਸਾਬਿਤ ਹੁੰਦਾ ਹੈ ਕਿ ਮਾਸਟਰ ਜੀ ਸਿੱਖ ਤਵਾਰੀਖ਼ ਬਾਰੇ ਸੁਚੱਜੀ ਪਕੜ ਰੱਖਦੇ ਸਨ।

ਸਮੁੱਚੇ ਤੌਰ 'ਤੇ ਮਾਸਟਰ ਤਾਰਾ ਸਿੰਘ ਜੀ ਇਕ ਉੱਚੇ ਦਰਜੇ ਦੇ ਪੰਜਾਬੀ ਲੇਖਕ ਸਨ। ਉਨ੍ਹਾਂ ਦੀਆਂ ਲਿਖਤਾਂ ਨੇ ਸਿੱਖਾਂ ਅਤੇ ਗ਼ੈਰ-ਸਿੱਖਾਂ ਨੂੰ ਬਹੁਤ ਅਸਰ-ਅੰਦਾਜ਼ ਕੀਤਾ। ਉਨ੍ਹਾਂ ਦੀ ਕਲਮ ਵਿਚ ਰਵਾਨਗੀ ਸੀ। ਉਹ ਆਪਣੀ ਗੱਲ ਅਜਿਹੇ ਤਰੀਕੇ ਨਾਲ ਪੇਸ਼ ਕਰਦੇ ਸਨ ਕਿ ਪੜ੍ਹਨ ਵਾਲਾ ਕਾਇਲ ਹੋਏ ਬਿਨਾਂ ਨਹੀਂ ਰਹਿ ਸਕਦਾ ਸੀ। ਉਨ੍ਹਾਂ ਦੇ ਲੇਖ ਪੰਜਾਬੀ ਦੇ ਸਭ ਤੋਂ ਵਧੀਆਂ ਲੇਖਾਂ ਵਿਚ ਸ਼ਾਮਿਲ ਕੀਤੇ ਜਾ ਸਕਦੇ ਹਨ। ਮਾਸਟਰ ਜੀ ਨੇ ਸਿੱਖ ਸਿਆਸਤ, ਸਿੱਖ ਤਵਾਰੀਖ਼, ਸਿੱਖ ਕਲਚਰ, ਸਿੱਖ ਧਰਮ ਅਤੇ ਚਲਦੇ ਮਾਮਲਿਆਂ ਬਾਰੇ ਸੈਂਕੜੇ ਲੇਖ ਲਿਖੇ ਸਨ। ਇਨ੍ਹਾਂ ਲੇਖਾਂ ਵਿੱਚੋਂ ਬਹੁਤਿਆਂ ਦੀ ਮਹਾਨਤਾ ਵਕਤ ਦੇ ਨਾਲ ਬਦਲੀ ਨਹੀਂ ਤੇ ਉਹ ਅੱਜ ਵੀ ਨਵੇਂ ਤੇ ਤਾਜ਼ਾ ਜਾਪਦੇ ਹਨ।

ਮਾਸਟਰ ਜੀ ਦੀਆਂ ਲਿਖਤਾਂ ਵਿਚ ਕੁਝ ਕੁ ਕਿਤਾਬੀ ਰੂਪ ਵਿਚ ਛੱਪ ਚੁੱਕੀਆਂ ਸਨ ਪਰ ਬਹੁਤੀਆਂ ਲਿਖਤਾਂ ਅਜੇ ਅਣਛਪੀਆਂ ਸਨ। ਉਨ੍ਹਾਂ ਦੀਆਂ ਛਪੀਆਂ ਕਿਤਾਬਾਂ ਵੀ ਖ਼ਤਮ ਹੋ ਚੁੱਕੀਆਂ ਸਨ ਅਤੇ ਨਵੇਂ ਐਡੀਸ਼ਨ ਨਹੀਂ ਆ ਰਹੇ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਕ ਮਤੇ ਰਾਹੀਂ ਮਾਸਟਰ ਜੀ ਦੀਆਂ ਲਿਖਤਾਂ ਛਾਪਣ ਦਾ ਫੈਸਲਾ ਕੀਤਾ ਸੀ। ਹਥਲੀ ਕਿਤਾਬ ਇਸ "ਮਾਸਟਰ ਤਾਰਾ ਸਿੰਘ ਲੜੀ" ਦਾ ਇਕ ਹਿੱਸਾ ਹੈ।

ਅਸੀਂ ਵਿੰਗ-ਕਮਾਂਡਰ ਸ: ਕਮਲਜੀਤ ਸਿੰਘ (ਮਾਸਿਕ "ਸੰਤ ਸਿਪਾਹੀ") ਦੇ ਖ਼ਾਸ ਤੌਰ 'ਤੇ ਸ਼ੁਕਰਗੁਜ਼ਾਰ ਹਾਂ, ਜਿਨ੍ਹਾਂ ਨੇ ਸਾਨੂੰ ਮਾਸਟਰ ਜੀ ਦੇ ਲੇਖਾਂ ਦੀਆਂ ਫ਼ਾਈਲਾਂ ਦੇ ਕੇ ਸਾਡਾ ਕੰਮ ਹੋਰ ਵੀ ਆਸਾਨ ਕਰ ਦਿੱਤਾ।

ਹਰਜਿੰਦਰ ਸਿੰਘ ਦਿਲਗੀਰ
ਡਾਇਰੈਕਟਰ
ਸਿੱਖ ਇਤਿਹਾਸ ਰੀਸਰਚ ਬੋਰਡ
ਅਤੇ ਸਿੱਖ ਰੈਫਰੈਂਸ ਲਾਇਬਰੇਰੀ

Academy of the Punjab in North America: http://www.apnaorg.com

# ਮੁੱਖ-ਬੰਦ

ਕੁਝ ਸੱਜਣਾਂ ਮਿਤਰਾਂ ਨੇ ਮੈਨੂੰ ਆਪਣਾ ਜੀਵਨ ਆਪ ਲਿਖਣ ਲਈ ਪ੍ਰੇਰਿਆ, ਪਰ ਮੇਰੇ ਕੋਲ ਇਤਨਾ ਵਕਤ ਨਹੀਂ ਹੈ ਕਿ ਮੈਂ ਆਪਣੇ ਸਮੇਂ ਦੀਆਂ ਅਖ਼ਬਾਰਾਂ ਤੇ ਹੋਰ ਰੀਕਾਰਡ ਵੇਖ ਕੇ ਆਪਣਾ ਜੀਵਨ ਠੀਕ-ਠੀਕ ਲਿਖਾਂ। ਇਸ ਲਈ ਮੈਂ ਕੇਵਲ ਉਹੋ ਕੁਝ ਲਿਖ ਰਿਹਾ ਹਾਂ ਜੋ ਮੈਨੂੰ ਜ਼ਬਾਨੀ ਚੇਤਾ ਹੈ। ਮੈਂ ਕੋਈ ਗੱਲ ਭੀ ਕਿਸੇ ਸੱਜਣ ਕੋਲੋਂ ਜਾਂ ਕਿਸੇ ਅਖ਼ਬਾਰ ਦੀ ਫ਼ਾਈਲ ਤੋਂ ਜਾਂ ਕਿਸੇ ਹੋਰ ਤਰ੍ਹਾਂ ਠੀਕ ਕਰ ਕੇ ਨਹੀਂ ਲਿਖ ਰਿਹਾ। ਜੋ ਕੁਝ ਲਿਖ ਰਿਹਾ ਹਾਂ ਆਪਣੀ ਯਾਦ ਤੋਂ ਲਿਖ ਰਿਹਾ ਹਾਂ ਤੇ ਮੇਰੀ ਯਾਦ ਭੀ ਚੰਗੀ ਨਹੀਂ ਹੈ; ਇਸ ਲਈ ਹੋ ਸਕਦਾ ਹੈ ਕਿ ਤਰੀਕਾਂ ਤੇ ਸਾਲਾਂ ਵਿਚ ਕਿਧਰੇ-ਕਿਧਰੇ ਭੁੱਲ ਹੋ ਗਈ ਹੋਵੇ।

ਮੈਂ ਆਪਣੇ ਜਨਮ ਦਾ ਦਿਨ ਜਾਂ ਸਾਲ ਭੀ ਇਸ ਪੁਸਤਕ ਵਿਚ ਇਸ ਕਰ ਕੇ ਨਹੀਂ ਲਿਖਿਆ ਹੈ ਕਿ ਉਹ ਮੇਰੇ ਚੇਤੇ ਵਿਚ ਨਹੀਂ ਆ ਸਕਦਾ, ਪਰ ਪਾਠਕਾਂ ਦੀ ਗਿਆਤ ਲਈ ਇਸ ਮੁੱਖ-ਬੰਦ ਵਿਚ ਇਹ ਦੱਸ ਦੇਣਾ ਚਾਹੁੰਦਾ ਹਾਂ ਕਿ ਮੇਰਾ ਜਨਮ ਸੰਨ ੧੮੮੫ ਅਥਵਾ ਸੰਮਤ ੧੯੪੨ ਦਾ ਹੈ। ਮੇਰਾ ਜਨਮ ਸੰਮਤ ੧੯੪੨ ਵਿਚ ਨਿਮਾਣੀ ਇਕਾਦਸ਼ੀ ਤੋਂ ਮਗਰਲੇ ਦਿਨ ਨੂੰ ਦਿਨ ਦੇ ਨੌਂ ਦਸ ਵਜੇ ਹੋਇਆ ਸੀ। ਠੀਕ ਤਰੀਕ ਦਾ ਇਸ ਥਿਤ ਤੋਂ ਮੈਂ ਪਤਾ ਨਹੀਂ ਲਿਆ।

ਸਵਾਏ ਛੋਟੀ ਉਮਰ ਦੇ ਮੈਂ ਅਜਿਹੇ ਵਾਕੇ ਆਪਣੇ ਜੀਵਨ ਦੇ ਲਿਖਣੋਂ ਸੰਕੋਚ ਹੀ ਕੀਤਾ ਹੈ, ਜਿਨ੍ਹਾਂ ਵਿਚ ਪਬਲਿਕ ਦੀ ਕੋਈ ਦਿਲਚਸਪੀ ਨਹੀਂ ਹੋ ਸਕਦੀ।

ਦਾਸ

ਤਾਰਾ ਸਿੰਘ

Academy of the Punjab in North America: http://www.apnaorg.com

# ਨਿੱਕੀ ਉਮਰ ਦੀਆਂ
# ਨਿੱਕੀਆਂ ਗੱਲਾਂ

ਮੈਨੂੰ ਸਭ ਤੋਂ ਪਹਿਲੀ ਗੱਲ ਜੋ ਚੇਤਾ ਹੈ, ਇਹ ਹੈ ਕਿ ਮੈਂ ਮਾਂ ਦਾ ਦੁੱਧ ਪੀਂਦਾ ਸਾਂ। ਮਾਂ ਨੇ ਦੁੱਧ ਛੁੜਾ ਦਿੱਤਾ, ਪਰ ਮੈਂ ਫਿਰ ਵੀ ਦੁੱਧ ਪੀਣ ਲਈ ਮਾਂ ਦੀ ਝੋਲੀ ਵਿਚ ਜਾ ਬੈਠਾ। ਮਾਂ ਨੇ ਮੈਨੂੰ ਗੁੱਸੇ ਵਿਚ ਕਿਹਾ, "ਹੱਟ ਬੁੱਢਾ ਦਾਂਦ" ਮੈਨੂੰ ਇਹ ਤਾਹਨਾ ਅਜੇਹਾ ਲੱਗਾ ਕਿ ਮੈਨੂੰ ਦੁੱਧ ਤੋਂ ਸਾਰੀ ਉਮਰ ਲਈ ਘ੍ਰਿਣਾ ਹੋ ਗਈ। ਕਈ ਸਾਲ ਤਾਂ ਮੈਂ ਉੱਕਾ ਦੁੱਧ ਪੀਤਾ ਹੀ ਨਹੀਂ ਸੀ। ਜਦ ਤਾਪ ਚੜ੍ਹੇ 'ਤੇ ਮੈਨੂੰ ਦੁੱਧ ਪਿਆਉਣ, ਤਾਂ ਜਿਸ ਤਰ੍ਹਾਂ ਕੌੜੀ ਦੁਆਈ ਪੀਵੀ ਦੀ ਹੈ ਉਸੇ ਤਰ੍ਹਾਂ ਦੁੱਧ ਪੀ ਛੱਡਾਂ। ਮਗਰੋਂ ਦੁੱਧ ਦੇ ਲਾਭ ਗੁਣ ਸਮਝ ਕੇ ਮੇਰੀ ਨਫ਼ਰਤ ਘੱਟ ਗਈ ਹੈ ਪਰ ਅਜੇ ਭੀ ਪਾਣੀ ਨਾਲੋਂ ਵੱਧ ਚੰਗਾ ਨਹੀਂ ਲੱਗਦਾ। ਦੁੱਧ ਦੀ ਖੀਰ ਆਦਿਕ ਬਣੀ ਹੋਈ ਚੀਜ਼ ਤਾਂ ਮੈਂ ਖਾ ਲੈਂਦਾ ਹਾਂ, ਪਰ ਦੁੱਧ ਉੱਕਾ ਪਸੰਦ ਨਹੀਂ ਆਉਂਦਾ। ਕਿਧਰੇ ਕਿਸੇ ਦੇ ਜ਼ੋਰ ਦੇਣ ਉੱਤੇ ਥੋੜ੍ਹਾ ਬਾਹਲਾ ਭਾਵੇਂ ਪੀ ਲਵਾਂ।

ਦੂਜੀ ਗੱਲ ਜੋ ਮੈਨੂੰ ਚੇਤਾ ਹੈ ਉਹ ਇਹ ਹੈ, ਮੇਰੀ ਵਿਧਵਾ ਭੂਆ ਸੀ। ਮੈਂ ਉਸ ਕੋਲ ਸਵਿਆਂ ਕਰਦਾ ਸਾਂ ਤੇ ਉਹ ਮੈਨੂੰ ਕਈ ਕਥਾਵਾਂ ਹਿੰਦੂ ਦੇਵੀ-ਦੇਵਤਿਆਂ ਦੀਆਂ ਸੁਣਾਉਂਦੀ ਹੁੰਦੀ ਸੀ। ਨਾਲ ਹੀ ਮੈਨੂੰ ਵਾਹਿਗੁਰੂ ਬਾਬਤ ਗੱਲਾਂ ਭੀ ਦਸਦੀ ਹੁੰਦੀ ਸੀ। ਉਸ ਮੈਨੂੰ ਦੱਸਿਆ ਕਿ ਰੱਬ ਦਾ ਨਾ ਰੂਪ ਹੈ ਨਾ ਰੰਗ ਹੈ, ਨਾ ਅੱਖਾਂ ਹਨ, ਨਾ ਨੱਕ, ਕੰਨ ਹਨ, ਨਾ ਬਾਹਵਾਂ ਹਨ, ਨਾ ਸਿਰ ਹੈ ਤੇ ਨਾ ਲੱਤਾਂ ਹਨ ਪਰ ਉਹ ਦੇਖਦਾ, ਸੁਣਦਾ, ਸਮਝਦਾ, ਜਾਣਦਾ, ਬੁਝਦਾ ਸਭ ਕੁਝ ਹੈ। ਆਪ ਉਹ ਦਿਸਦਾ ਭੀ ਨਹੀਂ। ਮੈਂ ਹੈਰਾਨ ਹੋ ਕੇ ਮਾਂ ਨੂੰ ਜਾ ਪੁੱਛਿਆ, ਉਸ ਭੀ ਤਸਦੀਕ ਕਰ ਦਿੱਤੀ। ਮੈਂ ਆਪਣੇ ਹਾਣੀ ਮੁੰਡਿਆਂ ਵਿਚ ਜਾ ਕੇ ਆਪਣੀ ਖ਼ਬਰ ਉੱਤੇ ਫ਼ਖ਼ਰ ਕਰਨ ਲੱਗਾ ਤੇ ਉਨ੍ਹਾਂ ਨੂੰ ਕਿਹਾ ਕਿ ਰੱਬ ਦਾ ਮੈਨੂੰ ਪਤਾ ਲੱਗ ਗਿਆ ਹੈ। ਉਹ ਨਿਰਾ ਮਿੱਟੀ ਦੀ ਢੇਰੀ ਦੀ ਢੇਰੀ ਹੀ ਹੈ ਪਰ ਉਹ ਵੇਖਦਾ, ਸੁਣਦਾ, ਜਾਣਦਾ ਸਭ ਕੁਝ ਹੈ ਤੇ ਆਪ ਉਹ ਨਜ਼ਰ ਹੀ ਨਹੀਂ ਆਉਂਦਾ। ਕਿਧਰੇ ਓਹਲੇ ਬੈਠਾ ਹੈ।

ਪਰ ਮੇਰੀ ਅਜੇ ਪੂਰੀ ਤਸੱਲੀ ਨਹੀਂ ਸੀ। ਮੈਂ ਭੂਆ ਨੂੰ ਪੁੱਛਿਆ ਰੱਬ ਕਿਥੇ ਹੈ ਤੇ ਉਸ ਨੂੰ ਕਿਸ ਤਰ੍ਹਾਂ ਮਿਲੀ ਦਾ ਹੈ। ਭੂਆ ਨੇ ਦੱਸਿਆ ਕਿ "ਵਾਹਿਗੁਰੂ ਵਾਹਿਗੁਰੂ" ਜਪਣ ਨਾਲ ਰੱਬ ਮਿਲਦਾ ਹੈ, ਉਂਞ ਉਹ ਨਜ਼ਰ ਨਹੀਂ ਆਉਂਦਾ ਤੇ ਲਭਦਾ ਨਹੀਂ। ਉਸ ਨੇ ਮੈਨੂੰ ਧੰਨੇ ਭਗਤ ਦੀ ਕਥਾ ਭੀ ਸੁਣਾਈ ਜਿਸ ਨੂੰ ਪਨਸੇਰੀ ਵਿੱਚੋਂ ਰੱਬ ਲੱਭ ਪਿਆ ਸੀ। ਅਸੀਂ ਛੋਟੇ-ਛੋਟੇ ਮੁੰਡੇ ਕਈ ਵੇਰਾਂ ਇਕੱਠੇ ਕਸ (ਖੱਡ)

Academy of the Punjab in North America: http://www.apnaorg.com

ਵਿਚ ਚਲੇ ਜਾਇਆ ਕਰਦੇ ਸਾਂ ਤੇ ਉਥੇ ਛੋਟੇ-ਛੋਟੇ ਪੱਕੇ ਪੱਥਰ ਬਥੇਰੇ ਸਨ ਤੇ ਉਨ੍ਹਾਂ ਵਿੱਚੋਂ ਕਿਸੇ ਕਿਸੇ ਦੇ ਦਵਾਲੇ ਚਿੱਟੀ ਲਕੀਰ ਹੁੰਦੀ ਸੀ। ਇਨ੍ਹਾਂ ਪੱਥਰਾਂ ਨੂੰ ਅਸੀਂ 'ਠਾਕਰ' ਕਹਿੰਦੇ ਸਾਂ ਤੇ ਉਸ ਲਕੀਰ ਨੂੰ ਜੰਞੂ। ਧੰਨੇ ਦੀ ਕਥਾ ਸੁਣ ਕੇ ਮੈਂ ਭੀ ਇਕ ਠਾਕਰ ਕਸ (ਖੱਡ) ਵਿੱਚੋਂ ਚੁੱਕ ਲਿਆਇਆ ਤੇ ਮੇਰੇ ਦਿਲ ਵਿਚ ਆਈ ਕਿ ਮੈਂ ਭੀ ਧੰਨੇ ਵਾਂਗੂੰ ਰੋਟੀ ਖਾਣੀ ਛੱਡ ਦੇਵਾਂ ਤੇ 'ਠਾਕਰ' ਨੂੰ ਖੁਆ ਕੇ ਹੀ ਖਾਵਾਂ ਪਰ ਮੈਂ ਪਿਤਾ ਜੀ ਤੋਂ ਡਰਦਾ ਇਹ ਕਦਮ ਚੁੱਕਾਂ ਨਾ। ਕਈ ਵੇਰ ਦਲੀਲ ਕੀਤੀ ਪਰ ਆਖਰ ਇਹ ਸਲਾਹ ਮੈਂ ਆਪੇ ਹੀ ਛੱਡ ਦਿੱਤੀ।

ਮੁੰਡੇ ਆਪੋ ਵਿਚ ਗੱਲਾਂ ਕੀਤਾ ਕਰਦੇ ਸਨ ਤੇ ਬ੍ਰਾਹਮਣ ਮੁੰਡੇ ਕਿਹਾ ਕਰਦੇ ਸਨ ਕਿ ਦੇਵੀ ਵੱਡੀ ਹੈ ਤੇ ਖੱਤਰੀ ਮੁੰਡੇ ਕਿਹਾ ਕਰਦੇ ਸਨ, ਗੁਰੂ ਨਾਨਕ ਵੱਡੇ ਹਨ। ਮੈਂ ਮਾਂ ਨੂੰ ਪੁੱਛਿਆ, ਕਿਉਂਕਿ ਭੂਆ ਮੇਰੀ ਮਰ ਚੁੱਕੀ ਸੀ। ਮਾਂ ਨੇ ਕਿਹਾ ਗੁਰੂ ਨਾਨਕ ਸਾਹਿਬ ਵੱਡੇ ਹਨ, ਉਹ ਮੁਕਤੀ ਦੇ ਦਾਤੇ ਹਨ ਤੇ ਦੇਵੀ ਵਰਾਂ ਦੀ ਦਾਤੀ ਹੈ। ਮੇਰਾ ਇਕ ਦੋਸਤ ਸੀ, ਜਿਸ ਦਾ ਨਾਮ ਨੰਦ ਲਾਲ ਸੀ ਤੇ ਉਸ ਨੂੰ ਸਾਰੇ "ਨੰਦਾ, ਨੰਦਾ" ਕਹਿ ਕੇ ਬੁਲਾਉਂਦੇ ਸਨ। ਉਸ ਨਾਲ ਮੈਂ ਸਲਾਹ ਕੀਤੀ ਕਿ ਹੁਣ ਦੱਸੋ ਕਿ ਦੇਵੀ ਨੂੰ ਪੂਜੀਏ ਕਿ ਗੁਰੂ ਨਾਨਕ ਸਾਹਿਬ ਨੂੰ। ਮੈਂ ਕਿਹਾ ਗੁਰੂ ਨਾਨਕ ਤਾਂ ਨਿਰੀ ਮੁਕਤੀ ਹੀ ਦੇਂਦੇ ਹਨ ਤੇ ਦੇਵੀ ਸਭ ਵਰ ਦੇ ਸਕਦੀ ਹੈ। ਦੇਵੀ ਸਿੱਧ ਹੋਵੇ ਤਾਂ ਜੇ ਠੀਕ ਸਮਝਿਆ, ਵਰ ਵਿਚ ਮੁਕਤੀ ਹੀ ਮੰਗ ਲਵਾਂਗੇ। ਚਲੋ ਦੇਵੀ ਨੂੰ ਪੂਜ ਕੇ ਰਾਜ਼ੀ ਕਰੀਏ ਤੇ ਉਹ ਰਾਜ਼ੀ ਹੋ ਗਈ ਤਾਂ ਸਾਡੇ ਵਿੱਚੋਂ ਇਕ ਤਾਂ ਦੁਹਾਂ ਲਈ ਮੁਕਤੀ ਮੰਗ ਲਵੇ ਤੇ ਦੂਜਾ ਕੋਈ ਹੋਰ ਵਰ ਮੰਗ ਲਵੇ। ਇਹ ਸਲਾਹ ਪਕਾ ਕੇ ਅਸੀਂ ਰੋਜ਼ ਦੇਵੀ ਦੇ ਅਸਥਾਨ ਉੱਤੇ ਜਾਇਆ ਕਰੀਏ। ਉਹ ਅਸਥਾਨ ਬੰਦ ਹੁੰਦਾ ਸੀ। ਉਸ ਦਾ ਕੋਈ ਪੁਜਾਰੀ ਉਥੇ ਨਹੀਂ ਹੁੰਦਾ ਸੀ। ਅਸੀਂ ਅਸਥਾਨ ਦੇ ਸਾਹਮਣੇ ਬੇਰੀ ਹੇਠਾਂ ਬਹਿ ਕੇ 'ਵਾਹਿਗੁਰੂ ਵਾਹਿਗੁਰੂ' ਜਪਿਆ ਕਰਦੇ ਸਾਂ। ਸਾਨੂੰ ਇਤਨੀ ਸਮਝ ਨਹੀਂ ਸੀ ਕਿ 'ਵਾਹਿਗੁਰੂ ਵਾਹਿਗੁਰੂ' ਜਪਣਾ ਕੋਈ ਦੇਵੀ ਦੀ ਪੂਜਾ ਨਹੀਂ ਹੈ। ਉਹ ਅਸਥਾਨ ਪਿੰਡੋਂ ਲਾਂਭੇ ਤੇ ਪਿੰਡ ਦੇ ਕੁਝ ਕੋਠਿਆਂ ਦੀ ਪਿੱਠ ਪਿੱਛੇ ਹੈ। ਜਿਸ ਕਰਕੇ ਸਾਨੂੰ ਕਿਸੇ ਨੇ ਵੇਖਿਆ ਨਾ, ਪਰ ਅਸੀਂ ਕੁਝ ਦਿਨ ਇਸ ਤਰ੍ਹਾਂ ਭਜਨ ਕਰਕੇ ਮੁੜ ਮੁੰਡਿਆਂ ਨਾਲ ਖੇਡ ਵਿਚ ਜਾ ਸ਼ਾਮਲ ਹੋਏ, ਪਰ ਮੈਂ ਮਨ ਵਿਚ 'ਵਾਹਿਗੁਰੂ ਵਾਹਿਗੁਰੂ' ਕਹਿੰਦਾ ਰਹਿੰਦਾ ਸਾਂ। ਇਕ ਦਿਨ ਕਬੱਡੀ ਖੇਡਣ ਲੱਗੇ ਤੇ ਖੇਡ ਵਿਚ ਮੈਂ 'ਸਾਹ' ਪਾਇਆ ਤਾਂ ਹੋਰ ਤਾਂ ਕੌਡੀ-ਕੌਡੀ ਕਿਹਾ ਕਰਦੇ ਸਨ, ਪਰ ਮੈਨੂੰ 'ਵਾਹਿਗੁਰੂ' ਕਹਿਣ ਦੀ ਆਦਤ ਅਜੇਹੀ ਪੈ ਚੁੱਕੀ ਸੀ ਕਿ ਮੈਂ ਸੁਭਾਵਕ ਹੀ ਉੱਚੀ-ਉੱਚੀ 'ਵਾਹਿਗੁਰੂ ਵਾਹਿਗੁਰੂ' ਕਹਿੰਦਾ ਮੁੰਡੇ ਦੇ ਪਿੱਛੇ ਭੱਜਿਆ। ਇਸ ਤਰ੍ਹਾਂ ਮੇਰਾ ਭੇਦ ਖੁਲ੍ਹ ਗਿਆ। ਮੈਂ ਮਾਂ ਦੇ ਕਹਿਣ ਮੁਤਾਬਕ ਉਸ ਵੇਲੇ ਇਹ ਭੀ ਨਿਸਚਾ ਰੱਖਦਾ ਸਾਂ ਕਿ ਭਜਨ ਉਹ ਹੈ ਜੋ ਚੋਰੀ ਕੀਤਾ ਜਾਵੇ ਤੇ ਕਿਸੇ ਨੂੰ ਖ਼ਬਰ ਨਾ ਹੋਣ ਦਿੱਤੀ ਜਾਵੇ।

ਕਈ ਤਰ੍ਹਾਂ ਦੀਆਂ ਖੇਡਾਂ ਸਨ ਤੇ ਮੈਂ ਸਭ ਵਿਚ ਹੀ ਚੰਗਾ ਖਿਡਾਰੀ ਸਾਂ।

Academy of the Punjab in North America: http://www.apnaorg.com

ਉਨ੍ਹਾਂ ਸਾਰੀਆਂ ਨੂੰ ਇਕ-ਇਕ ਕਰਕੇ ਲਿਖਣ ਦੀ ਲੋੜ ਨਹੀਂ ਭਾਸਦੀ, ਮਦਰਸੇ ਦਾ ਕੁਝ ਹਾਲ ਲਿਖਣਾ ਠੀਕ ਜਾਪਦਾ ਹੈ। ਮਦਰਸਾ ਸਾਡਾ "ਹਰਨਾਲ" ਸੀ ਜੋ "ਹਰਿਆਲ" ਤੋਂ ਮੀਲ ਡੇਢ ਮੀਲ ਦੇ ਫਾਸਲੇ ਉੱਤੇ ਸੀ। ਹਰਨਾਲ ਵਿਚ ਪੰਜਵੀਂ ਜਮਾਤ ਤਕ ਮਦਰਸਾ ਸੀ ਤੇ ਹਰਿਆਲ ਤੋਂ ਅਸੀਂ ਕੋਈ ਦਸ ਬਾਰਾਂ ਮੁੰਡੇ ਪੜ੍ਹਨ ਜਾਇਆ ਕਰਦੇ ਸਾਂ। ਸਵੇਰੇ ਹੀ ਅਸੀਂ ਸਭ ਆਪਣੇ-ਆਪਣੇ ਘਰੋਂ ਰੋਟੀਆਂ ਪਕਵਾ ਕੇ ਕੁਝ ਖਾ ਲੈਂਦੇ ਸਾਂ ਤੇ ਕੁਝ ਨਾਲ ਲੈ ਲੈਂਦੇ ਸਾਂ। ਆਪਣੀ-ਆਪਣੀ ਰੋਟੀ ਹਰ ਇਕ ਮੁੰਡਾ ਪਰਨੇ ਨਾਲ ਬੰਨ੍ਹ ਲੈਂਦਾ ਸੀ ਤੇ ਨਾਲ ਅਚਾਰ ਜਾਂ ਗੰਢਾ ਜਾਂ ਗੁੜ ਬੰਨ੍ਹ ਲੈਂਦਾ ਸੀ। ਰਾਹ ਖੇਡਦੇ, ਹਸਦੇ ਅਸੀਂ ਜਦ ਮਦਰਸੇ ਦੇ ਨੇੜੇ ਜਾਂਦੇ ਸਾਂ, ਤਾਂ ਇਉਂ ਭਾਸਦਾ ਸੀ ਕਿ ਜਿਸ ਤਰ੍ਹਾਂ ਤਾਪ ਚੜ੍ਹ ਜਾਂਦਾ ਹੈ। ਮਦਰਸੇ ਦੀ ਸ਼ਕਲ ਹੀ ਡਰਾਂਦੀ ਸੀ ਤੇ ਮੁਨਸ਼ੀ ਘਨੱਯਾ ਲਾਲ ਨੂੰ ਵੇਖ ਕੇ ਤਾਂ ਪ੍ਰਾਣ ਨਿਕਲਦੇ ਜਾਪਦੇ ਸਨ। ਮਦਰਸੇ ਅੱਪੜ ਕੇ ਰੋਟੀਆਂ ਮੁਨਸ਼ੀ ਘਨੱਯਾ ਲਾਲ ਦੀ ਕੋਠੜੀ ਵਿਚ ਰੱਖ ਕੇ ਹਰ ਕੋਈ ਆਪਣੀ-ਆਪਣੀ ਜਮਾਤ ਵਿਚ ਬਹਿ ਜਾਂਦਾ ਸੀ। ਸਾਰਾ ਹਾਲ ਕੀ ਵਰਨਣ ਕਰਨਾ ਹੈ, ਥੋੜ੍ਹੀਆਂ ਗੱਲਾਂ ਹੀ ਦੱਸਣੀਆਂ ਕਾਫੀ ਹਨ। ਅਸੀਂ ਸਵੇਰ ਤੋਂ ਸ਼ਾਮ ਤਕ ਮਦਰਸੇ ਵਿਚ ਕੈਦ ਰਹਿੰਦੇ ਸਾਂ। ਮਦਰਸੇ ਤੋਂ ਅਜੇਹੇ ਵੇਲੇ ਛੁੱਟੀ ਮਿਲਦੀ ਸੀ, ਕਿ ਅਸੀਂ ਮਸਾਂ ਹਨ੍ਹੇਰੇ ਤੋਂ ਪਹਿਲਾਂ ਘਰ ਅਪੜਿਆ ਕਰਦੇ ਸਾਂ। ਹਾਂ ਰੋਟੀ ਵੇਲੇ ਰੋਟੀ ਖਾਣ ਦੀ ਛੁੱਟੀ ਜ਼ਰੂਰ ਮਿਲਦੀ ਸੀ। ਸਿਆਲ ਵਿਚ ਤਾਂ ਉੱਥੇ ਮਦਰਸੇ ਦੇ ਹਾਤੇ ਵਿਚ ਹੀ ਧੁੱਪੇ ਜਾਂ ਦਰਖ਼ਤ ਦੀ ਛਾਵੇਂ ਬਹਿ ਕੇ ਅਸੀਂ ਰੋਟੀ ਖਾ ਲੈਂਦੇ ਸਾਂ, ਪਰ ਗਰਮੀਆਂ ਵਿਚ ਨਾਲ ਦੀ ਬੰਨ੍ਹ, (ਤਲਾਬ) ਉੱਤੇ ਚਲੇ ਜਾਂਦੇ ਸਾਂ। ਇਸ ਬੰਨ੍ਹ ਉੱਤੇ ਬੋਹੜ ਦੇ ਦਰਖ਼ਤ ਸਨ। ਉਨ੍ਹਾਂ ਦੀ ਛਾਵੇਂ ਬਹਿ ਕੇ ਰੋਟੀ ਖਾਂਦੇ ਸਾਂ ਤੇ ਪਾਣੀ ਬੰਨ੍ਹ ਵਿੱਚੋਂ ਹੀ ਪੀ ਲੈਂਦੇ ਸਾਂ। ਜਦ ਗਰਮੀ ਵਧੇਰੇ ਹੋ ਜਾਵੇ ਤੇ ਬੰਨ੍ਹ ਵਿਚ ਪਾਣੀ ਥੋੜ੍ਹਾ ਰਹਿ ਜਾਵੇ ਤੇ ਉਸ ਪਾਣੀ ਵਿਚ ਪੂੰਗਰੇ (ਕੀੜੇ) ਪੈ ਜਾਣ ਤਾਂ ਅਸੀਂ ਕੁੜਤੇ ਨੂੰ ਸਾਹਮਣੇ ਪਾਸੇ ਤੋਂ ਚੁੱਕ ਕੇ ਮੂੰਹ ਉੱਤੇ ਸੁੱਟ ਲੈਂਦੇ ਸਾਂ ਤੇ ਪਾਣੀ ਦਾ ਬੁੱਕ ਭਰ ਕੇ ਕੁੜਤੇ ਵਿੱਚੋਂ ਦੀ ਪੁਣਿਆ ਹੋਇਆ ਪਾਣੀ ਪੀ ਲੈਂਦੇ ਸਾਂ, ਪਰ ਨੇੜੇ ਹੀ ਧਰਮਸ਼ਾਲਾ ਭੀ ਸੀ ਤੇ ਉੱਥੇ ਖੂਹ ਲਗਾ ਹੋਇਆ ਸੀ। ਇਸ ਖੂਹ ਦਾ ਪਾਣੀ ਕੋਈ ਚਾਲੀ ਗਜ਼ ਦੂਰ ਹੋਣਾ ਹੈ। ਖੂਹ ਵਿੱਚੋਂ ਪਾਣੀ ਕੱਢਣਾ ਸਾਡੇ ਲਈ ਔਖਾ ਸੀ, ਪਰ ਕਦੀ-ਕਦੀ ਭਾਈ ਪਾਣੀ ਭਰ ਰੱਖਦਾ ਸੀ ਜਾਂ ਕੋਈ ਪਿੰਡ ਦਾ ਬੰਦਾ ਪਾਣੀ ਕੱਢ ਕੇ ਸਾਨੂੰ ਪਿਲਾ ਦਿੱਤਾ ਕਰਦਾ ਸੀ। ਜਦ ਸ਼ਾਮ ਨੂੰ ਛੁੱਟੀ ਮਿਲਦੀ ਸੀ ਤੇ ਅਸੀਂ ਘਰ ਵੱਲ ਤੁਰਦੇ ਸਾਂ ਤਾਂ ਹਰਨਾਲ ਦੇ ਸਾਰੇ ਪਿੰਡ ਵਿੱਚੋਂ ਲੰਘ ਕੇ ਹਰਿਆਲ ਵਾਲੇ ਪਾਸੇ ਪਿਆਰੇ ਨੰਬਰਦਾਰ ਦਾ ਘਰ ਸੀ। ਪਿਆਰੇ ਨੰਬਰਦਾਰ ਦੀ ਇਸਤ੍ਰੀ ਠੰਢੇ ਪਾਣੀ ਦੇ ਦੋ ਘੜੇ ਭਰ ਰੱਖਦੀ ਸੀ ਤੇ ਕੋਲ ਛੰਨਾ ਰੱਖਿਆ ਹੁੰਦਾ ਸੀ। ਅਸੀਂ ਮੁੜਦੀ ਵੇਰਾਂ ਸਾਰੇ ਮੁੰਡੇ ਹੀ ਪਿਆਰੇ ਦੇ ਘਰੋਂ ਆਪ ਪਾਣੀ ਦੇ ਛੰਨੇ ਭਰ-ਭਰ ਕੇ ਪੀ ਕੇ ਤੁਰਿਆ ਕਰਦੇ ਸਾਂ। ਅਸੀਂ ਮਦਰਸੇ ਵਿਚ ਤਿਹਾਏ ਬਹੁਤ ਰਹਿੰਦੇ ਸਾਂ ਤੇ ਤੇਹ ਲੱਗੀ ਹੋਈ ਜਦ ਪਿਆਰੇ ਦੇ ਘਰ ਸਾਨੂੰ ਸਾਫ਼ ਤੇ ਠੰਢਾ ਤਾਜ਼ਾ (ਪੋਠੋਹਾਰ

Academy of the Punjab in North America: http://www.apnaorg.com

ਦੇ ਖੂਹਾਂ ਦਾ ਤਾਜ਼ਾ ਪਾਣੀ ਬਹੁਤ ਠੰਢਾ ਹੁੰਦਾ ਹੈ) ਪਾਣੀ ਮਿਲਦਾ ਸੀ ਤਾਂ ਉਸ ਤੋਂ ਵੱਧ ਨਿਆਮਤ ਕੀ ਹੋ ਸਕਦੀ ਹੈ। ਪਿਆਰੇ ਦੇ ਪਿਆਰ ਦੀ ਕਦਰ ਉਸ ਵੇਲੇ ਤਾਂ ਅਸੀਂ ਨਹੀਂ ਸਮਝੇ ਪਰ ਹੁਣ ਭੁੱਲ ਦੀ ਨਹੀਂ। ਮਦਰਸੇ ਵਿਚ ਪਾਣੀ ਪੀਣ ਦੀ ਤਕਲੀਫ਼ ਇਸ ਕਰਕੇ ਭੀ ਸੀ ਕਿ ਸਾਨੂੰ ਮੁਨਸ਼ੀ ਘਨੱਯਾ ਲਾਲ ਤੋਂ ਪਾਣੀ ਪੀਣ ਦੀ ਛੁੱਟੀ ਮੰਗਣ ਦਾ ਭੀ ਹੌਂਸਲਾ ਨਹੀਂ ਸੀ ਪੈਂਦਾ। ਕਈ ਤਾਂ ਡਰਦੇ-ਡਰਦੇ ਛੁੱਟੀ ਮੰਗ ਲਿਆ ਕਰਦੇ ਸਨ, ਜਿਨ੍ਹਾਂ ਵਿੱਚੋਂ ਜ਼ਰੂਰੀ ਨਹੀਂ ਕਿ ਸਭ ਨੂੰ ਛੁੱਟੀ ਮਿਲ ਹੀ ਜਾਵੇ ਪਰ ਮੈਂ ਤਾਂ ਬਹੁਤ ਘੱਟ ਛੁੱਟੀ ਮੰਗਦਾ ਸਾਂ ਕਿਉਂਕਿ ਮੈਨੂੰ ਜੇ ਇਨਕਾਰ ਹੋਵੇ ਤਾਂ ਮੈਂ ਬਹੁਤ ਹੱਤਕ ਮਹਿਸੂਸ ਕਰਦਾ ਸਾਂ। ਮੈਨੂੰ ਚੇਤਾ ਹੈ ਕਿ ਇਕ ਦਿਨ ਮੀਂਹ ਵਸਿਆ ਤੇ ਮੈਂ ਤਾਕੀ ਵਿੱਚੋਂ ਸਿਰ ਕੱਢ ਕੇ ਬਾਹਰ ਉਤਾਹਾਂ ਵਲ ਮੂੰਹ ਟੱਡ ਕੇ ਮੀਂਹ ਦੀਆਂ ਬੂੰਦਾਂ ਪੀਤੀਆਂ ਸਨ, ਭਾਵੇਂ ਬੂੰਦਾਂ ਥੋੜ੍ਹੀਆਂ ਹੀ ਪਈਆਂ ਸਨ ਤੇ ਮੇਰਾ ਬਣਿਆ ਕੁਝ ਭੀ ਨਹੀਂ ਸੀ। ਇਕ ਸਵਾਦਲੀ ਵਾਰਤਾ ਦੱਸਣ ਵਾਲੀ ਇਹ ਭੀ ਹੈ ਕਿ ਮਦਰਸੇ ਦਾ ਕਾਇਦਾ ਇਹ ਸੀ ਕਿ ਛੁੱਟੀ ਮੰਗਣ ਵਾਲਾ ਮੁੰਡਾ ਮੂੰਹੋਂ ਕੁਝ ਨਹੀਂ ਸੀ ਬੋਲਦਾ ਤੇ ਇਸ਼ਾਰੇ ਨਾਲ ਛੁੱਟੀ ਮੰਗਦਾ ਸੀ। ਇਸ਼ਾਰੇ ਇਹ ਸਨ: ਛੁੱਟੀ ਮੰਗਣ ਵਾਲਾ ਮੁੰਡਾ ਮੁਨਸ਼ੀ ਦੇ ਸਾਹਮਣੇ ਜਾ ਖਲੋਂਦਾ ਸੀ ਤੇ ਪਾਣੀ ਪੀਣ ਦੀ ਛੁੱਟੀ ਲਈ ਹੱਥ ਦੀ ਇਕ ਉਂਗਲ ਖੜ੍ਹੀ ਕਰਦਾ ਸੀ। ਘਰ ਜਾਣ ਦੀ ਛੁੱਟੀ ਲਈ ਦੋ ਉਂਗਲਾਂ, ਪਿਸ਼ਾਬ ਕਰਨ ਲਈ ਤਿੰਨ ਉਂਗਲਾਂ ਤੇ ਪਖਾਨੇ ਲਈ ਚਾਰੇ ਉਂਗਲਾਂ ਖੜ੍ਹੀਆਂ ਕਰਦਾ ਸੀ। ਇਨ੍ਹਾਂ ਇਸ਼ਾਰਿਆਂ ਵਿੱਚੋਂ ਸ਼ਾਇਦ ਮੈਂ ਕੋਈ ਗ਼ਲਤੀ ਖਾ ਗਿਆ ਹੋਵਾਂ ਕਿਉਂਕਿ ਹੁਣ ਸਮਾਂ ਬਹੁਤ ਲੰਘਣ ਕਰ ਕੇ ਭੁੱਲ ਹੋ ਸਕਦੀ ਹੈ। ਕਦੀ ਤਾਂ ਮੁਨਸ਼ੀ ਸਾਹਿਬ ਪਰੇ ਮੂੰਹ ਕਰ ਲੈਂਦੇ ਸਨ ਤੇ ਕੋਈ ਜਵਾਬ ਹੀ ਨਹੀਂ ਦੇਂਦੇ ਸਨ ਤੇ ਕਦੀ ਹਾਂ, ਨਾ ਜਵਾਬ ਮਿਲਦਾ ਸੀ। ਇਕ ਵੇਰਾਂ ਇਕ ਛੋਟਾ ਜਿਹਾ ਮੁੰਡਾ ਚਾਰ ਉਂਗਲਾਂ ਖੜ੍ਹੀਆਂ ਕਰਕੇ ਮੁਨਸ਼ੀ ਜੀ ਦੇ ਸਾਹਮਣੇ ਜਾ ਖੜਾ ਹੋਇਆ। ਮੁਨਸ਼ੀ ਜੀ ਨੇ ਪਰੇ ਮੂੰਹ ਕਰ ਲਿਆ। ਮੁੰਡਾ ਜ਼ਰਾ ਪਰੇ ਹੋ ਕੇ ਫੇਰ ਸਾਹਮਣੇ ਹੋਇਆ ਪਰ ਮੁਨਸ਼ੀ ਜੀ ਨੇ ਕੋਈ ਧਿਆਨ ਨਾ ਦਿੱਤਾ। ਇਸ ਤਰ੍ਹਾਂ ਕਿਤਨਾ ਚਿਰ ਹੀ ਵਿਚਾਰਾ ਮੁੰਡਾ ਉਂਗਲਾਂ ਖੜੀਆਂ ਕਰਕੇ ਖੜੋਤਾ ਰਿਹਾ ਤੇ ਪਖਾਨਾ ਉਸ ਦੇ ਪਜਾਮੇ ਦੇ ਪੌਂਚਿਆਂ ਵਿੱਚੋਂ ਵਗ ਨਿਕਲਿਆ। ਇਸ ਤਰ੍ਹਾਂ ਦੇ ਤਮਾਸ਼ੇ ਹਰ ਸਾਲ ਕੋਈ ਨਾ ਕੋਈ ਹੁੰਦੇ ਰਹਿੰਦੇ ਸਨ। ਪਿਸ਼ਾਬ ਤਾਂ ਕਈ ਮੁੰਡਿਆਂ ਦਾ ਪਜਾਮੇ ਵਿਚ ਨਿਕਲ ਜਾਇਆ ਕਰਦਾ ਸੀ ਤੇ ਉਹ ਛੁੱਟੀ ਮੰਗਣ ਦਾ ਹੌਂਸਲਾ ਨਹੀਂ ਕਰਦੇ ਸਨ।

ਅਸੀਂ ਕੈਦ ਤਾਂ ਸਾਰਾ ਦਿਨ ਹੀ ਰਹਿੰਦੇ ਸਾਂ ਪਰ ਪੜ੍ਹਦੇ ਮਸਾਂ ਘੰਟੇ ਦੋ ਘੰਟੇ ਹੀ ਰੋਜ਼ ਸਾਂ। ਪੰਜਵੀਂ ਜਮਾਤ ਦਾ ਇਮਤਿਹਾਨ ਦੇਣ ਸਮੇਂ ਤਾਂ ਰਾਤ ਨੂੰ ਭੀ ਮੁਨਸ਼ੀ ਜੀ ਸਾਨੂੰ ਮਦਰਸੇ ਹੀ ਸੁਆਂਦੇ ਸਨ ਤੇ ਅਸੀਂ ਭੀ ਦੀਵੇ ਦੇ ਸਾਹਮਣੇ ਕਿਤਾਬ ਰੱਖ ਕੇ ਬਹਿ ਰਹਿੰਦੇ ਸਾਂ। ਮੈਨੂੰ ਚੇਤਾ ਹੈ ਕਿ ਸਾਡੇ ਵਿੱਚੋਂ ਕਦੀ ਕੋਈ ਇਕ ਅੱਖਰ ਭੀ ਨਹੀਂ ਪੜ੍ਹਿਆ ਸੀ ਤੇ ਨਾ ਮੁਨਸ਼ੀ ਜੀ ਨੇ ਕਦੀ ਪੜ੍ਹਾਇਆ ਸੀ। ਦੀਵੇ ਦੇ ਸਾਹਮਣੇ ਬਹਿ ਕੇ ਅਸੀਂ ਜੇਬਾਂ ਵਿੱਚੋਂ ਭੁੱਜੇ ਹੋਏ ਦਾਣੇ ਕੱਢ-ਕੱਢ ਕੇ ਖਾਂਦੇ ਸਾਂ

Academy of the Punjab in North America: http://www.apnaorg.com

ਜਾਂ ਇਕ ਦੂਜੇ ਨੂੰ ਚੂੰਢੀਆਂ ਵੱਢ ਦੇ ਸਾਂ। ਇਹ ਸਾਰਾ ਅਡੰਬਰ ਤਾਂ ਮੁਨਸ਼ੀ ਜੀ ਲੋਕਾਂ ਵਿਚ ਆਪਣੀ ਨਾਮਵਰੀ ਲਈ ਹੀ ਰਚਦੇ ਸਨ।

ਕੁਦਰਤੀ ਤੌਰ 'ਤੇ ਅਜੇਹੀ ਹਾਲਤ ਵਿਚ ਮਦਰਸਾ ਸਾਡੇ ਲਈ ਬੜੀ ਡਰਾਉਣੀ ਥਾਂ ਸੀ। ਅਸੀਂ ਮਦਰਸੇ ਤੋਂ ਗੈਰ ਹਾਜ਼ਰ ਰਹਿਣ ਦਾ ਕੋਈ ਨਾ ਕੋਈ ਬਹਾਨਾ ਟੋਲਦੇ ਰਹਿੰਦੇ ਸਾਂ। ਮੈਂ ਜਮਾਤ ਵਿਚ ਅੱਵਲ ਰਿਹਾ ਕਰਦਾ ਸਾਂ। ਫਿਰ ਵੀ ਮੇਰਾ ਜੀਅ ਮਦਰਸੇ ਜਾਣ ਨੂੰ ਨਹੀਂ ਸੀ ਕਰਦਾ। ਆਮ ਤੌਰ 'ਤੇ ਮੈਨੂੰ ਸੱਚਾ ਸਮਝਿਆ ਜਾਂਦਾ ਸੀ ਤੇ ਮੁਨਸ਼ੀ ਜੀ ਭੀ ਮੇਰੀ ਜ਼ਬਾਨ ਉੱਤੇ ਇਤਬਾਰ ਕੀਤਾ ਕਰਦੇ ਸਨ ਪਰ ਮਦਰਸੇ ਤੋਂ ਗ਼ੈਰ ਹਾਜ਼ਰ ਰਹਿਣ ਦਾ ਬਹਾਨਾ ਢੂੰਡਣ ਵਿਚ ਮੈਂ ਦੂਜਿਆਂ ਮੁੰਡਿਆਂ ਵਰਗਾ ਹੀ ਸਾਂ। ਇਕ ਦਿਨ ਅਸੀਂ ਘਰੋਂ ਤੁਰੇ ਤੇ ਰਾਹ ਵਿਚ ਥੋੜ੍ਹੀ ਜਿਹੀ ਬਾਰਸ਼ ਹੋਈ। ਇਹ ਬਾਰਸ਼ ਸਾਰਾ ਰਾਹ ਲੰਘ ਕੇ ਹਰਨਾਲ ਵਿਚ ਜਾ ਵਸੀ ਸੀ। ਅਸੀਂ ਪ੍ਰਸੰਨ ਸਾਂ ਕਿ ਮਦਰਸਿਓਂ ਗ਼ੈਰ ਹਾਜ਼ਰ ਹੋਣ ਦਾ ਬਹਾਨਾ ਨਿਕਲ ਪਿਆ ਹੈ ਪਰ ਬਾਰਸ਼ ਦਾ ਥੋੜ੍ਹਾ ਛੱਟਾ ਪੈ ਕੇ ਹੀ ਬੰਦ ਹੋ ਗਈ। ਅਸੀਂ ਵਾਹਿਗੁਰੂ ਅੱਗੇ ਬਥੇਰੀਆਂ ਬੇਨਤੀਆਂ ਤੇ ਅਰਦਾਸਾਂ ਕੀਤੀਆਂ ਕਿ ਮੀਂਹ ਵਸਾ ਪਰ ਮੀਂਹ ਨਾ ਹੀ ਵਸਿਆ। ਬਾਕੀ ਮੁੰਡੇ ਮੇਰੀ ਅਰਦਾਸ ਵਿਚ ਖ਼ਾਸ ਤੌਰ 'ਤੇ ਸ਼ਕਤੀ ਸਮਝਦੇ ਸਨ, ਉਨ੍ਹਾਂ ਦੇ ਕਹਿਣ ਉੱਤੇ ਥੋੜ੍ਹੀ-ਥੋੜ੍ਹੀ ਕਣੀ ਪੈਂਦਿਆਂ ਮੈਂ ਬਾਹਰ ਖੜ੍ਹ ਕੇ ਭੀ ਪ੍ਰਾਰਥਨਾ ਕੀਤੀ, ਪਰ ਉਲਟਾ ਉਕੀ ਹੀ ਬਾਰਸ਼ ਬੰਦ ਹੋ ਗਈ। ਅਸੀਂ ਜਦੋਂ ਤਕੀ ਵਿਚ ਕਾਫ਼ੀ ਚਿਰ ਲਾ ਦਿੱਤਾ ਤੇ ਸਮਝਿਆ ਕਿ ਮਦਰਸੇ ਤੋਂ ਤਾਂ ਹੁਣ ਮਾਰ ਪੈਣੀ ਹੀ ਹੈ, ਇਸ ਕਰ ਕੇ ਸਭ ਸਲਾਹ ਕਰ ਕੇ ਪਿੰਡ ਮੁੜ ਆਏ ਤੇ ਅਗਲੇ ਦਿਨ ਜੋ ਭੁਗਤਣੀ ਪਈ ਉਹ ਭੁਗਤ ਲਈ।

ਮੈਨੂੰ ਇਕ ਗੱਲ ਇਹ ਭੀ ਚੇਤਾ ਹੈ ਕਿ ਜਦ ਧਰਮਸ਼ਾਲਾ ਵਿਚ ਕੜਾਹ ਪ੍ਰਸ਼ਾਦ ਵੰਡਦੇ ਸਨ ਤਾਂ ਛੋਟੇ-ਛੋਟੇ ਮੁੰਡੇ ਕਈ ਵੇਰਾਂ ਕੜਾਹ ਪ੍ਰਸ਼ਾਦ ਲੈਣ ਦਾ ਯਤਨ ਕਰਦੇ ਸਨ। ਇਕ ਵੇਰਾਂ ਕੜਾਹ ਪ੍ਰਸ਼ਾਦ ਲੈ ਕੇ ਖਾ ਲੈਂਦੇ ਸਨ ਤੇ ਬਾਹਰ ਜਾ ਕੇ ਹੱਥਾਂ ਨੂੰ ਮਿੱਟੀ ਮਲ ਕੇ ਥਿੰਧਾ ਲਾਹ ਦੇਂਦੇ ਸਨ। ਇਸ ਤਰ੍ਹਾਂ ਭਾਈ ਜੀ ਪਛਾਣ ਨਹੀਂ ਸਕਦੇ ਸਨ ਕਿ ਕਿਹੜਾ ਮੁੰਡਾ ਦੂਜੀ ਵੇਰਾਂ ਕੜਾਹ ਪ੍ਰਸ਼ਾਦ ਲੈਣ ਆਇਆ ਹੈ; ਪਰ ਮੈਂ ਇਸ ਤਰ੍ਹਾਂ ਨਹੀਂ ਕੀਤਾ ਕਰਦਾ ਸਾਂ ਕਿਉਂਕਿ ਮੈਂ ਪਾਪ ਤੋਂ ਬਚਣ ਦਾ ਜਤਨ ਉਸ ਉਮਰ ਵਿਚ ਭੀ ਕਰਦਾ ਸਾਂ। ਇਕ ਦਿਨ ਕੜਾਹ ਪ੍ਰਸ਼ਾਦ ਵਰਤਾਂਦੇ ਹੋਏ ਭਾਈ ਜੀ ਮੈਨੂੰ ਗ਼ਲਤੀ ਨਾਲ ਛੱਡ ਗਏ। ਮੈਂ ਇਸ ਵਿਚ ਆਪਣੀ ਬੜੀ ਹਤਕ ਸਮਝੀ ਤੇ ਉਥੇ ਹੀ ਰੋਣ ਲੱਗ ਪਿਆ। ਭਾਈ ਜੀ ਮੈਨੂੰ ਬਹੁਤਾ ਕੜਾਹ ਪ੍ਰਸ਼ਾਦ ਭੀ ਦੇਣ, ਪਰ ਮੈਂ ਤਾਂ ਉਹਨਾਂ ਕੋਲੋਂ ਲਵਾਂ ਹੀ ਨਾ। ਆਖ਼ਰ ਪਿੰਡ ਦੇ ਇਕ ਵੱਡੇ ਨੇ ਮੈਨੂੰ ਆਪ ਕੜਾਹ ਪ੍ਰਸ਼ਾਦ ਫੜ ਕੇ ਦਿੱਤਾ ਤਾਂ ਮੈਂ ਲਿਆ, ਭਾਈ ਜੀ ਤੋਂ ਨਾ ਹੀ ਲਿਆ।

ਮੇਰੇ ਜੀਵਨ ਵਿਚ ਤਬਦੀਲੀ ਕਰਨ ਵਾਲਾ ਵੱਡਾ ਵਾਕਿਆ ਬਚਪਨ ਸਮੇਂ ਦਾ ਇਹ ਹੈ ਕਿ ਸਾਡੀ ਧਰਮਸ਼ਾਲਾ ਵਿਚ ਭਾਈ ਅਰਜਨ ਸਿੰਘ ਜੀ ਨੇ ਪੰਥ ਪ੍ਰਕਾਸ਼ ਦੀ ਕਥਾ ਰੱਖੀ, ਇਹ ਕਥਾ ਰਾਤ ਨੂੰ ਹੁੰਦੀ ਸੀ। ਭਾਈ ਜੀ ਪੰਥ ਪ੍ਰਕਾਸ਼ ਪੜ੍ਹਦੇ ਸਨ ਤੇ ਬਖ਼ਸ਼ੀ ਮਿਹਰਾਜ ਸਿੰਘ ਜੀ (ਜੋ ਬ੍ਰਾਦਰੀ ਵਿੱਚੋਂ ਮੇਰੇ ਤਾਏ ਲਗਦੇ ਸਨ

Academy of the Punjab in North America: http://www.apnaorg.com

ਤੇ ਇਕੋ ਹੀ ਸਿੱਖ ਸਨ) ਅਰਥ ਕੀਤਾ ਕਰਦੇ ਸਨ। ਇਹ ਕਥਾ ਮੈਂ ਬੜੇ ਸ਼ੌਕ ਨਾਲ ਸਾਰੀ ਹੀ ਸੁਣੀ। ਧਰਮਸ਼ਾਲਾ ਤੋਂ ਕਥਾ ਸੁਣ ਕੇ ਜਾ ਕੇ ਮਾਂ ਨੂੰ ਜ਼ਬਾਨੀ ਸੁਣਾਇਆ ਕਰਦਾ ਸਾਂ। ਮੈਂ ਕਥਾ ਵਿਚ ਇਤਨਾ ਬਾਕਾਇਦਾ ਸਾਂ ਕਿ ਇਕ ਦਿਨ ਮੈਂ ਮੁੰਡਿਆਂ ਵਿਚ ਰਲ ਕੇ ਖੇਡਣ ਚਲਾ ਗਿਆ ਤੇ ਕਥਾ ਵਿਚ ਨਾ ਪੁੱਜਾ। ਮੇਰੀ ਖ਼ਾਤਰ ਉਸ ਦਿਨ ਕਥਾ ਹੀ ਬੰਦ ਕਰ ਦਿੱਤੀ ਗਈ। ਇਸ ਤਰ੍ਹਾਂ ਸਿੱਖਾਂ ਦੀਆਂ ਸ਼ਹੀਦੀਆਂ ਤੇ ਬਹਾਦਰੀਆਂ ਨੇ ਮੇਰੇ ਉੱਤੇ ਇਤਨਾ ਅਸਰ ਕੀਤਾ ਕਿ ਮੈਂ ਸਿੱਖ ਬਣਨ ਦਾ ਪੱਕਾ ਇਰਾਦਾ ਕਰ ਲਿਆ ਪਰ ਮੈਨੂੰ ਘਰਦਿਆਂ ਨੇ ਰੋਕ ਦਿੱਤਾ। ਅਜੇ ਮੇਰੀ ਉਮਰ ਛੋਟੀ ਹੀ ਸੀ ਤੇ ਮੈਂ ਪ੍ਰਾਇਮਰੀ ਵਿਚ ਪੜ੍ਹਦਾ ਸਾਂ।

ਪ੍ਰਾਇਮਰੀ ਪਾਸ ਕਰਕੇ ਮੈਂ ਰਾਵਲਪਿੰਡੀ ਮਿਸ਼ਨ ਸਕੂਲ ਵਿਚ ਜਾ ਦਾਖ਼ਲ ਹੋਇਆ। ਉਥੇ ਇਕ ਮਕਾਨ ਕਿਰਾਏ ਲੈ ਕੇ ਮੇਰੇ ਵੱਡੇ ਭਰਾ ਤੇ ਚਾਚੇ ਦਾ ਪੁੱਤ ਤੇ ਕੁਝ ਉਨ੍ਹਾਂ ਦੇ ਦੋਸਤ ਰਹਿੰਦੇ ਸਨ ਤੇ ਮੈਨੂੰ ਭੀ ਉਥੇ ਹੀ ਰੱਖਿਆ ਗਿਆ। ਮੇਰੇ ਭਰਾਵਾਂ ਦੇ ਦੋਸਤ ਸਾਰੇ ਸਿੱਖ ਸਨ। ਰਾਤ ਨੂੰ ਰੋਟੀ ਖਾਣ ਮਗਰੋਂ ਅਸੀਂ ਸਾਰੇ ਭਗਤ ਜਵਾਲੇ ਦੀ ਧਰਮਸ਼ਾਲਾ ਜਾਇਆ ਕਰਦੇ ਸ਼ਾਂ, ਜਿਥੇ ਭਾਈ ਜੀ ਤੇ ਕੁਝ ਮੁੰਡੇ ਸ਼ਬਦ ਪੜ੍ਹਦੇ ਸਨ ਤੇ ਅਸੀਂ ਭੀ ਉਨ੍ਹਾਂ ਦੇ ਪਿੱਛੇ ਪੜ੍ਹਿਆ ਕਰਦੇ ਸਾਂ। ਉਨ੍ਹਾਂ ਦਿਨਾਂ ਵਿਚ ਹੀ ਨਵੀਂ-ਨਵੀਂ ਸਿੰਘ ਸਭਾ ਭੀ ਚਲੀ ਸੀ ਤੇ ਐਤਵਾਰ ਨੂੰ ਅਸੀਂ ਸਿੰਘ ਸਭਾ ਭੀ ਜਾਇਆ ਕਰਦੇ ਸਾਂ। ਇਸ ਤਰ੍ਹਾਂ ਨਾਲ ਮੇਰੇ ਮਨ ਵਿਚ ਸਿੱਖੀ ਭਾਵ ਵੱਧਦਾ ਹੀ ਜਾਂਦਾ ਸੀ। ਮੇਰੇ ਪਿਤਾ ਜੀ ਤੇ ਵੱਡੇ ਭਰਾ ਭਾਵੇਂ ਮੇਰੇ ਸਿੱਖ ਬਨਣ ਦੇ ਖ਼ਿਲਾਫ਼ ਸਨ, ਪਰ ਖ਼ਿਆਲ ਉਨ੍ਹਾਂ ਦੇ ਭੀ ਸਿੱਖਾਂ ਵਰਗੇ ਹੀ ਸਨ ਤੇ ਸਿੱਖੀ ਖ਼ਿਆਲ ਮੇਰੇ ਵਿਚ ਵੇਖ ਕੇ ਉਹ ਪ੍ਰਸੰਨ ਹੁੰਦੇ ਸਨ। ਮੈਨੂੰ ਚੇਤਾ ਹੈ ਕਿ ਇਕ ਵੇਰਾਂ ਮੇਰੀ ਮਾਂ ਨੇ ਕਿਸੇ ਗੱਲ ਦੇ ਸਬੰਧ ਵਿਚ ਕਿਹਾ ਸੀ ਕਿ "ਅਸੀਂ ਭੀ ਗੁਰੂ ਘਰ ਦੇ ਸੇਵਕ ਹਾਂ" ਇਸ ਉੱਤੇ ਮੇਰੇ ਪਿਤਾ ਜੀ ਗੁੱਸੇ ਹੋਏ ਸਨ। ਉਨ੍ਹਾਂ ਅੱਗੋਂ ਕਿਹਾ ਸੀ ਕਿ "ਅਸੀਂ 'ਸੇਵਕ' ਨਹੀਂ ਹਾਂ, ਅਸੀਂ ਭੀ 'ਸਿੱਖ' ਹਾਂ। ਜਦ ਮੈਂ ਪੰਥ ਪ੍ਰਕਾਸ਼ ਦੀ ਕਥਾ ਸੁਣੀ ਤਾਂ ਮੈਂ ਧਰਮ ਵੱਲ ਵਧੇਰੇ ਧਿਆਨ ਦੇਣ ਲੱਗ ਗਿਆ ਤੇ ਰੋਜ਼ ਜਦ ਰੋਟੀ ਪਕਦੀ ਸੀ ਤਾਂ ਪਹਿਲੀ ਰੋਟੀ ਗੁਰਦੁਆਰੇ ਪੁਚਾ ਦਿੱਤਾ ਕਰਦਾ ਸਾਂ ਤੇ ਬਾਕੀ ਸਭ ਪਿੱਛੋਂ ਖਾਇਆ ਕਰਦੇ ਸਨ। ਮੇਰੀ ਮਾਂ ਮੇਰੇ ਇਸ ਧਾਰਮਕ ਭਾਵ ਵਿਚ ਮੈਨੂੰ ਉਤਸ਼ਾਹ ਦਿੱਤਾ ਕਰਦੀ ਸੀ।

ਮੈਂ ਰਾਵਲਪਿੰਡੀ ਮਿਸ਼ਨ ਸਕੂਲ ਵਿਚ ਕੁਝ ਦੇਰ ਮਗਰੋਂ ਦਾਖ਼ਲ ਹੋਇਆ ਸਾਂ ਤੇ ਹੋਰ ਮੁੰਡੇ ਕੁਝ ਪੜ੍ਹ ਗਏ ਸਨ ਪਰ ਮੈਂ ਮਿਹਨਤ ਕਰਕੇ ਚੰਗਾ ਹੋ ਗਿਆ ਤੇ ਅਖ਼ੀਰ, ਸਾਲ ਵਿਚ ਜਮਾਤ ਵਿਚ ਅੱਵਲ ਰਿਹਾ ਪਰ ਜੂਨੀਅਰ ਸਪੈਸ਼ਲ ਦਾ ਇਮਤਿਹਾਨ ਦੇ ਕੇ ਫਿਰ ਮੈਂ ਪਿੰਡ ਮੁੜ ਆਇਆ ਤੇ ਕੋਈ ਦੋ ਮਹੀਨੇ ਪਿੰਡ ਹੀ ਬੈਠਾ ਰਿਹਾ। ਜਦ ਵਾਪਸ ਜਾ ਕੇ ਛੇਵੀਂ ਜਮਾਤ ਵਿਚ ਪੜ੍ਹਨ ਲੱਗਾ ਤਾਂ ਮੈਂ ਬਹੁਤ ਨਾਲਾਇਕ ਹੋ ਗਿਆ। ਪਿਛਲਾ ਪੜ੍ਹਿਆ ਨਹੀਂ ਸੀ ਤੇ ਅੱਗੋਂ ਪੜ੍ਹਨੰ ਉੱਤੇ ਜੀਅ ਨਾ ਕਰੇ। ਸਾਡਾ ਉਸਤਾਦ ਬਦਲ ਗਿਆ। ਨਵੇਂ ਉਸਤਾਦ ਨੇ ਲੜਕਿਆਂ ਦੀ

Academy of the Punjab in North America: http://www.apnaorg.com

ਲਿਆਕਤ ਦੇਖਣ ਲਈ ਇਕ ਹਿਸਾਬ ਦਾ ਸਵਾਲ ਲਿਖਾਇਆ। ਇਹ ਸਵਾਲ ਉਨ੍ਹਾਂ ਕਾਇਦਿਆਂ ਵਿੱਚੋਂ ਸੀ ਜੋ ਪੰਜਵੀਂ ਵਿਚ ਅਸੀਂ ਸਿੱਖੇ ਸਨ। ਮੈਂ ਪੰਜਵੀਂ ਵਿਚ ਹਿਸਾਬ ਵਿਚ ਬਹੁਤ ਚੰਗਾ ਸਾਂ। ਸਾਰੀ ਜਮਾਤ ਵਿੱਚੋਂ ਇਕੋ ਮੈਂ ਉਹ ਸਵਾਲ ਠੀਕ ਕੱਢਿਆ। ਉਸਤਾਦ ਨੂੰ ਖ਼ਿਆਲ ਹੋ ਗਿਆ ਕਿ ਇਹ ਮੁੰਡਾ ਬਹੁਤ ਲਾਇਕ ਹੈ। ਇਸ ਖ਼ਿਆਲ ਨੇ ਮੇਰੇ ਉੱਤੇ ਬੜਾ ਅਸਰ ਕੀਤਾ। ਮੈਂ ਘਰ ਜਾ ਕੇ ਸਾਰੇ ਮਜ਼ਮੂਨਾਂ ਦੀਆਂ ਕਿਤਾਬਾਂ ਪੜ੍ਹਨੀਆਂ ਸ਼ੁਰੂ ਕਰ ਦਿੱਤੀਆਂ ਤੇ ਇਤਨੀ ਮਿਹਨਤ ਕੀਤੀ ਕਿ ਕੋਈ ਅੱਠਾਂ ਦਿਨਾਂ ਵਿਚ ਮੈਂ ਸਚਮੁਚ ਜਮਾਤ ਵਿਚ ਅੱਵਲ ਹੋ ਗਿਆ। ਇਹ ਇਕ ਅਜੇਹਾ ਵਾਕਿਆ ਸੀ, ਜਿਸ ਨੇ ਮੇਰੀ ਪੜ੍ਹਾਈ ਜਾਰੀ ਰਖਵਾਈ ਨਹੀਂ ਤਾਂ ਮੈਂ ਨਾਲਾਇਕ ਹੋ ਕੇ ਰਹਿ ਹੀ ਜਾਣਾ ਸੀ।

ਇਕ ਗੱਲ ਇਹ ਭੀ ਦੱਸਣ ਵਾਲੀ ਹੈ ਕਿ ਮਿਸ਼ਨ ਸਕੂਲ ਵਿਚ ਪ੍ਰਾਇਮਰੀ ਦੇ ਮੁੰਡਿਆਂ ਨੂੰ ਗਰਮੀ ਦੀਆਂ ਛੁੱਟੀਆਂ ਇਕ ਮਹੀਨਾ ਹੋਇਆ ਕਰਦੀਆਂ ਸਨ ਤੇ ਮਿਡਲ ਤੇ ਹਾਈ ਦੇ ਮੁੰਡਿਆਂ ਨੂੰ ਡੂਢ ਮਹੀਨਾ। ਇਸ ਕਰਕੇ ਸਾਡੇ ਡੇਰੇ ਵਿੱਚੋਂ ਕੇਵਲ ਇਕੋ ਮੈਂ ਸਾਂ, ਜਿਸ ਨੂੰ ਦੂਜਿਆ ਨਾਲੋਂ ਪੰਦਰਾਂ ਦਿਨ ਪਹਿਲਾਂ ਮੁੜਨਾ ਪੈਣਾ ਸੀ। ਮੈਂ ਅਜੇ ਗਿਆਰਾਂ ਬਾਰਾਂ ਸਾਲ ਦੀ ਉਮਰ ਦਾ ਸਾਂ ਤੇ ਇਕੱਲਾ ਅੱਡਰੇ ਚੁਬਾਰੇ ਵਿਚ ਰਹਿਣੋਂ ਡਰਦਾ ਸਾਂ। ਸਾਡੇ ਨਾਲ ਦੇ ਚੁਬਾਰੇ ਵਿਚ ਇਕ ਪਠਾਣ ਤੇ ਉਸ ਦੀ ਪਠਾਣੀ ਰਹਿੰਦੇ ਸਨ। ਦੋਵੇਂ ਦਿਨ ਨੂੰ ਮਜ਼ਦੂਰੀ ਕਰਦੇ ਸਨ ਤੇ ਇਨ੍ਹਾਂ ਦੇ ਬਾਲ ਬੱਚਾ ਕੋਈ ਨਹੀਂ ਸੀ। ਮੈਂ ਜਿਹੜੇ ਪੰਦਰਾਂ ਦਿਨ ਪਹਿਲਾਂ ਮੁੜਿਆ, ਮੈਂ ਉਨ੍ਹਾਂ ਕੋਲ ਹੀ ਰਿਹਾ। ਰੋਟੀ ਤਾਂ ਮੈਂ ਮਹਿਰੇ ਦੇ ਤੰਦੂਰੋਂ ਖਾ ਆਉਂਦਾ ਸਾਂ ਪਰ ਰਹਿੰਦਾ ਉਨ੍ਹਾਂ ਕੋਲ ਸਾਂ। ਪਠਾਣੀ ਮੈਨੂੰ ਕੱਪੜੇ ਭੀ ਧੋ ਦਿੰਦੀ ਸੀ। ਇਸ ਗੱਲ ਦਾ ਕੋਈ ਖਾਸ ਅਹਿਸਾਨ ਭੀ ਨਹੀਂ ਸੀ। ਉਸ ਸਮੇਂ ਇਹ ਮਾਮੂਲੀ ਭਾਈਚਾਰਕ ਵਰਤਾਵਾ ਸਮਝਿਆ ਜਾਂਦਾ ਸੀ। ਸ਼ੋਕ! ਅੱਜ ਉਹ ਜ਼ਮਾਨਾ ਕਿੱਥੇ ਗਿਆ ?

ਇਕ ਗੱਲ ਮੈਂ ਭੁੱਲ ਗਿਆ ਹਾਂ, ਜਦ ਮੈਂ ਅਜੇ ਜੂਨੀਅਰ ਸਪੈਸ਼ਲ ਵਿਚ ਸਾਂ ਤਾਂ ਪੱਛਮੀ ਪੰਜਾਬ ਤੇ ਰਾਵਲਪਿੰਡੀ ਸ਼ਹਿਰ ਵਿਚ "ਦੇਵੀਆਂ" ਦਾ ਹੜ੍ਹ ਆਇਆ ਸੀ। ਬਹੁਤ ਸਾਰੀਆਂ ਦੇਵੀਆਂ ਤਾਂ ਕੁੰਜਾਹ ਜ਼ਿਲ੍ਹਾ ਗੁਜਰਾਤ ਤੋਂ ਉੱਠੀਆਂ ਸਨ। ਜਵਾਨ ਲੜਕੀਆਂ ਨੂੰ ਉਨ੍ਹਾਂ ਦੇ ਮਾਪੇ ਜਾਂ ਹੋਰ ਸਾਥੀ ਲਈ ਫਿਰਦੇ ਸਨ ਤੇ ਉਨ੍ਹਾਂ ਨੂੰ ਦੇਵੀਆਂ ਕਹਿੰਦੇ ਸਨ। ਇਨ੍ਹਾਂ ਦੇਵੀਆਂ ਨੂੰ ਸੱਦਣ ਲਈ ਇਨ੍ਹਾਂ ਦੇ ਭਗਤ ਆਪਣੀਆਂ ਜੀਭਾਂ ਵੱਢ ਸੁਟਦੇ ਸਨ ਤੇ ਇਹ ਦੇਵੀਆਂ ਭਗਤਾਂ ਕੋਲ ਪੁੱਜ ਕੇ ਜੀਭਾਂ ਚੜ੍ਹਾਉਂਦੀਆਂ ਸਨ। ਬੜੀ ਧੂਮ-ਧਾਮ ਹੁੰਦੀ ਸੀ ਤੇ ਸਾਰਾ ਸ਼ਹਿਰ ਆਈ ਦੇਵੀ ਦੇ ਦਰਸ਼ਨ ਨੂੰ ਤਰਸਦਾ ਫਿਰਦਾ ਸੀ। ਉਸ ਵੇਲੇ ਅਫਵਾਹ ਤਾਂ ਇਹ ਭੀ ਉਡੀ ਸੀ ਕਿ ਕਿਸੇ ਥਾਂ ਕਿਸੇ ਨੇ ਆਪਣਾ ਸਿਰ ਵੱਢ ਕੇ ਦੇਵੀ ਦੀ ਭੇਟ ਕੀਤਾ ਤੇ ਦੇਵੀ ਨੇ ਮੁੜ ਉਸ ਨੂੰ ਜਵਾਬ ਦਿੱਤਾ। ਜੀਭਾਂ ਕੱਟਣ ਦੀਆਂ ਬਹੁਤ ਅਫਵਾਹਾਂ ਉਡਦੀਆਂ ਸਨ। ਇਨ੍ਹਾਂ ਵਿਚ ਕਈ ਪਾਖੰਡ ਹੋਣਗੇ, ਪਰ ਇਕ ਜੀਭ ਮੈਂ ਆਪ ਕੱਟੀ ਹੋਈ ਦੇਖੀ ਸੀ। ਡਿੰਗੀ ਖੂਹੀ ਕੋਲ ਇਹ ਇਕ ਮੰਦਰ ਦੇ ਪੁਜਾਰੀ ਨੇ ਕੱਟੀ ਸੀ ਇਹ

Academy of the Punjab in North America: http://www.apnaorg.com

ਮੰਦਰ ਉਸ ਮਹਿਰੇ ਦੀ ਦੁਕਾਨ ਦੇ ਨਾਲ ਪਿਛਲੇ ਪਾਸੇ ਸੀ, ਜਿਸ ਦੀ ਦੁਕਾਨ ਉੱਤੇ ਮੈਂ ਤੇ ਹੋਰ ਸਾਡੇ ਡੇਰੇ ਉੱਤੇ ਰਹਿਣ ਵਾਲੇ ਰੋਟੀ ਖਾਂਦੇ ਸਾਂ। ਇਸ ਕਰਕੇ ਇਹ ਪੁਜਾਰੀ ਸਾਡਾ ਵਾਕਫ਼ ਭੀ ਸੀ। ਉਹ ਉਥੇ ਮਹਿਰੇ ਦੀ ਦੁਕਾਨ ਉੱਤੇ ਆ ਕੇ ਗੱਪਾਂ ਮਾਰਿਆ ਕਰਦਾ ਸੀ। ਇਸ ਨੇ ਆਪਣੀ ਜੀਭ ਠੀਕ ਕੱਟੀ ਸੀ। ਜਦ ਅਸੀਂ ਇਸ ਨੂੰ ਵੇਖਣ ਗਏ ਤਾਂ ਇਹ ਮੰਦਰ ਵਿਚ ਬੈਠਾ ਸੀ। ਇਸ ਨੇ ਮੂੰਹ ਉੱਤੇ ਠਾਠਾ ਬੱਧਾ ਹੋਇਆ ਸੀ। ਠਾਠੇ ਵਿੱਚੋਂ ਲਹੂ ਸਿਮਕੇ ਠਾਠਾ ਲਾਲ ਹੋ ਗਿਆ ਸੀ। ਸਾਹਮਣੇ ਇਸ ਦੇ ਇਕ ਕਾਸ਼ੀ ਦੇ ਥਾਲ ਵਿਚ ਗੰਗਾ ਜਲ ਪਿਆ ਸੀ ਤੇ ਉਸ ਵਿਚ ਕੱਟੀ ਹੋਈ ਜੀਭ ਪਈ ਸੀ। ਜਦ ਅਸੀਂ ਗਏ ਤਾਂ ਉਸ ਨੇ ਇਸ਼ਾਰੇ ਨਾਲ ਸਾਨੂੰ ਕੱਟੀ ਹੋਈ ਜੀਭ ਦੱਸੀ। ਮੈਂ ਪਿੱਛੇ ਲਿਖ ਚੁੱਕਾ ਹਾਂ ਕਿ ਉਹਨਾਂ ਦਿਨਾਂ ਵਿਚ ਅਥਵਾ ਸੰਨ ੧੮੯੭ ਜਾਂ ੧੮੯੮ ਵਿਚ ਸਿੰਘ ਸਭਾ, ਆਰੀਆ ਸਮਾਜ, ਈਸਾਈ ਤੇ ਹੋਰ ਨਵੀਆਂ ਲਹਿਰਾਂ ਦੀ ਖ਼ੂਬ ਗਹਿਮਾਂ-ਗਹਿਮ ਸੀ ਤੇ ਖ਼ੂਬ ਬਹਿਸ ਹੋਇਆ ਕਰਦੀ ਸੀ। ਸਨਾਤਨ ਧਰਮੀ ਇਸ ਜੰਗ ਬਹਿਸ ਵਿਚ ਪਿੱਛੇ ਸਨ ਤੇ ਉਨ੍ਹਾਂ ਵਿਚ ਕਮਜ਼ੋਰੀ ਵਧਦੀ ਜਾਂਦੀ ਸੀ। ਹਿੰਦੂ ਆਰੀਆ ਸਮਾਜੀ ਬਣ ਰਹੇ ਸਨ ਤੇ ਸਿੱਖ ਸਿੰਘ ਸਭੀਏ ਬਣ ਰਹੇ ਸਨ। ਦੋਵੇਂ ਘਾਟੇ ਸਨਾਤਨੀਆਂ ਨੂੰ ਹੀ ਪੈ ਰਹੇ ਸਨ। 'ਦੇਵੀ' ਲਹਿਰ ਨੇ ਸਨਾਤਨੀਆਂ ਨੂੰ ਖ਼ੂਬ ਮਦਦ ਪੁਚਾਈ। ਮੈਨੂੰ ਚੇਤਾ ਨਹੀਂ ਕਿ ਕਿਤਨੀਆਂ ਕੁਝ ਦੇਵੀਆਂ 'ਪਿੰਡੀ' ਆਈਆਂ ਸਨ, ਪਰ ਇਕ ਦੇਵੀ ਨੂੰ ਤਾਂ ਸ਼ੇਰਾਂ ਵਾਲੀ ਸਰਾਂ ਦੀ ਛੱਤ ਉੱਤੇ ਲੈ ਆਏ ਸਨ। ਅਸੀਂ ਸ਼ੇਰਾਂ ਵਾਲੀ ਸਰਾਂ ਦੇ ਉਤਲੇ ਚੁਬਾਰਿਆਂ ਵਿੱਚੋਂ ਹੀ ਇਕ ਵਿਚ ਰਿਹਾ ਕਰਦੇ ਸਾਂ। ਦੇਵੀ ਸਾਡੇ ਚੁਬਾਰੇ ਦੀ ਛੱਤ ਉੱਤੇ ਬੈਠੀ ਸੀ। ਪਉੜੀਆਂ ਉੱਤੇ ਆਮ ਲੋਕਾਂ ਨੂੰ ਚੜ੍ਹਨ ਤੋਂ ਰੋਕ ਦਿੱਤਾ ਗਿਆ ਸੀ ਪਰ ਮੈਂ ਤਾਂ ਉਸ ਡੇਰੇ ਦੇ ਮਾਲਕਾਂ ਵਿੱਚੋਂ ਸਾਂ। ਮੈਂ ਉੱਤੇ ਗਿਆ ਤੇ ਇਕ ਬੁੱਢੀ ਮਾਈ ਨੂੰ ਦੇਵੀ ਦੇ ਸਾਹਮਣੇ ਹੱਥ ਜੋੜਦੇ ਵੇਖਿਆ। ਦੇਵੀ ਨੇ ਮਾਈ ਦੇ ਸਿਰੋਂ ਕਪੜਾ ਲਾਹ ਕੇ ਹੇਠਾਂ ਬਜ਼ਾਰ ਵਿਚ ਖੜੀ ਭੀੜ ਵਿਚ ਸੁੱਟ ਦਿੱਤਾ। ਮੈਂ ਸਿੰਘ ਸਭਾ ਜਾਂਦਾ ਹੁੰਦਾ ਸਾਂ ਤੇ ਸਿੰਘ ਸਭੀਆਂ ਵਿਚ ਪੈਰ ਮਾਰਿਆ ਕਰਦਾ ਸਾਂ ਭਾਵੇਂ ਮੈਂ ਅਜੇ ਮੋਨਾਂ ਹੀ ਸਾਂ ਤੇ ਮੇਰਾ ਨਾਮ ਨਾਨਕ ਚੰਦ ਸੀ, ਪਰ ਦੇਵੀ ਦੀ ਰੌਣਕ ਤੇ ਲੋਕਾਂ ਦੀ ਬੇਹੱਦ ਭੀੜ ਅੱਗੇ ਮੇਰਾ ਨਿਸਚਾ ਡੋਲ ਗਿਆ। ਦੂਜੇ ਦਿਨ ਮੈਂ ਸਕੂਲ ਗਿਆ। ਅੱਗੇ ਸਕੂਲ ਵਿਚ ਹਰ ਜਮਾਤ ਵਿਚ ਹਰ ਥਾਂ ਇਹੋ ਹੀ ਚਰਚਾ ਹੁੰਦੀ ਸੀ। ਸਕੂਲ ਈਸਾਈਆਂ ਦਾ ਸੀ। ਈਸਾਈ, ਆਰੀਆ ਸਮਾਜੀ ਤੇ ਸਿੰਘ ਸਭੀਏ ਉਸਤਾਦ ਤਾਂ ਦੇਵੀਆਂ ਨੂੰ ਪਾਖੰਡ ਕਹਿੰਦੇ ਸਨ ਤੇ ਟਿਚਕਰਾਂ ਕਰਦੇ ਸਨ, ਪਰ ਇਕ ਸਨਾਤਨੀ ਮਾਸਟਰ ਦੇਵੀ ਨੂੰ ਸੱਚਾ ਕਹਿੰਦਾ ਸੀ। ਦੂਜੇ ਮਾਸਟਰ ਵੱਡੇ ਸਨ ਤੇ ਬਾਹਲੇ ਸਨ, ਇਸ ਕਰਕੇ ਮੈਂ ਦੇਵੀ ਤੋਂ ਫਿਰ ਡੋਲ ਗਿਆ। ਨਾਲੇ ਮੇਰੇ ਨਾਲ ਰਹਿਣ ਵਾਲੇ ਵੱਡੇ ਮੁੰਡੇ ਸਾਰੇ ਸਿੰਘ ਸਭੀਏ ਸਨ। ਜਦ ਮੈਂ ਸਕਲੋਂ ਮੁੜ ਕੇ ਆਇਆ ਤਾਂ ਰੌਲਾ ਪਿਆ ਹੋਇਆ ਸੀ ਕਿ ਦੇਵੀ ਉਸ ਸਾਡੇ ਯਾਰ ਪੁਜਾਰੀ ਦੀ ਜੀਭ ਚੜ੍ਹਾ ਆਈ ਹੈ ਅਥਵਾ ਸਾਬਤ ਕਰ ਆਈ ਹੈ। ਦੂਜਾ ਰੌਲਾ ਇਹ ਸੀ ਕਿ ਲਾਲਾ ਬਸ਼ੰਬਰ ਦਾਸ ਜੋ ਇਕ ਅਮੀਰ ਆਦਮੀ ਸੀ ਜੋ ਮੌਤ ਕੰਢੇ ਬੀਮਾਰ ਪਿਆ

Academy of the Punjab in North America: http://www.apnaorg.com

ਸੀ, ਉਸ ਨੂੰ ਦੇਵੀ ਰਾਜ਼ੀ ਕਰ ਆਈ ਹੈ ਤੇ ਉਸ ਨੇ ਦੇਵੀ ਦੀ ਭੇਟਾ ਪੰਜ ਸੌ ਰੁਪਿਆ ਕੀਤਾ ਹੈ। (ਉਸ ਸਮੇਂ ਪੰਜ ਸੌ ਰੁਪਿਆ ਵੱਡੀ ਰਕਮ ਸੀ)। ਮੈਂ ਤਾਂ ਮੁੜ ਦੇਵੀ ਦਾ ਪੱਕਾ ਸ਼ਰਧਾਲੂ ਬਣ ਗਿਆ। ਦੇਵੀ ਫਿਰ ਸ਼ੇਰਾਂ ਵਾਲੀ ਸਰਾਂ ਆਈ ਹੋਈ ਸੀ ਤੇ ਉਥੇ ਇਤਨੀ ਭੀੜ ਸੀ ਕਿ ਮੈਨੂੰ ਆਪਣੇ ਡੇਰੇ ਕੋਈ ਜਾਣ ਹੀ ਨਾ ਦੇਵੇ। ਮੈਂ ਅਗਲੇ ਦਿਨ ਹੀ ਪਿੰਡੋਂ ਮੁੜਿਆ ਸਾਂ ਤੇ ਮੇਰੇ ਕੋਲ ਕੁਝ ਪੈਸੇ ਸਨ। ਮੇਰਾ ਖ਼ਰਚ ਤਾਂ ਮੇਰੇ ਵੱਡੇ ਭਰਾ ਕੋਲ ਹੁੰਦਾ ਸੀ ਪਰ ਜਦ ਘਰੋਂ ਤੁਰਦੇ ਸਾਂ ਤਾਂ ਮਾਂ ਭੈਣ ਤੇ ਹੋਰ ਚਾਚੀਆਂ ਤਾਈਆਂ ਕੁਝ ਪੈਸੇ ਖ਼ਰਚਣ ਨੂੰ ਦਿੱਤਾ ਕਰਦੀਆਂ ਸਨ। ਮੈਂ ਇਹ ਅਸੂਲ ਬਣਾਇਆ ਹੋਇਆ ਸੀ ਕਿ ਇਨ੍ਹਾਂ ਪੈਸਿਆਂ ਵਿੱਚੋਂ ਅੱਧੇ ਮੈਂ ਆਪ ਖ਼ਰਚ ਲੈਂਦਾ ਸਾਂ ਤੇ ਅੱਧੇ ਮੰਗਤਿਆਂ ਨੂੰ ਦੇ ਦਿੱਤਾ ਕਰਦਾ ਸਾਂ ਜਾਂ ਗੁਰਦੁਆਰੇ ਚੜ੍ਹਾ ਦਿੱਤਾ ਕਰਦਾ ਸਾਂ ਪਰ ਦੇਵੀ ਦੀ ਸ਼ਰਧਾ ਐਡੀ ਉਪਜੀ ਕਿ ਮੇਰੇ ਕੋਲ ਜਿਤਨੇ ਪੈਸੇ ਸਨ, ਉਹ ਸਾਰੇ ਹੀ ਮੈਂ ਦੂਰੋਂ ਹੀ ਦੇਵੀ ਦੇ ਨਮਿੱਤ ਕਰਕੇ ਭੀੜ ਵਿਚ ਸੁੱਟ ਦਿੱਤੇ। ਦੇਵੀ ਰਾਤ ਨੂੰ ਪਸ਼ੌਰ ਤੁਰ ਗਈ। ਹੋਰ ਦੇਵੀ ਆ ਗਈ। ਖ਼ੂਬ ਉਨ੍ਹਾਂ ਦਿਨਾਂ ਵਿਚ ਦੇਵੀਆਂ ਦੀ ਧੂਮ-ਧਾਮ ਸੀ। ਮੈਨੂੰ ਪਤਾ ਹੈ ਕਿ ਸਾਡੇ ਪਿੰਡ ਇਕ ਬੁੱਢਾ ਜਿਹਾ ਸਿੱਖ ਭੀ ਦੇਵੀ ਬਣ ਕੇ ਆਇਆ ਸੀ ਤੇ ਉਸ ਨੇ ਭੀ ਪਿੰਡ ਦੇ ਦੋ ਚਲਾਕ ਜਵਾਨਾਂ ਨੂੰ ਨਾਲ ਰਲਾ ਕੇ ਚੌਂਕਾ ਫੇਰ ਕੇ ਕੇਸ ਖੋਲ੍ਹ ਕੇ ਖ਼ੂਬ ਸਿਰ ਮਾਰਿਆ ਸੀ। ਇਸ ਠੱਗੀ ਵਿਚ ਉਸ ਨੂੰ ਪਿੰਡ ਦੇ ਸਾਥੀਆਂ ਦਸਿਆ ਹੋਇਆ ਸੀ ਕਿ ਲੱਖੂ ਦੀ ਵਹੁਟੀ ਪਾਰਬਤੀ ਨੇ ਦੇਵੀ ਦਾ ਬੱਕਰਾ ਸੁੱਖਿਆ ਹੋਇਆ ਹੈ। ਇਸ ਬੁੱਢੇ ਨੂੰ ਨਾਮ ਭੁੱਲ ਗਿਆ ਤੇ ਉਹ ਸਿਰ ਮਾਰਦਾ ਕਹਿਣ ਲੱਗਾ, "ਮੇਰਾ ਬੱਕਰਾ ਲੱਖੋ ਨੇ ਸੁੱਖਿਆ ਹੋਇਆ ਹੈ, ਕਿਉਂ ਨਹੀਂ ਦੇਂਦੀ।" ਉਥੇ ਅੱਗੋਂ ਲੱਖੋ ਕੋਈ ਸੀ ਹੀ ਨਹੀਂ। ਜਦ 'ਦੇਵੀ' ਮੁੜ-ਮੁੜ 'ਲੱਖੋ' ਦਾ ਨਾਮ ਲਵੇ ਤੇ ਕਿਸੇ ਨੂੰ ਸਮਝ ਨਾ ਪਵੇ ਤਾਂ ਉਸ ਦੇ ਇਕ ਸਾਥੀ ਨਿਹਾਲ ਚੰਦ ਨੇ (ਜੋ ਬਰਾਦਰੀ ਵਿੱਚੋਂ ਮੇਰਾ ਚਾਚਾ ਲਗਦਾ ਹੈ ਤੇ ਅਜੇ ਜੀਉਂਦਾ ਜਾਗਦਾ ਤਿਆਰ ਬਰਤਿਆਰ ਹੁਣ ਨਿਹਾਲ ਸਿੰਘ ਹੈ) ਕਿਹਾ, ਨਹੀਂ ਮਾਤਾ ਲੱਖੋ ਨਹੀਂ, 'ਲੱਖੂ ਦੀ ਵਹੁਟੀ ਪਾਰਬਤੀ ਹੈ। ਦੇਵੀ ਅੱਗੋਂ ਕਿਹਾ "ਹਾਂ, ਹਾਂ ਲੱਖੂ ਦੀ ਵਹੁਟੀ ਪਾਰਬਤੀ" ਇਹ ਪਾਜ ਖੁਲ੍ਹਣ ਦੇ ਬਾਵਜੂਦ ਉਸ ਨੂੰ ਕੁਝ ਪੈਸੇ ਹੋ ਗਏ ਸਨ। ਮੈਂ ਇਹੋ ਤਮਾਸ਼ਾ ਪਿੰਡ ਵੇਖ ਕੇ ਗਿਆ ਸਾਂ, ਪਰ ਰਾਵਲਪਿੰਡੀ ਜਾ ਕੇ ਦੇਵੀ ਦੀ ਸ਼ਾਨ ਤੇ ਘਮਸਾਣ ਵੇਖ ਕੇ ਮੈਂ ਫਿਰ ਭੀ ਫਸ ਗਿਆ ਤੇ ਕੋਈ ਅੱਠਾਂ ਦਸਾਂ ਆਨਿਆਂ ਦੇ ਪੈਸੇ ਮੁਫ਼ਤ ਗਵਾ ਬੈਠਾ।

ਇਹਨਾਂ ਦੇਵੀਆਂ ਦਾ ਅੰਤ ਇਸ ਤਰ੍ਹਾਂ ਹੋਇਆ ਕਿ ਪਸ਼ੌਰ ਵਿਚ ਇਕ ਦੇਵੀ ਤੇ ਉਸ ਦੇ ਸਾਥੀਆਂ ਨੂੰ ਪਕੜ ਕੇ ਡਿਪਟੀ ਕਮਿਸ਼ਨਰ ਨੇ ਹਵਾਲਾਤ ਦੇ ਦਿੱਤਾ। ਬੱਸ ਫਿਰ ਕੀ ਸੀ, ਜਿੱਥੇ ਜਿੱਥੇ ਕੋਈ ਦੇਵੀ ਸੀ ਉੱਥੇ ਹੀ ਅਲੋਪ ਹੋ ਗਈ।

ਲਾਲਾ ਬਸ਼ੰਬਰ ਦਾਸ ਜੀ, ਜਿਨ੍ਹਾਂ ਨੂੰ ਦੇਵੀ ਰਾਜ਼ੀ ਕਰ ਗਈ ਸੀ, ਉਹ ਤਾਂ ਅਗਲੇ ਦਿਨ ਹੀ ਬਤਰਨੀ ਨਦੀ ਲੰਘ ਗਏ। ਜਿਸ ਪੁਜਾਰੀ ਨੇ ਜੀਭ ਕੱਟੀ ਸੀ ਤੇ ਜਿਸ ਦੀ ਜੀਭ ਦੇਵੀ ਚੜ੍ਹਾ ਗਈ ਸੀ, ਉਹ ਸਾਨੂੰ ਮਗਰੋਂ ਝੱਲਾ ਜਿਹਾ ਬਣਿਆ

Academy of the Punjab in North America: http://www.apnaorg.com

ਮਿਲਿਆ ਕਰਦਾ ਸੀ। ਉਹ ਠੀਕ ਜ਼ਬਾਨ ਨਹੀਂ ਬੋਲ ਸਕਦਾ ਸੀ ਤੇ ਦੇਵੀ ਨੂੰ ਗਾਲ੍ਹਾਂ ਕੱਢਿਆ ਕਰਦਾ ਸੀ। ਉਹ ਕਹਿੰਦਾ ਸੀ ਕਿ ਦੇਵੀ ਨੇ ਆ ਕੇ ਮੈਨੂੰ ਕਿਹਾ ਬੋਲ "ਜੈ" ਮੈਂ ਸੰਘ ਵਿੱਚੋਂ ਹੀ "ਹੈ" ਕੀਤੀ ਤੇ ਅੱਗੇ ਪਿੱਛੇ ਦੀ ਭੀੜ ਨੇ ਰੌਲਾ ਪਾ ਦਿੱਤਾ, "ਜੈ" "ਜੈ" ਜੀਭ ਚੜ੍ਹ ਗਈ। ਜੀਭ ਕੱਟੀ ਹੋਈ ਉੱਥੇ ਹੀ ਪਈ ਰਹੀ। ਮੈਂ "ਹੈ ਹੈ" ਹੀ ਕਰਦਾ ਰਿਹਾ ਤੇ ਦੇਵੀ ਜੀਭ ਚੜ੍ਹਾ ਕੇ ਤੁਰਦੀ ਬਣੀ ਤੇ ਸਾਰੇ ਸ਼ਹਿਰ ਵਿਚ ਜੀਭ ਚੜ੍ਹਨ ਦੀ ਚਰਚਾ ਬਿਜਲੀ ਵਾਂਗੂੰ ਖਿੱਲਰ ਗਈ। ਇਹ ਸਭ ਹਾਲਾਤ ਵੇਖਣ ਨਾਲ ਮੇਰੀ ਸ਼ਰਧਾ ਭੀ ਡੋਲੀ ਤੇ ਮੁੜ ਉਸ ਦਿਨ ਤੋਂ ਕਿਸੇ ਇਹੋ ਜਿਹੇ ਪਖੰਡ ਵਿਚ ਫਸਿਆ ਨਹੀਂ ਹਾਂ। ਭਾਵੇਂ ਵਧੇਰੇ ਉਮਰ ਤੇ ਸਮਝ ਨੇ ਭੀ ਬਚਾਈ ਰੱਖਿਆ ਹੈ ਪਰ ਉਸ ਤਜ਼ਰਬੇ ਦਾ ਅਸਰ ਭੀ ਤਾਂ ਜ਼ਰੂਰ ਹੈ।

ਇਕ ਗੱਲ ਮੈਨੂੰ ਹੋਰ ਭੀ ਚੇਤੇ ਹੈ ਜੋ ਸਾਡੀ ਪੁਰਾਣੀ ਸੱਭਿਅਤਾ ਤੇ ਨਵੀਂ ਸਿਵਲੀਜ਼ੇਸ਼ਨ ਦੀ ਟੱਕਰ ਉੱਤੇ ਕੁਝ ਚਾਨਣਾ ਪਾਉਂਦੀ ਹੈ। ਐਤਵਾਰ ਨੂੰ ਅਸੀਂ ਮਾਈ ਵੀਰੋ ਦੀ ਬੰਨ੍ਹੀ ਨਹਾਣ ਜਾਇਆ ਕਰਦੇ ਸਾਂ। ਉਸ ਵੇਲੇ ਨਵੀਂ ਸਿਵਲੀਜ਼ੇਸ਼ਨ ਦੇ ਅਸਰ ਹੇਠਾਂ ਸਿਰ ਮੁਨਾ ਕੇ ਮੁੰਡੇ ਮੱਥੇ ਦੇ ਸਾਹਮਣੇ ਕੁਝ ਵਾਲ ਰੱਖਿਆ ਕਰਦੇ ਸਨ, ਜਿਸ ਨੂੰ ਬੋਰ ਕਹਿੰਦੇ ਸਨ। (ਮੈਂ ਉਸ ਵੇਲੇ ਭੀ ਇਸ ਸਿਵਲੀਜ਼ੇਸ਼ਨ ਤੋਂ ਬਚਿਆ ਹੋਇਆ ਹੀ ਸਾਂ)। ਕੁਝ ਮੋਨੇ ਮੁੰਡੇ ਜਿਨ੍ਹਾਂ ਵਿਚ ਮੈਂ ਭੀ ਸਾਂ, ਇਕ ਐਤਵਾਰ ਨੂੰ ਮਾਈ ਵੀਰੋ ਦੀ ਬੰਨ੍ਹ ਤੋਂ ਨਹਾ ਕੇ ਮੁੜੇ ਆਉਂਦੇ ਸਾਂ। ਇਨ੍ਹਾਂ ਵਿਚ ਕਈਆਂ ਨੇ ਆਪਣੇ ਬੋਰ ਸੁਕਾਣ ਲਈ ਸਿਰ ਨੰਗੇ ਰੱਖੇ ਹੋਏ ਸਨ। ਜਦ ਰਾਹ ਵਿਚ ਦੁਕਾਨਾਂ ਦੇ ਸਾਹਮਣੇ ਪੁੱਜੇ ਤਾਂ ਲੰਘਦਿਆਂ ਨੂੰ ਇਕ ਦੁਕਾਨਦਾਰ ਨੇ ਅਵਾਜ਼ ਮਾਰ ਕੇ ਪੁੱਛਿਆ, "ਕੌਣ ਮੋਇਆ ਜੇ ?" ਇਹ ਸੁਣ ਕੇ ਸਾਰੇ ਮੁੰਡੇ ਸ਼ਰਮਿੰਦੇ ਹੋ ਗਏ ਤੇ ਉਨ੍ਹਾਂ ਸਿਰ ਢੱਕ ਲਏ। ਉਸ ਹਿਸਾਬ ਤਾਂ ਅੱਜ ਸ਼ਹਿਰਾਂ ਵਿਚ ਸਿਵਾਏ ਸਿੱਖਾਂ ਦੇ ਸਭ ਦਾ ਕੋਈ ਮੋਇਆ ਹੋਇਆ ਹੀ ਹੈ ਤੇ ਪੜ੍ਹੀਆਂ ਹੋਈਆਂ ਕੁੜੀਆਂ ਦਾ ਤਾਂ ਸਭ ਦਾ (ਵਿੱਚੇ ਸਿੱਖਾਂ ਦੀਆਂ ਦਾ ਵੀ) ਸਭ ਕੋਈ ਮੋਇਆ ਜਾਪਦਾ ਹੈ, ਜਿਹੜੀ ਥੋੜ੍ਹੀ ਕਸਰ ਹੈ, ਉਹ ਹੋਰ ਦੋ ਸਾਲਾਂ ਵਿਚ ਨਿਕਲ ਜਾਵੇਗੀ।

ਮਿਡਲ ਦੀਆਂ ਤਿੰਨ ਜਮਾਤਾਂ ਵਿਚ ਮੈਂ ਹਰ ਇਕ ਮਜ਼ਮੂਨ ਵਿਚ ਆਪਣੀ ਜਮਾਤ ਵਿਚ ਅੱਵਲ ਰਿਹਾ ਕਰਦਾ ਸਾਂ। ਸਕੂਲ ਈਸਾਈਆਂ ਦਾ ਸੀ ਪਰ ਹੈਡਮਾਸਟਰ ਮਾਸਟਰ ਬਿਸ਼ਨ ਸਿੰਘ ਸੀ। ਇਸ ਕਰਕੇ ਗੁਰਪੁਰਬਾਂ ਦੀਆਂ ਕਈ ਛੁੱਟੀਆਂ ਭੀ ਹੋਇਆ ਕਰਦੀਆਂ ਸਨ। ਈਸਾਈ ਮੱਤ ਪੜ੍ਹਾਉਣ ਵਾਲਾ ਸਾਡਾ ਉਸਤਾਦ ਬੜਾ ਨਾਲਾਇਕ ਸੀ ਤੇ ਉਸ ਨੂੰ ਮੁੰਡੇ ਤੇ ਖ਼ਾਸ ਕਰਕੇ ਮੈਂ ਬਹਿਸ ਵਿਚ ਖ਼ੂਬ ਤੰਗ ਕੀਤਾ ਕਰਦੇ ਸਾਂ। ਇਕ ਦਿਨ ਬਹਿਸ ਵਿਚ ਮੈਂ ਉਸ ਉਸਤਾਦ ਨੂੰ ਇਤਨਾ ਤੰਗ ਕੀਤਾ ਕਿ ਉਸ ਨੇ ਗੁੱਸੇ ਹੋ ਕੇ ਸਾਡੀ ਸ਼ਿਕਾਇਤ ਹੈਡਮਾਸਟਰ ਕੋਲ ਜਾ ਕੀਤੀ। ਗੱਲ ਇਹ ਸੀ ਕਿ ਉਸ ਉਸਤਾਦ ਨੇ ਉਰਦੂ ਵਿਚ ਲੂਕਾ ਦੀ ਅੰਜੀਲ ਆ ਵੰਡੀ ਸੀ ਤੇ ਸਾਨੂੰ ਉਹ ਮੈਥੀਊ ਦੀ ਪੜ੍ਹਾਂਦਾ ਸੀ। ਦੋਹਾਂ ਵਿਚ ਵਾਕਿਆਤ ਦਾ ਮਤਭੇਦ ਸੀ ,ਜਿਸ ਤੋਂ ਮੈਂ ਇਹ ਕਿਹਾ ਕਿ ਅੰਜੀਲ ਝੂਠੀ ਕਿਤਾਬ ਹੈ। ਜਦ ਸਾਡਾ ਨਾਲਾਇਕ

Academy of the Punjab in North America: http://www.apnaorg.com

ਮਾਸਟਰ ਸ਼ਿਕਾਇਤ ਕਰਨ ਗਿਆ ਤਾਂ ਰੀਸੈਸ ਦੀ ਛੁੱਟੀ ਹੋ ਗਈ। ਉਸ ਛੁੱਟੀ ਵਿਚ ਮੁੰਡਿਆਂ ਸਾਰੀਆਂ ਮੁਫ਼ਤ ਮਿਲੀਆਂ ਅੰਜੀਲਾਂ ਪਾੜ ਕੇ ਕਮਰੇ ਵਿਚ ਖਿੰਡਾ ਦਿੱਤੀਆਂ ਪਰ ਮੇਰੀ ਅੰਜੀਲ ਦੂਜੇ ਸੈਕਸ਼ਨ ਦਾ ਇਕ ਮੁੰਡਾ ਲੈ ਗਿਆ। ਰੀਸੈਸ ਮਗਰੋਂ ਜਦ ਹੈਡਮਾਸਟਰ ਬਿਸ਼ਨ ਸਿੰਘ ਸਾਡੇ ਨਾਲਾਇਕ ਮਾਸਟਰ ਨਾਲ ਆਇਆ ਤਾਂ ਅੱਗੇ ਕਮਰੇ ਵਿਚ ਕਾਗਜ਼ ਖਿੱਲਰੇ ਪਏ ਸਨ। ਉਸ ਨੂੰ ਬਹਾਨਾ ਮਿਲ ਗਿਆ। ਉਸ ਨੇ ਸਭ ਮੁੰਡਿਆਂ ਤੋਂ ਅੰਜੀਲਾਂ ਪੁੱਛੀਆਂ। ਮੈਂ ਕਿਹਾ ਕਿ ਮੇਰੀ ਅੰਜੀਲ ਦੂਜੇ ਸੈਕਸ਼ਨ ਦਾ ਇਕ ਮੁੰਡਾ ਲੈ ਗਿਆ ਹੈ। ਮੈਨੂੰ ਹੈਡਮਾਸਟਰ ਚੰਗਾ ਜਾਣਦਾ ਸੀ। ਉਸ ਨੇ ਮੈਨੂੰ ਛੱਡ ਦਿੱਤਾ ਤੇ ਬਾਕੀ ਸਭ ਨੂੰ ਦੋ ਦੋ ਬੈਂਤ ਮਾਰੇ। ਸਾਡੇ ਨਾਲਾਇਕ ਮਾਸਟਰ ਨੂੰ ਫਿਰ ਭੀ ਹਾਰ ਹੀ ਹੋਈ ਤੇ ਮੁੰਡੇ ਬੈਂਤ ਖਾ ਕੇ ਭੀ ਇਸ ਗੱਲ ਉੱਤੇ ਪ੍ਰਸੰਨ ਸਨ ਕਿ ਉਸ ਮਾਸਟਰ ਨੂੰ ਅਸਲ ਵਿਚ ਹਾਰ ਹੀ ਹੋਈ ਸੀ।

ਉਸ ਸਮੇਂ ਮਿਡਲ ਦਾ ਯੂਨੀਵਰਸਿਟੀ ਇਮਤਿਹਾਨ ਹੋਇਆ ਕਰਦਾ ਸੀ। ਮੈਂ ਉਸ ਇਮਤਿਹਾਨ ਵਿਚ ਜ਼ਿਲ੍ਹੇ ਵਿੱਚੋਂ ਅੱਵਲ ਰਿਹਾ ਤੇ ਮੈਨੂੰ ਵਜ਼ੀਫਾ ਮਿਲ ਗਿਆ। ਮੇਰਾ ਵੱਡਾ ਭਰਾ ਰਾਵਲਪਿੰਡੀ ਨੌਕਰ ਹੋ ਗਿਆ ਸੀ। ਉਹ ਰਾਵਲਪਿੰਡੀ ਤੋਂ ਬਦਲ ਗਿਆ ਤੇ ਹੋਰ ਜਿਤਨੇ ਸਾਡੇ ਡੇਰੇ ਦੇ ਮੁੰਡੇ ਸਨ ਉਹ ਪਹਿਲਾਂ ਖਿੰਡ-ਪੁੰਡ ਚੁੱਕੇ ਸਨ। ਹੁਣ ਮੈਂ ਇਕੱਲਾ ਰਾਵਲਪਿੰਡੀ ਰਹਿ ਗਿਆ। ਮੇਰੇ ਭਰਾ ਨੇ ਮੈਨੂੰ ਖਾਲਸਾ ਬੋਰਡਿੰਗ ਵਿਚ ਦਾਖ਼ਲ ਕਰਾ ਦਿੱਤਾ ਕਿਉਂਕਿ ਉਸ ਨੂੰ ਪਤਾ ਸੀ ਕਿ ਮੈਂ ਉਥੇ ਰਹਿਣ ਵਿਚ ਖ਼ੁਸ਼ ਰਹਾਂਗਾ। ਖਾਲਸਾ ਬੋਰਡਿੰਗ ਵਿਚ ਬਾਕੀ ਸਾਰੇ ਮੁੰਡੇ ਸਿੱਖ ਸਨ ਤੇ ਸਿੰਘ ਸਭਾ ਜਾਇਆ ਕਰਦੇ ਸਨ। ਮੈਂ ਭੀ ਉਨ੍ਹਾਂ ਨਾਲ ਜਾਇਆ ਕਰਦਾ ਸਾਂ। ਬੋਰਡਿੰਗ ਦੇ ਸੁਪ੍ਰੰਟਡੈਂਟ ਭਾਈ ਰਾਮ ਰਖਾ ਸਿੰਘ ਜੀ ਸਨ ਜੋ ਮਗਰੋਂ ਖਾਲਸਾ ਕਾਲਜ ਦੇ ਹੈੱਡ ਕਲਰਕ ਭੀ ਰਹੇ ਹਨ। ਭਾਈ ਜੋਧ ਸਿੰਘ ਜੀ ਜੋ ਅੱਜ-ਕਲ੍ਹ ਖਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਹਨ, ਇਹ ਭੀ ਉਸੇ ਬੋਰਡਿੰਗ ਵਿਚ ਰਹਿੰਦੇ ਸਨ। ਹੋਰ ਸਾਰੇ ਪੜ੍ਹਨ ਵਾਲੇ ਮੁੰਡੇ ਸਨ ਤੇ ਇਹ ਦੋਵੇਂ ਰਾਵਲਪਿੰਡੀ ਵਿਚ ਮੁਲਾਜ਼ਮ ਸਨ ਤੇ ਬਾਕੀ ਦਿਆਂ ਨਾਲੋਂ ਉਮਰ ਵਿਚ ਵਡੇਰੇ ਭੀ ਸਨ। ਇਹ ਦੋਵੇਂ ਜਤਨ ਕਰਦੇ ਰਹਿੰਦੇ ਸਨ ਕਿ ਮੈਂ ਸਿੱਖ ਬਣ ਜਾਵਾਂ ਤੇ ਮੇਰੇ ਅੱਗੇ ਹੀ ਖ਼ਿਆਲ ਅਜੇਹੇ ਸਨ ਪਰ ਕਦੀ ਕਦੀ ਮੇਰੇ ਸਾਥੀ ਮੁੰਡੇ ਮੇਰੇ ਮੁੰਨੇ ਸਿਰ ਉੱਤੇ ਮਖ਼ੌਲ ਕਰਦੇ ਸਨ ਤਾਂ ਮੈਂ ਝਟ ਜਾਂਦਾ ਸਾਂ ਤੇ ਉਨ੍ਹਾਂ ਨੂੰ ਇੱਟ ਦਾ ਜਵਾਬ ਪੱਥਰ ਦਿੱਤਾ ਕਰਦਾ ਸਾਂ।

ਮੈਂ ਆਪਣੇ ਪਿੰਡ ਗਿਆ ਹੋਇਆ ਸਾਂ ਤੇ ਉੱਥੋਂ ਮੁੜ ਪਿੰਡੀ ਆਵਣਾ ਸੀ। ਉਸੇ ਦਿਨ ਸਾਡੇ ਪਿੰਡ ਵਿੱਚੋਂ ਕਈ ਹੋਰ ਮੁੰਡਿਆਂ ਨੇ ਸੰਤ ਅਤਰ ਸਿੰਘ ਜੀ ਕੋਲ ਡੇਰਾ ਖ਼ਾਲਸਾ ਜਾਣ ਦੀ ਤਿਆਰੀ ਕੀਤੀ। ਅਸੀਂ ਕੋਈ ਅੱਠ ਦਸ ਮੁੰਡੇ ਘਰੋਂ ਤੁਰ ਪਏ। ਅਸਾਂ ਨਿਖੜਨਾ ਸੀ ਮੰਦ੍ਰਾ ਅਸਟੇਸ਼ਨ ਉੱਤੇ ਅੱਪੜ ਕੇ। ਉੱਥੇ ਦੂਜੇ ਮੁੰਡਿਆਂ ਦੇ ਕਹਿਣ ਉੱਤੇ ਮੈਂ ਗੱਡੀ ਨਾ ਚੜ੍ਹਿਆ ਤੇ ਉੱਥੋਂ ਹੀ ਉਨ੍ਹਾਂ ਨਾਲ ਡੇਰਾ ਖਾਲਸਾ ਚਲਾ ਗਿਆ। ਉੱਥੇ ਜਾ ਕੇ ਸਭ ਦੀ ਸਲਾਹ ਅੰਮ੍ਰਿਤ ਛਕਣ ਦੀ ਬਣੀ। ਹੋਰ ਤਾਂ ਅੱਗੇ ਹੀ ਕੇਸਧਾਰੀ ਸਨ, ਪਰ ਮੈਂ ਤੇ ਮੇਰਾ ਵੱਡਾ ਭਰਾ ਤੇ ਚਾਚੇ ਦਾ ਪੁੱਤਰ

Academy of the Punjab in North America: http://www.apnaorg.com

ਅਸੀਂ ਤਿੰਨ ਮੋਨੇ ਸਾਂ । ਅਸਾਂ ਭੀ ਅੰਮ੍ਰਿਤ ਛਕ ਲਿਆ । ਇਹ ਮੇਰੇ ਵੱਡੇ ਭਰਾ ਉਹ ਨਹੀਂ ਸਨ, ਜਿਹੜੇ ਮੈਨੂੰ ਸਿੱਖ ਬਣਨ ਤੋਂ ਰੋਕਦੇ ਸਨ । ਇਹ ਉਨ੍ਹਾਂ ਤੋਂ ਛੋਟੇ ਸਨ। ਸਭ ਤੋਂ ਵੱਡੇ ਗੰਗਾ ਰਾਮ ਸਨ ਤੇ ਇਹ ਮਗਰੋਂ ਜਾ ਕੇ ਗੰਗਾ ਸਿੰਘ ਬਣੇ ਸਨ । ਮੇਰੇ ਸਿੱਖ ਬਣਨ ਉੱਤੇ ਭਰਾ ਗੰਗਾ ਰਾਮ ਜੀ ਨਰਾਜ਼ ਤਾਂ ਬੜੇ ਹੋਏ ਪਰ ਉਨ੍ਹਾਂ ਨੂੰ ਸਿੱਖੀ ਉੱਤੇ ਸ਼ਰਧਾ ਇਤਨੀ ਸੀ ਕਿ ਅੰਮ੍ਰਿਤ ਛਕਣ ਮਗਰੋਂ ਉਨ੍ਹਾਂ ਕਦੀ ਮੈਨੂੰ ਕੇਸ ਕਟਾਣ ਲਈ ਨਹੀਂ ਕਿਹਾ ਸੀ । ਕੁਝ ਚਿਰ ਮਗਰੋਂ ਉਹ ਆਪ ਭੀ ਸਿੰਘ ਸਜ ਗਏ ਸਨ ।

ਇੱਥੇ ਇਹ ਗੱਲ ਦੱਸਣੀ ਭੀ ਯੋਗ ਹੈ ਕਿ ਮੇਰੇ ਖ਼ਿਆਲਾਂ ਵਿਚ ਪਹਿਲੀ ਵੱਡੀ ਤਬਦੀਲੀ ਪੰਥ ਪ੍ਰਕਾਸ਼ ਦੀ ਕਥਾ ਸੁਣਨ ਨੇ ਕੀਤੀ ਸੀ ਤੇ ਦੂਜੀ ਵੱਡੀ ਤਬਦੀਲੀ ਅੰਮ੍ਰਿਤ ਛਕਣ ਤੇ ਦੋ ਅੰਗ੍ਰੇਜ਼ੀ ਦੀਆਂ ਪੁਸਤਕਾਂ (Character by Dr. Smile ਤੇ The Students manual by Dr. Todd) ਦੇ ਪੜ੍ਹਨ ਨੇ ਕੀਤੀ ਸੀ । ਸਾਡੇ ਸਕੂਲ ਵਿਚ ਪਹਿਲੀ ਵੇਰਾਂ ਇਨਾਮ ਵੰਡਿਆ ਗਿਆ ਸੀ । ਮੈਂ ਜਮਾਤ ਵਿਚ ਅੱਵਲ ਤਾਂ ਰਹਿੰਦਾ ਹੀ ਸਾਂ ਤੇ ਹਰ ਮਜ਼ਮੂਨ ਵਿਚ ਅੱਵਲ ਰਹਿੰਦਾ ਸਾਂ । ਇਹ ਦੋਵੇਂ ਪੁਸਤਕਾਂ ਮੈਨੂੰ ਇਨਾਮ ਵਿਚ ਮਿਲੀਆਂ ਸਨ ਤੇ ਮੈਂ ਪੜ੍ਹੀਆਂ ਸਨ । ਅੰਮ੍ਰਿਤ ਛਕਣ ਵੇਲੇ ਉਪਦੇਸ਼ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਬਚਨ "ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ* ।" ਚੰਗੀ ਤਰ੍ਹਾਂ ਸਮਝਾਇਆ ਗਿਆ ਸੀ । ਉਕਤ ਪੁਸਤਕਾਂ ਵਿਚ ਭੀ ਇਸੇ ਤਰ੍ਹਾਂ ਦਾ ਉਪਦੇਸ਼ ਸੀ ਜੋ ਮੈਨੂੰ ਬਹੁਤ ਚੰਗਾ ਲੱਗਾ ਸੀ ਕਿਉਂਕਿ ਮੈਨੂੰ ਉਸ ਵੇਲੇ ਤਕ ਖ਼ਿਆਲ ਸੀ ਕਿ ਅੰਗਰੇਜ਼ਾਂ ਵਿਚ ਚਾਲ-ਚਲਨ ਸਬੰਧੀ ਇਤਨੇ ਉੱਚੇ ਖ਼ਿਆਲ ਨਹੀਂ ਹਨ । ਇਨ੍ਹਾਂ ਪੁਸਤਕਾਂ ਨੂੰ ਪੜ੍ਹ ਕੇ ਤੇ ਅੰਮ੍ਰਿਤ ਛਕ ਕੇ ਮੈਂ ਤਿੰਨ ਇਰਾਦੇ ਕੀਤੇ, ਜਿਨ੍ਹਾਂ ਵਿੱਚੋਂ ਇਕ ਇਹ ਸੀ ਕਿ ੪੦ ਸਾਲ ਦੀ ਉਮਰ ਤਕ ਮੈਂ ਕੋਈ ਪੁਸਤਕ ਅਜੇਹੀ ਨਹੀਂ ਪੜ੍ਹਨੀ, ਕੋਈ ਗੱਲ ਅਜੇਹੀ ਨਹੀਂ ਕਰਨੀ ਤੇ ਕੋਈ ਥੀਏਟਰ ਜਾਂ ਤਮਾਸ਼ਾ (ਉਸ ਵੇਲੇ ਸਿਨੇਮਾ ਨਹੀਂ ਚੱਲਿਆ ਸੀ) ਨਹੀਂ ਵੇਖਣਾ, ਜਿਸ ਨਾਲ ਕਾਮ ਦਾ ਕੋਈ ਖ਼ਿਆਲ ਪੈਦਾ ਹੋਵੇ; ਸਗੋਂ ਵਿਆਹ ਕਰਨ ਤਕ ਤਾਂ ਕੋਈ ਗੱਲ ਸੁਣਨੀ ਹੀ ਨਹੀਂ ਤੇ ਕਿਸੇ ਥਾਂ ਨਹੀਂ ਬੈਠਣਾ, ਜਿੱਥੇ ਕੋਈ ਇਹੋ ਜਿਹੀ ਗੱਲ ਕਰਦਾ ਭੀ ਹੋਵੇ । ਇਸ ਇਰਾਦੇ ਨੂੰ ਮੈਂ ਬਹੁਤ ਦ੍ਰਿੜ੍ਹਤਾ ਨਾਲ ਨਿਭਾਇਆ ਹੈ । ਕਾਲਜ ਵਿਚ ਜਦ ਮੈਂ ਪੜ੍ਹਦਾ ਸਾਂ ਤਾਂ ਮੁੰਡੇ ਅਜੇਹੇ ਮਖ਼ੌਲ ਬਥੇਰੇ ਕਰਦੇ ਸਨ । ਮੈਂ ਮੁੰਡਿਆਂ ਦੀਆਂ ਖੇਡਾਂ-ਕੁੱਦਾਂ ਤੇ ਸ਼ਰਾਰਤਾਂ ਵਿਚ ਕਿਸੇ ਨਾਲੋਂ ਪਿੱਛੇ ਨਹੀਂ ਸਾਂ, ਪਰ ਜਿੱਥੇ ਕਿਸੇ ਨੇ ਇਹੋ ਜਿਹਾ ਮਖ਼ੌਲ ਭੀ ਕੀਤਾ, ਮੈਂ ਉੱਥੋਂ ਤੁਰ ਗਿਆ । ਮੈਂ ਆਪਣੇ ਮਨ ਵਿਚ ਕਦੀ ਕੋਈ ਇਹੋ ਜਿਹਾ ਖ਼ਿਆਲ ਨਹੀਂ ਵੜਨ ਦਿੱਤਾ । ਥੀਏਟਰ, ਤਮਾਸ਼ੇ ਆਦਿ ਨਾ ਦੇਖਣ ਦਾ ਪ੍ਰਣ ਤਾਂ ਮੇਰਾ ਇਹ ਸੀ ਕਿ ੪੦ ਸਾਲ ਦੀ ਉਮਰ ਤਕ ਨਹੀਂ ਵੇਖਣਾ । ਇਹੋ ਉਪਦੇਸ਼ ਉੱਪਰ ਲਿਖੀਆਂ ਪੁਸਤਕਾਂ ਵਿਚ ਦਿੱਤਾ ਹੋਇਆ ਸੀ । ਉਨ੍ਹਾਂ ਪੁਸਤਕਾਂ ਅਨੁਸਾਰ ਤਾਂ ੪੦ ਸਾਲ ਉਮਰ ਹੋ ਚੁੱਕਣ ਮਗਰੋਂ ਥੀਏਟਰਾਂ

---

*ਦਸਮ ਗ੍ਰੰਥ, ਪੰਨਾ ੮੪੨

Academy of the Punjab in North America: http://www.apnaorg.com

ਵਿੱਚੋਂ ਭੈੜੇ ਖ਼ਿਆਲ ਪਰੇ ਰੱਖ ਕੇ ਉਪਦੇਸ਼ ਲੈ ਸਕੀਦਾ ਹੈ ਪਰ ਜਦ ਮੈਂ ੪੦ ਸਾਲ ਦਾ ਹੋਇਆ ਤਾਂ ਮੈਨੂੰ ਇਹ ਫ਼ਿਕਰ ਪਿਆ ਕਿ ਜੇ ਮੈਂ ਸਿਨੇਮਾ ਵੇਖਾਂਗਾ ਤਾਂ ਮੇਰੇ ਮੁੰਡੇ ਤਾਂ ਮੇਰੀ ਮਿਸਾਲ ਨੂੰ ਵੇਖਣਗੇ ਤੇ ਕੁਰਾਹੇ ਪੈ ਜਾਣਗੇ। ਇਸ ਕਰਕੇ ਮੈਂ ਸਿਨੇਮਾ, ਥੀਏਟਰ ਜਾਂ ਕੋਈ ਹੋਰ ਇਹੋ ਜਿਹਾ ਤਮਾਸ਼ਾ ਕਦੀ ਨਹੀਂ ਵੇਖਿਆ; ਸਿਵਾਏ ਇਕ ਵੇਰਾਂ ਦੇ ਜਦ ਮੈਂ ਬਰਮਾ ਗਿਆ ਸਾਂ ਤਾਂ ਇਕ ਮਿੱਤਰ ਜੀ ਮੈਨੂੰ ਇਹ ਕਹਿ ਕੇ ਸਿਨੇਮਾ ਲੈ ਗਏ ਸਨ ਕਿ ਜੰਗਲ ਦਾ ਸੀਨ ਹੈ, ਇਸ ਵਿਚ ਕੋਈ ਇਹੋ ਜਿਹੀ ਗੱਲ ਨਹੀਂ ਆ ਸਕਦੀ। ਮੈਂ ਇਹ ਸਿਨੇਮਾ ਵੇਖ ਕੇ ਹੋਰ ਭੀ ਪੱਕਾ ਹੋਇਆ ਕਿ ਮੌਜੂਦਾ ਜ਼ਮਾਨੇ ਵਿਚ ਕਾਮ-ਚੇਸ਼ਟਾ ਨੂੰ ਉਕਸਾਣ ਵਿਚ ਇਤਨੀ ਬੇਹਯਾਈ ਹੋ ਰਹੀ ਹੈ ਕਿ ਸ਼ਾਇਸਤਾ ਸੁਸਾਇਟੀ ਤੋਂ ਜਿਤਨਾ ਪਰੇ ਰਿਹਾ ਜਾਵੇ ਉਤਨਾ ਹੀ ਧਰਮ ਦੇ ਨੇੜੇ ਹੋਣ ਦਾ ਰਾਹ ਖੋਲ੍ਹਦਾ ਹੈ।

ਇਸ ਥਾਂ ਮੈਂ ਪਾਠਕਾਂ ਨੂੰ ਖ਼ਾਸ ਤੌਰ 'ਤੇ ਬੇਨਤੀ ਕਰਾਂਗਾ ਕਿ ਉਹ ਆਪਣੇ ਮੁੰਡੇ-ਕੁੜੀਆਂ ਨੂੰ ਉੱਪਰ ਲਿਖੀਆਂ ਪੁਸਤਕਾਂ ਪੜ੍ਹਾਉਣ ਤੇ ਨਵੇਂ ਪੱਛਮੀ ਹਨੇਰੇ ਵਿਚ ਕੁਰਾਹੇ ਨਾ ਭੱਜ ਪੈਣ। ਕਈ ਲਿਖਾਰੀ ਸਿੰਨੇਮਾ ਦੇ ਹੱਕ ਵਿਚ ਲਿਖ ਰਹੇ ਹਨ। ਉਨ੍ਹਾਂ ਦੀ ਵੱਡੀ ਦਲੀਲ ਇਹ ਹੈ ਕਿ ਸਿਨੇਮਾ ਰਾਹੀਂ ਕਈ ਕਿਸਮ ਦਾ ਉਪਦੇਸ਼, ਕਈ ਕਿਸਮ ਦੀ ਵਾਕਫ਼ੀ ਤੇ ਕਈ ਕਿਸਮ ਦਾ ਇਲਮ ਚੰਗੀ ਤਰ੍ਹਾਂ ਸਮਝਾਇਆ ਜਾ ਸਕਦਾ ਹੈ। ਇਹ ਠੀਕ ਹੈ ਪਰ ਸਿਨੇਮਾ ਨੂੰ ਇਨ੍ਹਾਂ ਚੰਗੇ ਕੰਮਾਂ ਤਕ ਹੀ ਰੱਖੋ। ਇਸ ਅੱਗ ਨਾਲ ਰੋਟੀਆਂ ਤਾਂ ਬੇਸ਼ੱਕ ਪਕਾਓ, ਪਰ ਆਪਣੇ ਕੱਪੜਿਆਂ ਨੂੰ ਕਿਉਂ ਅੱਗ ਲਾ ਲੈਂਦੇ ਹੋ। ਜਿਤਨਾ ਸਿਨੇਮਾ ਚੱਲ ਰਿਹਾ ਹੈ, ਉਸ ਵਿੱਚੋਂ ਜੇ ਸਾਰਾ ਨਹੀਂ ਤਾਂ ਕਰੀਬਨ ਸਾਰਾ ਬਦਮਾਸ਼ੀ ਵਧਾਣ ਵਿਚ ਸਹਾਈ ਹੋ ਰਿਹਾ ਹੈ। ਜੇਕਰ ਕੋਈ ਕਮਿਸ਼ਨ ਤਹਿਕੀਕਾਤ ਕਰੇ ਤਾਂ ਉਨ੍ਹਾਂ ਖਾਨਦਾਨਾਂ ਤੇ ਮੁੰਡੇ-ਕੁੜੀਆਂ ਦੀ ਹੈਰਾਨ ਕਰਨ ਵਾਲੀ ਗਿਣਤੀ ਨਿਕਲੇਗੀ, ਜਿਨ੍ਹਾਂ ਨੇ ਆਪਣਾ ਜੀਵਨ ਇਸ ਸਿਨੇਮਾ ਦੀ ਭੱਠੀ ਵਿਚ ਸਾੜ ਸੁੱਟਿਆ ਹੈ ਜਾਂ ਲੂਹ ਲਿਆ ਹੈ। ਇਹ ਸਿਨੇਮਾ ਸਭ ਐਬਾਂ ਦੀ ਜੜ੍ਹ ਹੈ ਤੇ ਸ਼ਹਿਰਾਂ ਵਿਚ ਤਾਂ ਇਹ ਸ਼ਰਾਬ ਨਾਲੋਂ ਕਿਧਰੇ ਵੱਧ ਨੁਕਸਾਨ ਕਰ ਰਿਹਾ ਹੈ। ਕਈ ਕਹਿਣਗੇ ਕਿ ਸਰਕਾਰ ਨੇ ਬਦ-ਇਖ਼ਲਾਕੀ ਦੇ ਸੀਨ ਰੋਕਣ ਲਈ ਸਿਨੇਮਾ ਦੇ ਇੰਸਪੈਕਟਰ ਮੁਕੱਰਰ ਕੀਤੇ ਹੋਏ ਹਨ ਤੇ ਉਹ ਕਿਉਂ ਭੈੜੇ ਸਿਨੇਮਾ ਨਹੀਂ ਰੋਕਦੇ। ਸਰਕਾਰੀ ਜ਼ਿੰਮੇਵਾਰ ਤੇ ਇਹ ਇੰਸਪੈਕਟਰ ਸਭ ਇਸ ਸ਼ਾਇਸਤਾ ਬਦਮਾਸ਼ ਰਾਏ ਦੇ ਰੋਹਬ ਵਿਚ ਫਸੇ ਹੋਏ ਹਨ। ਮੈਨੂੰ ਅਜੇਹੇ ਮਰਦ ਘੱਟ ਨਜ਼ਰ ਆਉਂਦੇ ਹਨ, ਜੋ ਸਾਫ਼ ਰਾਏ ਕਾਇਮ ਕਰ ਕੇ ਉਸ ਉੱਤੇ ਡਟ ਜਾਣ। ਜੇ ਮੈਨੂੰ ਸਿਨੇਮਾ ਦਾ ਅਫ਼ਸਰ ਬਣਾਇਆ ਜਾਵੇ ਤਾਂ ਮੈਂ ਪਿਛਲੀਆਂ ਫਿਲਮਾਂ ਤਾਂ ਬਿਨਾਂ ਵੇਖੇ ਸਭ ਫੂਕ ਸੁੱਟਾਂ ਤੇ ਨਵੀਆਂ ਆਖਾਂ ਬਣਾਓ ਤੇ ਉਨ੍ਹਾਂ ਵਿਚ ਔਗੁਣ ਨਾ ਆਵਣ ਦੇਵਾਂ। ਹਨੇਰ ਤਾਂ ਇਹ ਹੈ ਕਿ ਜੋ ਖ਼ਰਾਬੀਆਂ ਸਿੰਘ ਸਭਾ ਲਹਿਰ ਨੇ ਸਾਡੇ ਵਿੱਚੋਂ ਕੱਢੀਆਂ ਸਨ, ਉਹ ਮੁੜ ਜ਼ੋਰਾਂ ਵਿਚ ਆ ਰਹੀਆਂ ਹਨ। ਅੱਗੇ ਸਿੰਘ ਸਭਾ ਲਹਿਰ ਨੇ ਕੰਜਰੀਆਂ ਦੇ ਨਾਚ ਹਟਾਏ ਸਨ, ਹੁਣ ਸ਼ਰੀਫ ਘਰਾਂ ਦੀਆਂ ਕੁੜੀਆਂ, ਮਰਦਾਂ ਵਿਚ ਨੱਚਣ

Academy of the Punjab in North America: http://www.apnaorg.com

ਲਗ ਪਈਆਂ ਹਨ। ਜੇ ਕੋਈ ਪੁੱਛੇ ਇਹ ਕੀ ਹੈ ਤਾਂ "ਸ਼ਾਇਸਤਾ" ਭਲੇਮਾਣਸ ਕਹਿੰਦੇ ਹਨ ਕਿ ਇਹ ਆਰਟ (Art) ਹੈ। ਇਸ ਨਾਲ ਵਰਜ਼ਿਸ਼ ਹੁੰਦੀ ਹੈ। ਕੋਈ ਪੁੱਛੇ ਭਲਾ ਇਹ ਆਰਟ ਤੇ ਵਰਜ਼ਿਸ਼ ਹੀ ਸਹੀਂ, ਪਰ ਕੀ ਮਰਦਾਂ ਦੀ ਹਾਜ਼ਰੀ ਵਿਚ ਹੀ ਆਰਟ ਖੁਲ੍ਹਦਾ ਹੈ ਤੇ ਵਰਜ਼ਿਸ਼ ਤੇਜ਼ ਹੁੰਦੀ ਹੈ ? ਭਲੇ ਲੋਕੋ ਨਵੀਂ ਸ਼ਾਇਸਤਾ ਬਦਮਾਸ਼ੀ ਤੋਂ ਬਚੋ, ਨਹੀਂ ਤਾਂ ਤਬਾਹ ਹੋ ਜਾਵੋਗੇ। ਅੰਗਰੇਜ਼ਾਂ ਦੀਆਂ ਖ਼ੂਬੀਆਂ ਤਾਂ ਲਵੋ ਪਰ ਉਨ੍ਹਾਂ ਦੀਆਂ ਬਦੀਆਂ ਲੈਣ ਵਿਚ ਕੋਈ ਸ਼ਾਇਸਤਗੀ ਨਹੀਂ ਹੈ। ਹੁਣ ਦੀ ਹਾਲਤ ਤਾਂ ਇਹ ਹੈ ਕਿ ਅੰਗਰੇਜ਼ਾਂ ਨੇ ਆਪਣੇ ਔਗੁਣਾਂ ਉੱਤੇ ਕੋਈ ਰੋਕ ਲਾਈ ਹੋਈ ਹੈ ਤੇ ਕਿਸੇ ਹੱਦ ਉੱਤੇ ਪੁੱਜ ਕੇ ਉਹ ਔਗੁਣ ਤੋਂ ਬਚਦੇ ਹਨ, ਪਰ ਦੇਸੀ "ਸ਼ਾਇਸਤਾ" ਤਾਂ ਔਗੁਣ ਦੀ ਹਰ ਹੱਦ ਟੱਪ ਜਾਂਦੇ ਹਨ ਤੇ ਗੁਣ ਲੈਣ ਜੋਗੇ ਤਾਂ ਉਹ ਹੋਏ ਹੀ ਨਾ। ਅੰਟ੍ਰੈਂਨਸ ਵਿਚ ਜਾ ਕੇ ਮੈਨੂੰ ਫੁੱਟਬਾਲ ਖੇਡਣ ਦਾ ਬਹੁਤ ਸ਼ੌਕ ਲੱਗਾ ਤੇ ਮੈਂ ਸਾਰੀ ਰਾਵਲਪਿੰਡੀ ਵਿਚ ਮਸ਼ਹੂਰ ਖਿਡਾਰੀ ਹੋ ਗਿਆ। ਯੂਨੀਵਰਸਿਟੀ ਦੇ ਇਮਤਿਹਾਨ ਵਿਚ ਮੈਂ ਚੰਗਾ ਪਾਸ ਹੋਇਆ ਸਾਂ ਪਰ ਮੈਂ ਵਜ਼ੀਫਾ ਨਹੀਂ ਲੈ ਸਕਿਆ ਸਾਂ ਤੇ ਆਪਣੇ ਸਕੂਲ ਵਿਚ ਭੀ ਇਕ ਮੁੰਡੇ ਦੇ ਨੰਬਰ ਮੇਰੇ ਨਾਲੋਂ ਵੱਧ ਗਏ ਸਨ।

✡ ✡ ✡

Academy of the Punjab in North America: http://www.apnaorg.com

# ਕਾਲਜ ਦਾ ਜੀਵਨ

ਮੈਂ ਅਜੇ ਨੌਵੀਂ ਜਮਾਤ ਵਿਚ ਹੀ ਪੜ੍ਹਦਾ ਸਾਂ ਜਦ ਮੇਰੇ ਪਿਤਾ ਜੀ ਚਲਾਣਾ ਕਰ ਗਏ। ਉਸ ਦੇ ਮਗਰੋਂ ਮੇਰੇ ਵੱਡੇ ਭਰਾਤਾ ਬਖਸ਼ੀ ਗੰਗਾ ਸਿੰਘ ਜੀ ਹੀ ਮੇਰੇ ਸਰਪ੍ਰਸਤ ਸਨ। ਜਿਸ ਤਰ੍ਹਾਂ ਉਹਨਾਂ ਨੇ ਆਪਣੇ ਵੱਡੇ ਭਰਾ ਹੋਣ ਦਾ ਫਰਜ਼ ਨਿਭਾਇਆ ਹੈ, ਇਸ ਤਰ੍ਹਾਂ ਸ਼ਾਇਦ ਹੀ ਹੋਰ ਕੋਈ ਨਿਭਾਉਂਦਾ ਹੋਵੇ। ਅਸੀਂ ਚਾਰ ਭਰਾ ਸਾਂ ਤੇ ਸਾਡੀ ਮਾਤਾ ਸੀ। ਸਾਡੀ ਭੈਣ ਸਭ ਤੋਂ ਵੱਡੀ ਸੀ ਤੇ ਉਹ ਵਿਆਹੀ ਹੋਈ ਸੀ। ਸਾਡੇ ਚੌਹਾਂ ਭਰਾਵਾਂ ਵਿੱਚੋਂ ਅਸੀਂ ਦੋ ਪੜ੍ਹਦੇ ਸਾਂ ਤੇ ਤੀਜੇ ਭਰਾ ਨੇ ਪਿੰਡ ਵਿਚ ਇਕ ਛੋਟੀ ਜਿਹੀ ਦੁਕਾਨ ਖੋਲ੍ਹੀ ਹੋਈ ਸੀ ਤੇ ਸਾਡੀ ਥੋੜ੍ਹੀ ਜਿਹੀ ਜ਼ਮੀਨ ਸੀ; ਜਿਸ ਨੂੰ ਬਟਾਈ ਉੱਤੇ ਦੇ ਕੇ ਸਾਡੇ ਘਰ ਰਹਿਣ ਵਾਲੇ ਭਰਾ ਦਾਣੇ ਵੰਡਾ ਲੈਂਦੇ ਸਨ। ਸਾਡੇ ਚੌਹਾਂ ਭਰਾਵਾਂ ਵਿੱਚੋਂ ਦੋ ਵੱਡੇ ਵਿਆਹੇ ਹੋਏ ਸਨ। ਇਸ ਟੱਬਰ ਤੋਂ ਛੁੱਟ ਇਕ ਵਿਧਵਾ ਚਾਚੀ ਤੇ ਇਕ ਵਿਧਵਾ ਤਾਈ ਭੀ ਸੀ। ਅਸਲ ਵਿਚ ਰੁਜ਼ਗਾਰ ਕੇਵਲ ਵੱਡੇ ਭਰਾ ਦਾ ਹੀ ਲੱਗਾ ਹੋਇਆ ਸੀ। ਉਹ ਸ਼ਹਿਰ ਰਾਵਲਪਿੰਡੀ ਕਲਕੱਤਾ ਦਫ਼ਤਰ ਵਿਚ ੩੦) ਰੁਪੈ ਮਹੀਨਾ ਉੱਤੇ ਨੌਕਰ ਸਨ। ਇਸੇ ਵਿੱਚੋਂ ਉਹ ਸਾਰਿਆਂ ਦਾ ਗੁਜ਼ਾਰਾ ਤੋਰਦੇ ਤੇ ਸਾਨੂੰ ਦੋਹਾਂ ਨੂੰ ਪੜ੍ਹਾਉਂਦੇ ਸਨ। ਬੇਸ਼ੱਕ ਅਸੀਂ ਦੋਵੇਂ ਭਰਾ ਵਜ਼ੀਫੇ ਲੈਂਦੇ ਸਾਂ ਪਰ ਫਿਰ ਭੀ ਕੀ ਬਣਦਾ ਹੈ।

ਮੈਂ ਅੰਟ੍ਰੈਂਸ ਦਾ ਇਮਤਿਹਾਨ ਦਿੱਤਾ ਤੇ ਮੈਨੂੰ ਸ਼ੌਕ ਸੀ ਅੱਗੇ ਕਾਲਜ ਵਿਚ ਪੜ੍ਹਨ ਦਾ ਤੇ ਨਾਲੇ ਮੈਨੂੰ ਆਸ ਸੀ ਕਿ ਵਜ਼ੀਫਾ ਮਿਲ ਜਾਏਗਾ। ਮੇਰੇ ਭਰਾ ਚਾਹੁੰਦੇ ਸਨ ਕਿ ਮੈਂ ਮੈਡੀਕਲ ਕਾਲਜ ਵਿਚ ਦਾਖ਼ਲ ਹੋ ਕੇ ਡਾਕਟਰੀ ਪੜ੍ਹਾਂ। ਉਨ੍ਹਾਂ ਨੇ ਮੈਨੂੰ ਲਾਹੌਰ ਪੜ੍ਹਨ ਲਈ ਤੋਰਿਆ। ਅੱਗੇ ਲਾਹੌਰ ਮੈਡੀਕਲ ਕਾਲਜ ਵਿਚ ਮੇਰੇ ਭਰਾ ਦੇ ਦੋ ਤਿੰਨ ਦੋਸਤ ਪੜ੍ਹਦੇ ਸਨ। ਮੈਂ ਉਨ੍ਹਾਂ ਕੋਲ ਜਾ ਰਿਹਾ। ਮੈਡੀਕਲ ਕਾਲਜ ਦਾ ਪ੍ਰਿੰਸੀਪਲ ਉਸ ਵੇਲੇ ਬਰਾਊਨ ਸਾਹਿਬ ਸੀ ਤੇ ਉਹ ਸਿੱਖਾਂ ਦੀ ਖਾਸ ਰਿਆਇਤ ਕੀਤਾ ਕਰਦਾ ਸੀ, ਨਹੀਂ ਤਾਂ ਮੇਰਾ ਕੱਦ ਇਤਨਾ ਛੋਟਾ ਸੀ ਕਿ ਮੇਰੇ ਦਾਖ਼ਲ ਹੋਣ ਦੀ ਕੋਈ ਆਸ ਨਹੀਂ ਸੀ। ਦਾਖ਼ਲੇ ਵੇਲੇ ਸਭ ਉਮੀਦਵਾਰ ਛੇਤੀ ਨਾਲ ਧੱਕ ਕੇ ਕਮਰੇ ਅੰਦਰ ਜਾ ਵੜੇ ਤੇ ਗੈਲਰੀ ਉੱਤੇ ਬਹਿ ਗਏ। ਮੈਂ ਉਹਨਾਂ ਧੱਕਿਆਂ ਵਿਚ ਸ਼ਾਮਲ ਨਾ ਹੋਇਆ। ਇਕ ਤਾਂ ਉਂਞ ਹੀ ਮੇਰਾ ਸੁਭਾ ਇਸ ਤਰ੍ਹਾਂ ਦਾ ਨਹੀਂ ਹੈ, ਦੂਜਾ ਮੇਰਾ ਜੀਅ ਭੀ ਦਾਖ਼ਲ ਹੋਣ ਨੂੰ ਨਹੀਂ ਸੀ ਕਰਦਾ। ਬਰਾਊਨ ਸਾਹਿਬ ਆਏ ਤੇ ਉਨ੍ਹਾਂ ਦੇ ਨਾਲ ਕਲਰਕ ਸਨ। ਉਨ੍ਹਾਂ ਆਉਂਦਿਆਂ ਹੀ ਸਾਹਮਣੇ ਬੈਠੇ ਮੁੰਡਿਆਂ ਦੇ ਨਾਮ ਲਿਖਣੇ ਸ਼ੁਰੂ ਕਰ ਦਿੱਤੇ। ਕਿਸੇ-ਕਿਸੇ ਦਾ ਕੱਦ ਜਾਂ ਉਮਰ ਛੋਟੀ ਸਮਝ

Academy of the Punjab in North America: http://www.apnaorg.com

ਕੇ ਜਾਂ ਸਿਹਤ ਚੰਗੀ ਨਾਂ ਸਮਝ ਕੇ ਉਹ ਰੱਦ ਕਰਦੇ ਸਨ ਤੇ ਬਾਕੀ ਦਿਆਂ ਨੂੰ ਲਿਖੀ ਜਾਂਦੇ ਸਨ। ਅਜੇ ਮਸਾਂ ਅੱਧੇ ਹੀ ਲਿਖੇ ਗਏ ਹੋਣਗੇ ਕਿ ਉਨ੍ਹਾਂ ਹੋਰ ਲਿਖਣੇ ਬੰਦ ਕਰ ਦਿੱਤੇ। ਫਿਰ ਉਨ੍ਹਾਂ ਪਿਛਲੀਆਂ ਕਤਾਰਾਂ ਉੱਤੇ ਨਜ਼ਰ ਮਾਰੀ ਤੇ ਉਨ੍ਹਾਂ ਵਿਚ ਜਿੱਥੇ-ਜਿੱਥੇ ਕੋਈ ਸਿੱਖ ਨਜ਼ਰ ਆਇਆ ਉਸ ਵੱਲ ਉਂਗਲ ਕਰ ਕੇ ਉਹ ਕਲਰਕ ਨੂੰ ਕਹਿਣ "ਵ੍ਹ ਸਿੱਖ", "ਵ੍ਹ ਸਿੱਖ।" ਇਸ ਤਰ੍ਹਾਂ ਉਨ੍ਹਾਂ ਕਈ ਸਿੱਖ ਖਾਸ ਰਿਆਇਤ ਕਰਕੇ ਭੀ ਲਏ ਪਰ ਮੇਰਾ ਕੱਦ ਛੋਟਾ ਸੀ ਤੇ ਮੈਂ (ਫਿਰ ਭੀ) ਰਹਿ ਗਿਆ।

ਉਧਰੋਂ ਅੰਟ੍ਰੈਂਸ ਦਾ ਨਤੀਜਾ ਭੀ ਨਿਕਲ ਆਇਆ ਤੇ ਮੈਨੂੰ ਕੋਈ ਵਜ਼ੀਫਾ ਨਾ ਮਿਲਿਆ। ਮੇਰਾ ਜੀਅ ਬੜਾ ਪੜ੍ਹਨ ਨੂੰ ਕਰਦਾ ਸੀ। ਭਾਈ ਰਾਮ ਰੱਖਾ ਸਿੰਘ ਜੀ ਤੇ ਭਾਈ ਜੋਧ ਸਿੰਘ ਜੀ ਅੱਗੇ ਚੀਫ਼ ਖਾਲਸਾ ਦੀਵਾਨ ਤੇ ਸ: ਸੁੰਦਰ ਸਿੰਘ ਜੀ ਮਜੀਠਿਆ ਕੋਲ ਅੰਮ੍ਰਿਤਸਰ ਹੀ ਆ ਨੌਕਰ ਹੋਏ ਸਨ। ਇਨ੍ਹਾਂ ਦੀ ਸ਼ਿਫਾਰਸ਼ ਤੇ ਮਦਦ ਨਾਲ ਸ: ਸੁੰਦਰ ਸਿੰਘ ਜੀ ਨੇ ਮੈਨੂੰ ਖਾਲਸਾ ਕਾਲਜ ਵਿੱਚੋਂ ੮) ਰੁਪੈ ਮਹੀਨੇ ਦਾ ਵਜ਼ੀਫ਼ਾ ਦਿੱਤਾ। ਮੈਂ ਖਾਲਸਾ ਕਾਲਜ ਵਿਚ ਦਾਖ਼ਲ ਹੋ ਗਿਆ ਤੇ ਜਮਾਤ ਵਿਚ ਭੀ ਸਭ ਨਾਲੋਂ ਚੰਗਾ ਸਾਂ ਤੇ ਖੇਡ ਵਿਚ ਭੀ। ਹਰ ਤੀਜੇ ਮਹੀਨੇ ਇਮਤਿਹਾਨ ਹੋਇਆ ਕਰਦਾ ਸੀ ਤੇ ਧਾਰਮਕ ਪੜ੍ਹਾਈ ਵਿੱਚੋਂ ਜੋ ਅੱਵਲ ਰਹੇ ਉਸ ਨੂੰ ਵਜ਼ੀਫ਼ਾ ਮਿਲਦਾ ਸੀ। ਇਹ ਵਜ਼ੀਫ਼ਾ ਭੀ ਮੈਂ ਕਈ ਵੇਰਾਂ ਲੈ ਲੈਂਦਾ ਸਾਂ।

ਮੈਂ ਫੁੱਟਬਾਲ ਦਾ ਖ਼ਾਸ ਵਧੀਆ ਖਿਡਾਰੀ ਸਾਂ ਤੇ ਹਾਕੀ ਦਾ ਭੀ ਪਰ ਚੂੰਕਿ ਹਾਕੀ ਦੀ ਟੀਮ ਸਾਡੀ ਯੂਨੀਵਰਸਿਟੀ ਵਿਚ ਜਾਂਦੀ ਸੀ; ਇਸ ਕਰਕੇ ਮੈਂ ਮਸ਼ਹੂਰ ਹਾਕੀ ਦਾ ਖਿਡਾਰੀ ਹੀ ਸਾਂ। ਉਸ ਵੇਲੇ ਖਾਲਸਾ ਕਾਲਜ ਵਿਚ ਕਾਲਜ ਦੇ ਸਾਰੇ ਬੋਰਡਰ ਮਸਾਂ ਚਾਲੀ ਪੰਜਤਾਲੀ ਹੋਇਆ ਕਰਦੇ ਸਨ ਤੇ ਇਨ੍ਹਾਂ ਵਿੱਚੋਂ ਦੋ ਟੀਮਾਂ ਨਹੀਂ ਬਣ ਸਕਦੀਆਂ ਸਨ। ਕਾਲਜ ਵਿਚ ਆ ਕੇ ਮੈਂ ਖੇਡਾਂ ਤੇ ਹੋਰ ਗੱਪਬਾਜ਼ੀ ਵਿਚ ਬਾਹਲਾ ਪੈ ਗਿਆ ਸਾਂ, ਜਿਸ ਕਰਕੇ ਪੜ੍ਹਾਈ ਵੱਲੋਂ ਮੇਰਾ ਧਿਆਨ ਘੱਟ ਗਿਆ ਸੀ। ਐਫ. ਏ. ਦੇ ਇਮਤਿਹਾਨ ਵਿਚ ਮੈਂ ਆਪਣੇ ਕਾਲਜ ਵਿਚ ਅੱਵਲ ਰਹਿ ਕੇ ਕਾਲਜ ਦਾ ਵਜ਼ੀਫ਼ਾ ਲੈ ਲਿਆ ਸੀ ਪਰ ਯੂਨੀਵਰਸਿਟੀ ਵਿਚ ਮੈਂ ਕੋਈ ਖ਼ਾਸ ਪੁਜ਼ੀਸ਼ਨ ਨਹੀਂ ਲਈ ਸੀ। ਫੁੱਟਬਾਲ ਵਿਚ ਉਸ ਸਮੇਂ ਫਾਊਲ ਘੱਟ ਦਿੱਤੇ ਜਾਂਦੇ ਸਨ ਤੇ ਸ਼ੋਲਡਰ ਮਾਰਨ ਤੇ ਛਾਤੀ ਵਿਚ ਜਾ ਵੱਜਣ ਦਾ ਖ਼ੂਬ ਟਾਕਰਾ ਹੋਇਆ ਕਰਦਾ ਸੀ।

ਫੁੱਟਬਾਲ ਦੀ ਖੇਡ ਤਾਂ ਇਕ ਤਰ੍ਹਾਂ ਦੀ ਲੜਾਈ ਹੀ ਹੋਇਆ ਕਰਦੀ ਸੀ। ਮੈਂ ਸੱਟ ਲੱਗਣ ਤੇ ਸੱਟ ਲਾਣ ਦੀ ਜ਼ਰਾ ਪ੍ਰਵਾਹ ਨਹੀਂ ਕੀਤਾ ਕਰਦਾ ਸਾਂ ਤੇ ਮੇਰਾ ਸਰੀਰ ਕਰੜਾ ਸੀ; ਇਸ ਕਰਕੇ ਰਾਵਲਪਿੰਡੀ ਮਿਸ਼ਨ ਸਕੂਲ ਵਿਚ ਮੇਰਾ ਨਾਮ "ਵੱਟਾ" ਪੈ ਗਿਆ ਸੀ। ਖਾਲਸਾ ਕਾਲਜ ਵਿਚ ਉਥੋਂ ਮੇਰੇ ਨਾਲ ਹੋਰ ਕੋਈ ਵਿਦਿਆਰਥੀ ਨਹੀਂ ਆਇਆ ਸੀ, ਪਰ ਇੱਥੇ ਆ ਕੇ ਮੇਰਾ ਨਾਮ "ਪੱਥਰ" ਪੈ ਗਿਆ। ਹਾਕੀ ਵਿਚ ਵੀ ਮੈਂ ਸੱਟ ਲੱਗਣ ਦੀ ਪ੍ਰਵਾਹ ਨਹੀਂ ਕੀਤਾ ਕਰਦਾ ਸਾਂ, ਇਸ ਕਰਕੇ ਮੇਰਾ

Academy of the Punjab in North America: http://www.apnaorg.com

ਨਾਮ "ਪੱਥਰ" ਪੱਕਾ ਹੋ ਗਿਆ ।

ਇਕ ਗੱਲ ਇਹ ਦੱਸਣ ਵਾਲੀ ਹੈ ਕਿ ਜਦ ਪਹਿਲਾਂ ਅਰੀਆ ਸਮਾਜ ਤੇ ਸਿੰਘ ਸਭਾ ਦਾ ਜ਼ੋਰ ਉਠਿਆ ਤਾਂ ਸਰਕਾਰ ਇਹਨਾਂ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਿਆ ਕਰਦੀ ਸੀ । ਆਰੀਆ ਸਮਾਜੀ ਬਾਹਲੇ ਅੰਗਰੇਜ਼ਾਂ ਦੇ ਖ਼ਿਲਾਫ਼ ਸਮਝੇ ਜਾਂਦੇ ਸਨ, ਪਰ ਉਹ ਆਪਣੇ ਕਥਨਾਂ ਤੇ ਲੇਖਾਂ ਵਿਚ ਆਪਣੇ ਆਪ ਨੂੰ "ਨਿਮਕ ਹਲਾਲ" ਸਾਬਤ ਕਰਨ ਦਾ ਬੜਾ ਯਤਨ ਕੀਤਾ ਕਰਦੇ ਸਨ । ਸਿੰਘ ਸਭਾਵਾਂ ਵਿਚ ਤਾਂ ਨਿਮਕ ਹਲਾਲੀ ਦੇ ਲੈਕਚਰ ਹੀ ਹੋਇਆ ਕਰਦੇ ਸਨ । ਪਹਿਲਾਂ ਛੋਟੀ ਉਮਰ ਵਿਚ ਮੈਨੂੰ ਮੇਰੇ ਪਿਤਾ ਜੀ ਨੇ ਜਨਰਲ ਨਿਕਲਸਨ ਦੀ ਬਹਾਦਰੀ ਦੀ ਕਥਾ ਸੁਣਾ ਕੇ ਮੈਨੂੰ ਅੰਗਰੇਜ਼ਾਂ ਦੇ ਹੱਕ ਵਿਚ ਕਰ ਦਿੱਤਾ ਸੀ । ਮਗਰੋਂ ਸਭ ਥਾਂ ਅੰਗਰੇਜ਼ਾਂ ਦੇ ਹੱਕ ਵਿਚ ਹੀ ਲੈਕਚਰ ਸੁਣਨ ਕਰਕੇ ਮੈਂ ਅੰਗਰੇਜ਼ਾਂ ਦੇ ਹੱਕ ਵਿਚ ਬਹੁਤ ਹੋ ਗਿਆ ਸਾਂ । ਸੰਨ ੧੯੦੬ ਤਕ ਤਾਂ ਸਭ ਸਿੱਖ ਵਿਦਿਆਰਥੀ ਅੰਗਰੇਜ਼ਾਂ ਦੇ ਹੱਕ ਵਿਚ ਹੋਇਆ ਕਰਦੇ ਸਨ, ਪਰ ਸੰਨ ੧੯੦੬ ਦੇ ਅਖ਼ੀਰ ਤੇ ੧੯੦੭ ਦੇ ਸ਼ੁਰੂ ਵਿਚ ਬੰਗਾਲ ਦੀ ਵੰਡ ਦੇ ਵਿਰੁੱਧ ਬੰਗਾਲ ਵਿਚ ਬੜੀ ਐਜੀਟੇਸ਼ਨ ਹੋਈ ਤੇ ਇਹ ਐਜੀਟੇਸ਼ਨ ਸਵਦੇਸ਼ੀ ਕੱਪੜੇ ਦੇ ਪਹਿਨਣ ਦੇ ਹੱਕ ਵਿਚ ਹੋ ਗਈ । ਇਸ ਐਜੀਟੇਸ਼ਨ ਦਾ ਜ਼ੋਰ ਬਹੁਤ ਵੱਧ ਗਿਆ ਸੀ । ਮੈਨੂੰ ਚੇਤੇ ਹੈ ਕਿ ਲਾਹੌਰ ਗਵਰਨਮੈਂਟ ਕਾਲਜ ਦੇ ਕਈ ਮੁੰਡਿਆਂ ਨੇ ਆਪਣੇ ਲੈਂਪ ਭੰਨ ਦਿੱਤੇ ਸਨ ਤੇ ਮਿੱਟੀ ਦੇ ਦੀਵਿਆਂ ਦੀ ਰੌਸ਼ਨੀ ਵਿਚ ਪੜ੍ਹਨਾ ਸ਼ੁਰੂ ਕਰ ਦਿੱਤਾ ਸੀ ।

ਇਸ ਐਜੀਟੇਸ਼ਨ ਦੇ ਨਾਲ ਹੀ ਦੋ ਵਾਕੇ ਸਿੱਖਾਂ ਨਾਲ ਤਅੱਲੁਕ ਰੱਖਣ ਵਾਲੇ ਭੀ ਹੋਏ, ਇਕ ਤਾਂ ਜ਼ਿਲ੍ਹਾ ਲਾਇਲਪੁਰ ਦੀ ਬਾਰ ਲਈ ਨਵਾਂ ਕਾਨੂੰਨ ਬਣਿਆ ਸੀ, ਜਿਸ ਰਾਹੀਂ ਜ਼ਿਮੀਂਦਾਰਾਂ ਉੱਤੇ ਕਈ ਤਰ੍ਹਾਂ ਦੀਆਂ ਬੰਦਸ਼ਾਂ ਲੱਗੀਆਂ ਸਨ, ਇਸ ਐਜੀਟੇਸ਼ਨ ਦੀ ਅਗਵਾਈ ਉਸ ਵੇਲੇ ਮਿਸਟਰ ਅਜੀਤ ਸਿੰਘ ਤੇ ਲਾਲਾ ਲਾਜਪਤ ਰਾਏ ਜੀ ਨੇ ਕੀਤੀ ਸੀ । ਇਹ ਦੋਵੇਂ ਆਰੀਆ ਸਮਾਜੀ ਸਨ ਪਰ ਐਜੀਟੇਸ਼ਨ ਸਿੱਖਾਂ ਤੇ ਮੁਸਲਮਾਨਾਂ ਵਿਚ ਹੀ ਸੀ ਕਿਉਂਕਿ ਜ਼ਮੀਨ ਇਹਨਾਂ ਦੋਹਾਂ ਕੋਲ ਹੀ ਸੀ । ਇਨ੍ਹਾਂ ਵਿੱਚੋਂ ਭੀ ਸਿੱਖਾਂ ਨੂੰ ਹਰ ਗੱਲ ਵਿਚ ਮਸਾਲਾ ਜ਼ਰਾ ਤੇਜ਼ ਹੀ ਲਗਦਾ ਹੈ । ਉਸ ਸਮੇਂ ਸਿੱਖਾਂ ਦਾ ਇਤਨਾ ਰੋਹਬ ਸੀ ਕਿ ਜਿਸ ਐਜੀਟੇਸ਼ਨ ਵਿਚ ਸਿੱਖ ਸ਼ਾਮਲ ਨਾ ਹੋਣ ਉਹ ਚੱਲ ਨਹੀਂ ਸੀ ਸਕਦੀ । ਇਸ ਕਰਕੇ ਹਿੰਦੂਆਂ ਤੇ ਮੁਸਲਮਾਨਾਂ ਦਾ ਇਹੋ ਜਤਨ ਰਹਿੰਦਾ ਸੀ ਕਿ ਕਿਸੇ ਤਰ੍ਹਾਂ ਸਿੱਖਾਂ ਨੂੰ ਐਜੀਟੇਸ਼ਨ ਵਿਚ ਫਸਾਇਆ ਜਾਵੇ। ਬਾਰ ਦੀ ਐਜੀਟੇਸ਼ਨ ਵਿਚ ਸਿੱਖਾਂ ਨੂੰ ਖ਼ੂਬ ਭੜਕਾਣ ਦਾ ਜਤਨ ਕੀਤਾ ਗਿਆ। ਉਸ ਵੇਲੇ ਸਿੱਖਾਂ ਦੀ ਪ੍ਰਤੀਨਿਧ ਜਮਾਤ ਚੀਫ਼ ਖਾਲਸਾ ਦੀਵਾਨ ਹੀ ਸੀ । ਚੀਫ਼ ਖਾਲਸਾ ਦੀਵਾਨ ਤਾਂ ਇਸ ਐਜੀਟੇਸ਼ਨ ਵਿਚ ਸ਼ਾਮਲ ਨਾ ਹੋਇਆ, ਪਰ ਸ: ਹਰਬੰਸ ਸਿੰਘ ਜੀ ਅਟਾਰੀ ਵਾਲਿਆਂ ਨੇ ਹਿੱਸਾ ਲਿਆ ਸੀ । ਦੂਜੇ ਪਾਸੇ ਖਾਲਸਾ ਕਾਲਜ ਵਿਚ ਇਕ ਰੌਲਾ ਆਰੰਭ ਹੋ ਗਿਆ । ਖਾਲਸਾ ਕਾਲਜ ਦੀ ਵੱਡੀ ਇਮਾਰਤ ਬਣ ਰਹੀ ਸੀ ਤੇ ਸ: ਧਰਮ ਸਿੰਘ ਜੀ ਘਰਜਾਖ ਵਾਲੇ ਇਸ ਇਮਾਰਤ ਦੇ ਇੰਜੀਨੀਅਰ

Academy of the Punjab in North America: http://www.apnaorg.com

ਸਨ। ਉਹ ਆਨਰੇਰੀ ਕੰਮ ਕਰਦੇ ਸਨ। ਖਾਲਸਾ ਕਾਲਜ ਦੀ ਕਮੇਟੀ ਵਿਚ ਜ਼ੋਰ ਤਾਂ ਅੰਮ੍ਰਿਤਸਰ ਪਾਰਟੀ ਦਾ ਸੀ ਤੇ ਸ: ਸੁੰਦਰ ਸਿੰਘ ਜੀ ਮਜੀਠੀਆ ਸਕੱਤਰ ਸਨ; ਪਰ ਲਾਹੌਰ ਪਾਰਟੀ ਵਿਚ ਭੀ ਅਜੇ ਜਾਨ ਸੀ। ਉਸ ਵੇਲੇ ਕਾਲਜ ਕਮੇਟੀ ਵਿਚ ਅੰਗਰੇਜ਼ ਮੈਂਬਰ ਭੀ ਸਨ। ਅੰਗਰੇਜ਼ ਮੈਂਬਰ ਭੀ ਅੰਮ੍ਰਿਤਸਰ ਪਾਰਟੀ ਦੇ ਇੰਜੀਨੀਅਰ ਸ: ਧਰਮ ਸਿੰਘ ਜੀ ਦੇ ਖ਼ਿਲਾਫ਼ ਹੋ ਗਏ ਤੇ ਕਾਲਜ ਕਮੇਟੀ ਦੀ ਇਕੱਤ੍ਰਤਾ ਵਿਚ ਮੇਜਰ ਹਿੱਲ ਨੇ ਸ: ਧਰਮ ਸਿੰਘ ਜੀ ਦੀ ਆਨਰੇਰੀ ਸੇਵਾ ਦੇ ਵਿਰੁੱਧ ਇਹ ਲਫ਼ਜ਼ ਕਹੇ, "Labour of Love is Nonsense" ਸ: ਧਰਮ ਸਿੰਘ ਜੀ ਇੰਜੀਨੀਅਰੀ ਤੋਂ ਹਟਾਏ ਗਏ ਪਰ ਉਕਤ ਲਫ਼ਜ਼ਾਂ ਨੂੰ ਫੜ ਕੇ ਅੰਮ੍ਰਿਤਸਰ ਪਾਰਟੀ (ਚੀਫ਼ ਖਾਲਸਾ ਦੀਵਾਨ ਪਾਰਟੀ) ਨੇ ਕਾਲਜ ਦੇ ਲੜਕਿਆਂ ਨੂੰ ਭੜਕਾ ਦਿੱਤਾ। ਲੜਕਿਆਂ ਦੇ ਆਗੂ ਸਾਰੇ ਚੀਫ਼ ਖਾਲਸਾ ਦੀਵਾਨ ਪਾਰਟੀ ਦੇ ਹੱਥ ਵਿਚ ਸਨ ਤੇ ਮੈਂ ਭੀ ਉਨ੍ਹਾਂ ਵਿੱਚੋਂ ਸਾਂ। ਲੜਕਿਆਂ ਨੇ ਖ਼ੂਬ ਐਜੀਟੇਸ਼ਨ ਸ਼ੁਰੂ ਕੀਤੀ ਤੇ ਐਜੀਟੇਸ਼ਨ ਲਈ ਇਕ ਕਮੇਟੀ ਬਣਾਈ, ਜਿਸ ਦਾ ਪ੍ਰਧਾਨ ਮੈਂ ਬਣਿਆ। ਕਾਲਜ ਦੀ ਇਸ ਐਜੀਟੇਸ਼ਨ ਤਕ ਮੈਂ ਅੰਗਰੇਜ਼ਾਂ ਦਾ ਖ਼ੈਰ-ਖਾਹ ਸਾਂ। ਕਾਲਜ ਦੀ ਇਹ ਐਜੀਟੇਸ਼ਨ ਭੀ ਉਸ ਸਮੇਂ ਚਲ ਰਹੀ ਸ਼ਵਦੇਸ਼ੀ ਐਜੀਟੇਸ਼ਨ ਤੇ ਬਾਰ ਐਜੀਟੇਸ਼ਨ ਨਾਲ ਸਬੰਧਤ ਹੋ ਗਈ। ਉਸ ਸਮੇਂ ਮਿਸਟਰ ਗੋਖਲੇ ਬੜੇ ਐਜੀਟੇਟਰ ਸਮਝੇ ਜਾਂਦੇ ਸਨ। ਉਹ ਅੰਮ੍ਰਿਤਸਰ ਆਏ ਤੇ ਕਾਲਜ ਦੇ ਲੜਕਿਆਂ ਨੇ ਉਨ੍ਹਾਂ ਦੀ ਗੱਡੀ ਖਿੱਚੀ। ਇਸ ਗੱਲ ਨੂੰ ਉਸ ਵੇਲੇ ਸਰਕਾਰ ਦੀ ਬੜੀ ਵਿਰੋਧਤਾ ਸਮਝਿਆ ਜਾਂਦਾ ਸੀ। ਸਰਕਾਰ ਨੇ ਇਸ ਗੱਲ ਨੂੰ ਬਹੁਤ ਬੁਰਾ ਮਨਾਇਆ। ਪੰਜਾਬ ਦੀ ਐਜੀਟੇਸ਼ਨ ਬਹੁਤ ਵੱਧ ਗਈ ਸੀ ਤੇ ਸਭ ਤੋਂ ਵੱਧ ਫ਼ਿਕਰ ਵਾਲੀ ਐਜੀਟੇਸ਼ਨ ਤਾਂ ਬਾਰ ਦੀ ਸੀ। ਸਰਕਾਰ ਨੇ ਅਚਣਚੇਤ ਲਾਲਾ ਲਾਜਪਤ ਰਾਏ ਨੂੰ ਫੜ ਕੇ ਰੰਗੂਨ ਭੇਜ ਦਿੱਤਾ। ਮਿਸਟਰ ਅਜੀਤ ਸਿੰਘ ਜੀ ਦੇ ਫੜਨ ਦਾ ਹੁਕਮ ਭੀ ਲਾਲਾ ਲਾਜਪਤ ਰਾਏ ਦੇ ਨਾਲ ਹੀ ਸੀ, ਪਰ ਮਿਸਟਰ ਅਜੀਤ ਸਿੰਘ ਲੁਕ ਗਏ ਤੇ ਪੰਜ ਚਾਰ ਦਿਨਾਂ ਮਗਰੋਂ ਅੰਮ੍ਰਿਤਸਰ ਵਿੱਚੋਂ ਰਾਤ ਨੂੰ ਨਿਕਲ ਕੇ ਕਿਸੇ ਹੋਰ ਥਾਂ ਜਾਣ ਦਾ ਜਤਨ ਕਰਦੇ ਹੋਏ ਫੜੇ ਗਏ। ਬੱਸ ਇਨ੍ਹਾਂ ਦੋਹਾਂ ਦੇ ਫੜੇ ਜਾਣ ਦੀ ਢਿੱਲ ਸੀ ਕਿ ਪੰਜਾਬ ਤਾਂ ਫੂ-ਫਸ ਹੋ ਗਿਆ। ਲੱਗੇ ਥਾਂ ਥਾਂ ਦੇ ਆਗੂ, ਜਾ ਜਾ ਕੇ ਮਾਫੀਆਂ ਮੰਗਣ। ਆਰੀਆ ਸਮਾਜ ਲਾਹੌਰ ਨੇ ਤਾਂ ਰੈਜ਼ੋਲਿਊਸ਼ਲ ਹੀ ਪਾਸ ਕਰ ਦਿੱਤਾ ਕਿ ਲਾਲਾ ਲਾਜਪਤ ਰਾਏ ਜੀ ਆਰੀਆ ਸਮਾਜੀ ਹੀ ਨਹੀਂ ਹਨ। ਲਾਇਲਪੁਰ ਇਕ ਜ਼ਿਮੀਂਦਾਰਾ ਕਮੇਟੀ ਬਣੀ ਸੀ, ਉਸ ਦੇ ਔਹੁਦੇਦਾਰ ਤੇ ਮੈਂਬਰ ਭੀ ਡਿਪਟੀ ਕਮਿਸ਼ਨਰ ਕੋਲੋਂ ਮਾਫ਼ੀ ਮੰਗ ਆਏ ਤੇ ਉਸ ਦੇ ਪ੍ਰਧਾਨ ਸ: ਈਸ਼ਰ ਸਿੰਘ ਜੀ ਤਾਂ ਪਾਗਲ ਹੋ ਗਏ।

ਖਾਲਸਾ ਕਾਲਜ ਦੀ ਐਜੀਟੇਸ਼ਨ ਤਾਂ ਛੇਤੀ ਹੀ ਮੁੱਕ ਗਈ। ਅਸੀਂ ਫੋਰਥ ਈਅਰ ਵਾਲੇ ਤਾਂ ਉਨ੍ਹਾਂ ਦਿਨਾਂ ਵਿਚ ਹੀ ਇਮਤਿਹਾਨ ਦੇ ਕੇ ਚਲੇ ਗਏ ਤੇ ਪਿੱਛੇ ਕੋਈ ਤਕੜਾ ਜੋਸ਼ੀਲਾ ਮੁੰਡਾ ਹੀ ਨਾ ਰਿਹਾ। ਸਰਕਾਰ ਨੇ ਇਸ ਐਜੀਟੇਸ਼ਨ ਦੀ ਜ਼ਿਮੇਂਵਾਰੀ ਚੀਫ਼ ਖਾਲਸਾ ਦੀਵਾਨ ਪਾਰਟੀ ਉੱਤੇ ਸੁੱਟੀ, ਹਾਲਾਂ ਕਿ ਉਹ ਸਾਹਮਣੇ ਨਹੀਂ ਸਨ

Academy of the Punjab in North America: http://www.apnaorg.com

ਆਏ। ਹਾਂ ! ਪਿੱਛੇ ਰਹਿ ਕੇ ਤਾਰ ਉਹੋ ਖਿੱਚਦੇ ਸਨ। ਸਰਕਾਰ ਦੇ ਹੱਥ ਵਿਚ ਰਿਆਸਤਾਂ ਦੇ ਮੈਂਬਰ ਸਾਰੇ ਹੀ ਸਨ ਤੇ ਹੋਰ ਭੀ ਬਹੁਤ ਸਨ। ਉਨ੍ਹਾਂ ਨੇ ਕਾਲਜ ਦੀ ਸਾਰੀ ਕਾਨਸਟੀਟਿਊਸ਼ਨ ਹੀ ਬਦਲ ਦਿੱਤੀ ਤੇ ਆਪਣਾ ਹੱਥ ਕਾਲਜ ਵਿਚ ਬਿਲਕੁਲ ਪੱਕਾ ਕਰ ਲਿਆ। ਬਾਰ ਦੀ ਐਜੀਟੇਸ਼ਨ ਭਾਵੇਂ ਦਬ ਗਈ ਸੀ, ਪਰ ਸਰਕਾਰ ਨੇ ਇਤਰਾਜ਼ ਵਾਲਾ ਕਾਨੂੰਨ ਵਾਪਸ ਲੈ ਲਿਆ ਸੀ, ਪਰ ਖਾਲਸਾ ਕਾਲਜ ਦੀ ਐਜੀਟੇਸ਼ਨ ਦਾ ਨਤੀਜਾ ਉਲਟਾ ਨਿਕਲਿਆ। ਕਾਲਜ ਕੌਂਸਲ ਤੇ ਮੈਨੇਜਿੰਗ ਕਮੇਟੀ ਦੇ ਪ੍ਰਧਾਨ ਲਾਹੌਰ ਦੇ ਕਮਿਸ਼ਨਰ ਤੇ ਮੀਤ ਪ੍ਰਧਾਨ ਡਿਪਟੀ ਕਮਿਸ਼ਨਰ ਬਣਾਏ ਗਏ। ਭਾਈ ਜੋਧ ਸਿੰਘ ਜੀ ਐਮ. ਏ. ਤੇ ਹੈੱਡ ਮਾਸਟਰ ਨਰੈਣ ਸਿੰਘ ਜੀ ਐਮ. ਏ. ਕੱਢ ਦਿੱਤੇ ਗਏ। ਇਹ ਦੋਵੇਂ ਸੱਜਣ ਚੀਫ਼ ਖਾਲਸਾ ਦੀਵਾਨ ਦੇ ਖ਼ਾਸ ਰੁਕਨ ਸਮਝੇ ਜਾਂਦੇ ਸਨ ਤੇ ਦੋਹਾਂ ਉੱਤੇ ਸ਼ੱਕ ਸੀ ਕਿ ਇਹ ਲੜਕਿਆਂ ਨੂੰ ਭੜਕਾਂਦੇ ਹਨ। ਠੀਕ ਗੱਲ ਇਹ ਹੈ ਕਿ ਭਾਈ ਜੋਧ ਸਿੰਘ ਜੀ ਤਾਂ ਜ਼ਰੂਰ ਮੁੰਡਿਆਂ ਨੂੰ ਉਕਸਾਂਦੇ ਸਨ, ਪਰ ਮਾਸਟਰ ਨਰੈਣ ਸਿੰਘ ਜੀ ਨੂੰ ਤਾਂ ਕੇਵਲ ਹਮਦਰਦੀ ਰੱਖਣ ਦੇ ਕਾਰਣ ਹੀ ਸਜ਼ਾ ਦਿੱਤੀ ਗਈ ਸੀ। ਇਸ ਤਰ੍ਹਾਂ ਕਾਲਜ ਉੱਤੇ ਸਰਕਾਰ ਦੇ ਹੱਥ ਪੱਕਾ ਕਰ ਲੈਣ ਨੇ ਮੇਰੇ ਦਿਲ ਵਿਚ ਸਰਕਾਰ ਵਿਰੁੱਧ ਬਹੁਤ ਗੁੱਸਾ ਪੈਦਾ ਕਰ ਦਿੱਤਾ ਤੇ ਉਸ ਦਿਨ ਤੋਂ ਮੈਂ ਸਰਕਾਰ ਦੇ ਵਿਰੁੱਧ ਹੀ ਰਿਹਾ ਹਾਂ ਤੇ ਸਰਕਾਰ ਵਿਰੋਧੀ ਲਹਿਰਾਂ ਵਿਚ ਵਧੇਰੇ ਹਿੱਸਾ ਲੈਂਦਾ ਰਿਹਾ ਹਾਂ।

ਜਦ ਮੈਂ ਰਾਵਲਪਿੰਡੀ ਸਾਂ ਤਾਂ ਅੰਮ੍ਰਿਤ ਛਕਣ ਮਗਰੋਂ ਇਕ ਦਿਨ ਭੀ ਅਜੇਹਾ ਨਹੀਂ ਹੋਵੇਗਾ, ਜਿਸ ਦਿਨ ਮੈਂ ਨਿੱਤਨੇਮ ਕੀਤੇ ਬਿਨਾਂ ਰੋਟੀ ਖਾਧੀ ਹੋਵੇ। ਮੈਂ ਪੰਜਾਂ ਬਾਣੀਆਂ ਦਾ ਬਾਕਾਇਦਾ ਪਾਠ ਕੀਤਾ ਕਰਦਾ ਸਾਂ। ਖਾਲਸਾ ਕਾਲਜ ਵਿਚ ਦਾਖ਼ਲ ਹੋ ਕੇ ਭੀ ਮੈਂ ਕੁਝ ਮਹੀਨੇ ਤਾਂ ਨਿੱਤਨੇਮੀ ਰਿਹਾ, ਪਰ ਪੂਰਾ ਨਿੱਤਨੇਮ ਕਰਨ ਵਾਲੇ ਅਸੀਂ ਦੋ ਚਾਰ ਹੀ ਮੁੰਡੇ ਸਾਂ। ਬਹੁਤ ਸਾਰੇ ਤਾਂ ਅਜੇਹੇ ਸਨ, ਜੋ ਉੱਕਾ ਕੋਈ ਪਾਠ ਨਹੀਂ ਕੀਤਾ ਕਰਦੇ ਸਨ। ਹਾਂ ਸ਼ਾਮ ਨੂੰ ਰਹਰਾਸਿ ਸਾਹਿਬ ਦੇ ਪਾਠ ਵਿਚ ਜ਼ਰੂਰ ਜਾਣਾ ਪੈਂਦਾ ਸੀ ਤੇ ਉੱਥੇ ਦਸ ਸਵੱਯੇ ਭੀ ਸਾਰੇ ਮੁੰਡੇ ਰਲ ਕੇ ਪੜ੍ਹਦੇ ਸਨ। ਮੈਂ ਖੇਡਾਂ ਵਿਚ ਸਭ ਤੋਂ ਮੋਹਰੀ ਸਾਂ ਇਸ ਕਰਕੇ ਕਾਲਜ ਦੇ ਮੁੰਡਿਆਂ ਦਾ ਆਗੂ ਸਾਂ। ਪਹਿਲਾਂ-ਪਹਿਲਾਂ ਤਾਂ ਮੈਂ ਗੁਰਦੁਆਰੇ ਭੀ ਬਕਾਇਦਾ ਜਾਇਆ ਕਰਦਾ ਸਾਂ ਤੇ ਦੂਜੇ ਮੁੰਡਿਆਂ ਨੂੰ ਭੀ ਗੁਰਦੁਆਰੇ ਜਾਣ ਲਈ ਕਿਹਾ ਕਰਦਾ ਸਾਂ, ਪਰ ਹੌਲੀ-ਹੌਲੀ ਖ਼ਾਲਸਾ ਕਾਲਜ ਦੀ ਹਵਾ ਦਾ ਅਸਰ ਮੇਰੇ 'ਤੇ ਹੋਣ ਲਗ ਪਿਆ। ਨਿੱਤਨੇਮ ਨਾਲ ਪਾਠ ਕਰਨ ਵਿਚ ਬਹੁਤ ਵਿਘਨ ਪੈਂਦੇ ਸਨ। ਵੇਲੇ ਸਿਰ ਧਿਆਨ ਨਾਲ ਤਾਂ ਪਾਠ ਕਰਨਾ ਉੱਕਾ ਹੀ ਰਹਿ ਗਿਆ ਸੀ। ਗੁਰਦੁਆਰੇ ਜਾਣਾ ਤਾਂ ਮੈਂ ਹੋਰ ਕਈ ਮੁੰਡਿਆਂ ਵਾਂਗੂੰ ਉੱਕਾ ਹੀ ਛੱਡ ਦਿੱਤਾ। ਮੁੰਡੇ ਗੁਰਦੁਆਰੇ ਜਾਂਦੇ ਸਨ ਤੇ ਹਾਜ਼ਰੀ ਲਵਾ ਕੇ ਬਿਨਾਂ ਪਾਠ ਸੁਣੇ ਖਿਸਕ ਜਾਂਦੇ ਸਨ। ਗੁਰਦੁਆਰੇ ਜਾਂਦੇ ਇਸ ਲਈ ਸਨ ਕਿ ਫ਼ੀ ਗ਼ੈਰ ਹਾਜ਼ਰੀ ਇਕ ਆਨਾ ਜੁਰਮਾਨਾ ਹੁੰਦਾ ਸੀ, ਪਰ ਇਹ ਜੁਰਮਾਨਾ ਮਹੀਨੇ ਵਿਚ ਛੇ ਆਨੇ ਤੋਂ ਵੱਧ ਨਹੀਂ ਸੀ ਹੋ ਸਕਦਾ; ਇਸ ਲਈ ਕੁਝ ਮੁੰਡੇ ਅਜੇਹੇ ਭੀ ਸਨ ਜੋ

Academy of the Punjab in North America: http://www.apnaorg.com

ਗੁਰਦੁਆਰੇ ਜਾਂਦੇ ਹੀ ਨਹੀਂ ਸਨ ਤੇ ਛੇ ਆਨੇ ਭਰ ਦੇਂਦੇ ਸਨ। ਕੁਝ ਖਿਡਾਰੀ ਮੁੰਡੇ ਅਜੇਹੇ ਸਨ ਜੋ ਰੋਅਬ ਰਖਦੇ ਸਨ। ਅਸਿਸਟੈਂਟ ਸੁਪ੍ਰੰਟੰਡੈਂਟ ਦਾ ਇਤਨਾ ਹੌਂਸਲਾ ਹੀ ਨਹੀਂ ਸੀ ਕਿ ਉਹ ਸਾਡੀ ਗ਼ੈਰ ਹਾਜ਼ਰੀ ਲਾ ਸਕੇ। ਸੋ ਅਸੀਂ ਸਵੇਰ ਵੇਲੇ ਤਾਂ ਗੁਰਦੁਆਰੇ ਚਲੇ ਜਾਂਦੇ ਸਾਂ ਪਰ ਸ਼ਾਮ ਦੇ ਪਾਠ ਵਿਚ ਬਹੁਤ ਘੱਟ ਜਾਇਆ ਕਰਦੇ ਸਾਂ। ਫੁੱਟਬਾਲ ਜਾਂ ਹਾਕੀ ਖੇਡ ਕੇ ਉਥੋਂ ਜੰਗਲ ਪਾਣੀ ਚਲੇ ਜਾਂਦੇ ਸਾਂ ਜਾਂ ਗਰਾਊਂਡ ਵਿਚ ਹੀ ਬਹਿ ਕੇ ਗੱਪਾਂ ਮਾਰਨ ਲੱਗ ਜਾਂਦੇ ਸਾਂ। ਸਾਡੇ ਉੱਥੇ ਬੈਠਿਆਂ ਦੀ ਹੀ ਹਾਜ਼ਰੀ ਲਗ ਜਾਂਦੀ ਸੀ। ਇਸ ਤਰ੍ਹਾਂ ਪਾਠ ਤੇ ਧਰਮ ਵੱਲੋਂ ਅਣਗਹਿਲੀ ਦਾ ਕਾਰਣ ਇਹ ਨਹੀਂ ਸੀ ਕਿ ਮੇਰਾ ਕੋਈ ਨਿਸਚਾ ਘਟ ਗਿਆ ਸੀ ਜਾਂ ਕਾਲਜ ਵਿਚ ਕੋਈ ਧਰਮ ਵਿਰੁੱਧ ਪ੍ਰਚਾਰ ਸੀ। ਇਸ ਅਣਗਹਿਲੀ ਦਾ ਇਕ ਕਾਰਨ ਤਾਂ ਇਹ ਸੀ ਕਿ ਮੇਰਾ ਖੇਡ ਵੱਲ ਬਹੁਤ ਧਿਆਨ ਹੋ ਗਿਆ ਸੀ ਤੇ ਖਿਡਾਰੀ ਆਮ ਤੌਰ 'ਤੇ ਸਾਰੇ ਹੀ ਲਾ-ਪਰਵਾਹ ਸਨ, ਉਨ੍ਹਾਂ ਦੀ ਸੰਗਤ ਦਾ ਅਸਰ ਸੀ। ਦੂਜਾ ਕਾਰਨ ਇਹ ਸੀ ਕਿ ਰਾਵਲਪਿੰਡੀ ਤਾਂ ਸਕੂਲ ਵਿਚ ਆਰੀਆ ਸਮਾਜੀ ਮੁੰਡਿਆਂ ਨਾਲ ਟੱਕਰ ਰਹਿੰਦੀ ਸੀ ਤੇ ਬਾਹਰ ਵੀ ਕੋਈ ਨਾ ਕੋਈ ਧਾਰਮਕ ਟੱਕਰ 'ਤੇ ਅਖਾੜਾ ਬਣਿਆ ਹੀ ਰਹਿੰਦਾ ਸੀ। ਇੱਥੇ ਕਾਲਜ ਵਿਚ ਤਾਂ ਕੋਈ ਵਿਰੋਧੀ ਟੱਕਰ ਲਾਣ ਵਾਲਾ ਹੈ ਹੀ ਨਹੀਂ ਸੀ। ਮੁਕਾਬਲਾ ਹੀ ਕੋਈ ਨਹੀਂ ਸੀ, ਇਸ ਕਰਕੇ ਮੇਰਾ ਧਿਆਨ ਭੀ ਇੱਧਰੋਂ ਘਟ ਗਿਆ।

ਪੰਥ ਸੇਵਾ ਵਿਚ ਜੀਵਨ ਬਤੀਤ ਕਰਨ ਦਾ ਇਰਾਦਾ ਤਾਂ ਮੈਂ ਪਹਿਲਾਂ ਹੀ ਕੀਤਾ ਹੋਇਆ ਸੀ। ਬੀ. ਏ. ਪਾਸ ਕਰ ਕੇ ਮੈਂ ਟ੍ਰੇਨਿੰਗ ਕਾਲਜ ਵਿਚ ਦਾਖ਼ਲ ਹੋ ਗਿਆ। ਉਸ ਵੇਲੇ ਮੇਰੇ ਮਨ ਵਿਚ ਖਾਲਸਾ ਕਾਲਜ ਉੱਤੇ ਸਰਕਾਰ ਦੇ ਕਬਜ਼ਾ ਕਰ ਲੈਣ ਦਾ ਗੁੱਸਾ ਸੀ। ਟ੍ਰੇਨਿੰਗ ਕਾਲਜ ਵਿੱਚੋਂ ਇਮਤਿਹਾਨ ਨੇੜੇ ਆਵਣ ਉੱਤੇ ਮੈਂ ਮਾਸਟਰ ਬਿਸ਼ਨ ਸਿੰਘ ਤੇ ਮਾਸਟਰ ਸੁੰਦਰ ਸਿੰਘ ਜੀ ਨਾਲ ਸਲਾਹ ਕੀਤੀ ਕਿ ਕੋਈ ਖਾਲਸਾ ਸਕੂਲ ਖੋਲ੍ਹਿਆ ਜਾਵੇ। ਉਸ ਵੇਲੇ ਖਾਲਸਾ ਕਾਲਜ ਤੋਂ ਬਿਨਾਂ ਕੇਵਲ ਗੁਜਰਾਂਵਾਲੇ ਵਿਚ ਹੀ ਖਾਲਸਾ ਹਾਈ ਸਕੂਲ ਸੀ ਤੇ ਹੋਰ ਕਿਧਰੇ ਨਹੀਂ ਸੀ। ਲਾਇਲਪੁਰ ਦੀ ਪਿਛਲੀ ਐਜੀਟੇਸ਼ਨ ਵਿਚ ਸਿੱਖਾਂ ਦੀ ਅਗਵਾਈ ਆਰੀਆ ਸਮਾਜੀਆਂ ਨੇ ਕੀਤੀ ਸੀ। ਮੈਨੂੰ ਇਕ ਤਾਂ ਸਰਕਾਰ ਵਿਰੁੱਧ ਗੁੱਸਾ ਸੀ ਤੇ ਦੂਜਾ ਆਰੀਆ ਸਮਾਜੀ ਲਾਇਲਪੁਰ ਹਾਈ ਸਕੂਲ ਖੋਲ੍ਹਣ ਦਾ ਯਤਨ ਕਰ ਰਹੇ ਸਨ। ਇਸ ਕਰਕੇ ਅਸਾਂ ਤਿੰਨਾਂ ਸਲਾਹ ਕਰਕੇ ਖਾਲਸਾ ਦੀਵਾਨ ਬਾਰ ਨੂੰ ਇਕ ਸਾਲ ਲਈ ਪੰਦਰਾਂ-ਪੰਦਰਾਂ ਰੁਪੈ ਮਹੀਨਾ ਲੈ ਕੇ ਕੰਮ ਕਰਨ ਲਈ ਲਿਖ ਦਿੱਤਾ, ਜੇ ਉਹ ਹਾਈ ਸਕੂਲ ਖੋਲ੍ਹਣ। ਇਹ ਵਿਉਂਤ ਤੋੜ ਚੜ੍ਹ ਗਈ ਤੇ ਲਾਇਲਪੁਰ ਵਿਚ ਖਾਲਸਾ ਹਾਈ ਸਕੂਲ ਖੁਲ੍ਹ ਗਿਆ। ਮੈਂ ਉਸ ਦਾ ਹੈੱਡ ਮਾਸਟਰ ਬਣਿਆ। ਉਸ ਵੇਲੇ ਟ੍ਰੇਂਡ ਸਿੱਖ ਗਰੈਜੂਏਟ ਇਤਨੇ ਘੱਟ ਸਨ ਕਿ ਮੈਨੂੰ ਨਵੇਂ ਨੂੰ ਹੀ ਹੈੱਡ ਮਾਸਟਰ ਬਣਨਾ ਪਿਆ। ਲਾਇਲਪੁਰ ਸਕੂਲ ਚੱਲਣ ਵਿਚ ਮਾਲੀ ਔਕੜਾਂ ਬੜੀਆਂ ਆਈਆਂ ਸਨ। ਛੁੱਟੀਆਂ ਵਿਚ ਮੈਂ ਆਪ ਜ਼ਿਲ੍ਹੇ ਵਿਚ ਫਿਰ ਕੇ ਸਕੂਲ ਲਈ ਉਗਰਾਹੀ ਕੀਤਾ ਕਰਦਾ ਸਾਂ। ਸ: ਖਜ਼ਾਨ ਸਿੰਘ ਜੀ ਬੈਰਿਸਟਰ ਸਕੂਲ ਦੇ ਸਕੱਤਰ ਬਣੇ ਸਨ ਤੇ ਉਨ੍ਹਾਂ ਨੇ

Academy of the Punjab in North America: http://www.apnaorg.com

ਸਾਲ ਭਰ ਆਪਣੀ ਆਮਦਨ ਦਾ ਚੌਥਾ ਹਿੱਸਾ ਦਿੱਤਾ ਸੀ। ਉਹ ਛੇਤੀ ਹੀ ਸਕੂਲ ਦਾ ਕੰਮ ਛੱਡ ਗਏ। ਸਕੂਲ ਦੀ ਉਗਰਾਹੀ ਦਾ ਕੰਮ ਸਾਰੀ ਸਕੂਲ ਕਮੇਟੀ ਵਿੱਚੋਂ ਤਿੰਨਾਂ ਮੈਂਬਰਾਂ ਨੇ ਚੁੱਕ ਲਿਆ ਸੀ। ਇਕ ਸ: ਤੇਜਾ ਸਿੰਘ ਜੀ ਸਮੁੰਦਰੀ ਸਨ, ਦੂਜੇ ਸ: ਬਿਸ਼ਨ ਸਿੰਘ ਜੀ ਸਿੰਘ ਪੁਰੀ ਤੇ ਤੀਜੇ ਸ: ਸੁੰਦਰ ਸਿੰਘ ਜੀ ਚੱਕ ੨੧੩। ਇਨ੍ਹਾਂ ਤਿਨ੍ਹਾਂ ਤੋਂ ਛੁੱਟ ਜਮਾਦਾਰ ਸਾਧੂ ਸਿੰਘ ਜੀ, ਬਾਬੂ ਤ੍ਰਿਪਤ ਸਿੰਘ ਜੀ, ਸ: ਹਰੀ ਸਿੰਘ ਜੀ ਚੱਕ ੪੧ ਤੇ ਸ: ਹਰਚੰਦ ਸਿੰਘ ਜੀ ਚੱਕ ੨੨੦ ਨੇ ਭੀ ਉਗਰਾਹੀ ਵਿਚ ਖ਼ੂਬ ਦਿਲਚਸਪੀ ਲਈ। ਇਸ ਸਕੂਲ ਦੀ ਹਾਲਤ ਵਿਚ ਖ਼ਾਸ ਗੱਲ ਇਹ ਸੀ ਕਿ ਇਸ ਵਿਚ ਕੰਮ ਕਰਨ ਵਾਲੇ ਉਸਤਾਦ ਤੇ ਪੜ੍ਹਨ ਵਾਲੇ ਲੜਕਿਆਂ ਵਿਚ ਸਰਕਾਰ ਵਿਰੁੱਧ ਨਫ਼ਰਤ ਬਥੇਰੀ ਸੀ, ਪਰ ਸਮਾਂ ਅਜੇਹਾ ਸੀ ਕਿ ਕੋਈ ਇਹ ਮੰਨਦਾ ਨਹੀਂ ਸੀ ਕਿ ਮੈਂ ਸਰਕਾਰ ਦੇ ਵਿਰੁੱਧ ਹਾਂ।

ਮੈਂ ਲਾਇਲਪੁਰ ਸਕੂਲ ਵਿਚ ੧੫ ਮਈ ੧੯੦੮ ਨੂੰ ਲੱਗਾ ਸਾਂ। ਅਜੇ ੧੯੦੭ ਦੀ ਐਜੀਟੇਸ਼ਨ ਦਾ ਕੁਝ ਅਸਰ ਲੋਕਾਂ ਵਿਚ ਸੀ। ਲਾਲਾ ਲਾਜਪਤ ਰਾਏ ਤੇ ਮਿਸਟਰ ਅਜੀਤ ਸਿੰਘ ਜੀ ਭੀ ਰਿਹਾ ਹੋ ਕੇ ਆ ਗਏ ਸਨ। ਰਿਹਾ ਹੋ ਕੇ ਮਿਸਟਰ ਅਜੀਤ ਸਿੰਘ ਜੀ ਨੇ ਹੋਰ ਕਈਆਂ ਨੂੰ ਰਲਾ ਕੇ ਇਕ ਸੁਸਾਇਟੀ ਜਿਹੀ ਬਣਾਈ ਸੀ, ਜਿਸ ਦਾ ਨਾਮ ਇਸ ਵੇਲੇ ਮੈਨੂੰ ਚੇਤਾ ਨਹੀਂ ਹੈ। ਚੂੰਕਿ ਮੈਂ ਭੀ ਸਰਕਾਰ ਦੀ ਵਿਰੋਧਤਾ ਕਰਨਾ ਚਾਹੁੰਦਾ ਸਾਂ, ਇਸ ਕਰਕੇ ਮਿਸਟਰ ਅਜੀਤ ਸਿੰਘ ਜੀ ਨਾਲ ਮੇਰਾ ਮਿਤ੍ਰਾਨਾ ਹੋ ਗਿਆ। ਨਾਲੇ ਅਜੀਤ ਸਿੰਘ ਜੀ ਨੇ ਭੀ ਰਿਹਾਈ ਮਗਰੋਂ ਕੇਸ ਰੱਖ ਲਏ ਸਨ।

੧੯੧੩ ਵਿਚ ਕੈਨੇਡਾ ਵਿਚ ਇਕ ਕਾਨੂੰਨ ਪਾਸ ਕਰਕੇ ਹਿੰਦੁਸਤਾਨੀਆਂ ਨੂੰ ਉੱਥੇ ਵੜਨੋਂ ਰੋਕ ਦਿੱਤਾ ਗਿਆ। ਕੈਨੇਡਾ ਵਿਚ ਗਏ ਬਾਹਲੇ ਸਿੱਖ ਹੀ ਸਨ ਤੇ ਸਿੱਖ ਹੀ ਜਾ ਰਹੇ ਸਨ। ਉੱਥੇ ਗਏ ਸਿੱਖ ਕਮਾਈ ਚੰਗੀ ਕਰਦੇ ਸਨ ਤੇ ਪੰਥਕ ਆਸ਼੍ਰਮਾਂ ਨੂੰ ਸਹਾਇਤਾ ਭੀ ਕਾਫੀ ਘਲਦੇ ਸਨ। ਕੈਨੇਡਾ ਵਿਚ ਰਹਿਣ ਵਾਲੇ ਸਿੱਖਾਂ ਨੇ ਪੰਜਾਬ ਦੇ ਸਿੱਖਾਂ ਕੋਲ ਸਹਾਇਤਾ ਲਈ ਅਪੀਲ ਭੀ ਕੀਤੀ ਸੀ। ਇੱਧਰੋਂ ਰੈਜ਼ੋਲਿਊਸ਼ਨ ਤਾਂ ਬਥੇਰੇ ਪਾਸ ਹੋਏ ਸਨ ਪਰ ਕਿਸੇ ਨੇ ਕੋਈ ਪ੍ਰਵਾਹ ਨਹੀਂ ਸੀ ਕੀਤੀ। ਕੈਨੇਡਾ ਨਿਵਾਸੀ ਹਿੰਦੁਸਤਾਨੀਆਂ ਵੱਲੋਂ ਭਾਈ ਬਲਵੰਤ ਸਿੰਘ ਜੀ, ਭਾਈ ਨਰੈਣ ਸਿੰਘ ਜੀ ਤੇ ਭਾਈ ਨੰਦ ਸਿੰਘ ਜੀ ਦਾ ਇਕ ਡੈਪੂਟੇਸ਼ਨ ਘਲਿਆ ਗਿਆ। ਇਹ ਡੈਪੂਟੇਸ਼ਨ ਪਹਿਲਾਂ ਇੰਗਲਿਸਤਾਨ ਗਿਆ, ਉੱਥੇ ਇਨ੍ਹਾਂ ਦੀ ਕਿਸੇ ਗੱਲ ਹੀ ਨਾ ਸੁਣੀ। ਉੱਥੋਂ ਇਹ ਪੰਜਾਬ ਵਿਚ ਆ ਗਏ। ਇੱਥੇ ਲੋਕੀਂ ਉਸ ਸਮੇਂ ਬੜੇ ਦਬੇ ਹੋਏ ਸਨ। ਅੰਮ੍ਰਿਤਸਰ ਵਿਚ ਇਕ ਛੋਟਾ ਜਿਹਾ ਜਲਸਾ ਹੋਇਆ, ਜਿਸ ਦੇ ਪ੍ਰਧਾਨ ਸ: ਸੁੰਦਰ ਸਿੰਘ ਜੀ ਮਜੀਠੀਆ ਬਣੇ ਸਨ। ਸ: ਸੁੰਦਰ ਸਿੰਘ ਜੀ ਨੇ ਭਾਈ ਬਲਵੰਤ ਸਿੰਘ ਜੀ ਨੂੰ ਤਕਰੀਰ ਕਰਦਿਆਂ ਵਿਚੇ ਰੋਕ ਦਿੱਤਾ ਸੀ ਤੇ ਆਪ ਇਸ ਤਰ੍ਹਾਂ ਦੀ ਤਕਰੀਰ ਕੀਤੀ ਸੀ ਕਿ ਡੈਪੂਟੇਸ਼ਨ ਵਾਲੇ ਮਾਯੂਸ ਹੋਏ ਸਨ। ਫਿਰ ਇਕ ਛੋਟਾ ਜਿਹਾ ਜਲਸਾ ਲਾਹੌਰ ਵਿਚ ਕਾਂਗਰਸ ਨੇ ਕਰਵਾਇਆ ਸੀ। ਉਸ ਵੇਲੇ ਕਾਂਗਰਸ ਕਮੇਟੀ ਕੇਵਲ ਲਾਹੌਰ ਸ਼ਹਿਰ ਵਿਚ ਹੀ ਸੀ। ਇਸ ਦੇ ਮਗਰੋਂ ਕੋਈ ਮਹੀਨਾ ਭਰ ਕਿਧਰੇ

Academy of the Punjab in North America: http://www.apnaorg.com

ਜਲਸਾ ਨਹੀਂ ਸੀ ਹੋਇਆ। ਇਸ ਡੈਪੂਟੇਸ਼ਨ ਨੂੰ ਲਾਇਲਪੁਰ ਦੇ ਸੱਜਣ ਮੇਰੀ ਸਲਾਹ ਨਾਲ ਲਾਇਲਪੁਰ ਲੈ ਗਏ। ਉੱਥੇ ਗੁਰਦੁਆਰੇ ਵਿਚ ਇਕ ਜਲਸਾ ਹੋਇਆ। ਖਾਲਸਾ ਹਾਈ ਸਕੂਲ ਦਾ ਸਾਲਾਨਾ ਦੀਵਾਨ ਸੀ। ਉਸ ਦੀਵਾਨ ਵਿਚ ਭੀ ਕੈਨੇਡਾ ਨਿਵਾਸੀ ਹਿੰਦੁਸਤਾਨੀਆਂ ਦੇ ਹੱਕ ਵਿਚ ਮਤਾ ਪਾਸ ਹੋਇਆ। ਇਸ ਡੈਪੂਟੇਸ਼ਨ ਵਾਲੇ ਕੁਝ ਦਿਨ ਮੇਰੇ ਕੋਲ ਹੀ ਠਹਿਰੇ ਸਨ, ਕਿਉਂਕਿ ਇਨ੍ਹਾਂ ਵਿੱਚੋਂ ਭਾਈ ਨੰਦ ਸਿੰਘ ਜੀ ਮੇਰੇ ਪੁਰਾਣੇ ਖਾਲਸਾ ਕਾਲਜ ਸਮੇਂ ਦੇ ਦੋਸਤ ਸਨ। ਉਹ ਮੇਰੇ ਨਾਲੋਂ ਇਕ ਜਮਾਤ ਪਿੱਛੇ ਸਨ। ਉੱਥੋਂ ਇਸ ਡੈਪੂਟੇਸ਼ਨ ਨੂੰ ਨਾਲ ਲੈ ਕੇ ਰਾਵਲਪਿੰਡੀ, ਗੁੱਜਰਖਾਨ ਆਦਿਕ ਭੀ ਗਿਆ ਸਾਂ। ਉੱਥੇ ਜਲਸੇ ਕਰ ਕੇ ਮਤੇ ਪਾਸ ਕੀਤੇ ਗਏ ਸਨ। ਬੱਸ ਮੈਂ ਤਾਂ ਪੱਕਾ ਸ਼ੱਕੀ ਹੋ ਗਿਆ।

੧੯੧੩, ੧੯੧੪ ਦੇ ਸਾਲ ਬੜੇ ਘਮਸਾਨ ਦੇ ਸਾਲ ਸਨ। ਉੱਧਰ ਸਿੱਖਾਂ ਵਿਚ ਕੈਨੇਡਾ ਵਿਚ ਐਜੀਟੇਸ਼ਨ ਹੋ ਰਿਹਾ ਸੀ ਤੇ ਉਥੇ ਭਾਈ ਪਰਮਾਨੰਦ ਤੇ ਲਾਲਾ ਹਰਦਿਆਲ ਪੁੱਜ ਗਏ ਸਨ। ਲਾਲਾ ਹਰਦਿਆਲ ਬੜਾ ਜੋਸ਼ੀਲਾ ਸੀ ਤੇ ਬੜੇ ਭੜਕਾਊ ਲੈਕਚਰ ਦੇਂਦਾ ਸੀ। ਕੈਨੇਡਾ ਵਿਚ ਸਿੱਖਾਂ ਵਿਚ ਅੰਗਰੇਜ਼ਾਂ ਦੇ ਵਿਰੁੱਧ ਬਹੁਤ ਨਫ਼ਰਤ ਫੈਲ ਗਈ ਸੀ। ਮੈਂ ਲਾਇਲਪੁਰ ਖਾਲਸਾ ਹਾਈ ਸਕੂਲ ਛੱਡ ਕੇ ਵਲੈਤ ਗੁਰਦੁਆਰੇ ਦਾ ਗ੍ਰੰਥੀ ਬਣ ਕੇ ਜਾਣ ਨੂੰ ਤਿਆਰ ਸਾਂ। ਲੜਾਈ ਛਿੜ ਗਈ। ਮੈਂ ਵਲੈਤ ਕੋਈ ਨਾ ਗਿਆ ਤੇ ਕੱਲਰ ਖਾਲਸਾ ਹਾਈ ਸਕੂਲ ਵਿਚ ਹੈੱਡਮਾਸਟਰ ਬਣ ਕੇ ਚਲਾ ਗਿਆ ਸਾਂ। ਉੱਧਰ ਕੈਨੇਡਾ ਵੱਲ ਇਕ ਜਾਪਾਨੀ ਜਹਾਜ਼ ਸ਼ੰਘਾਈ ਦੇ ਸਿੰਘਾਂ ਦੀ ਮਦਦ ਨਾਲ ਬਾਬਾ ਗੁਰਦਿੱਤ ਸਿੰਘ ਜੀ ਕਰਾਇਆ ਕਰਕੇ ਲੈ ਤੁਰੇ। ਗੱਲ ਇਹ ਸੀ ਕਿ ਕੈਨੇਡਾ ਵਿਚ ਵੜਨ ਦਾ ਜੋ ਕਾਨੂੰਨ ਉੱਥੇ ਦੀ ਸਰਕਾਰ ਨੇ ਬਣਾਇਆ ਸੀ, ਉਹ ਉਸਤਾਦੀ ਦਾ ਸੀ। ਉਸ ਕਾਨੂੰਨ ਵਿਚ ਲਿਖਿਆ ਇਹ ਸੀ ਕਿ ਜਿਹੜਾ ਆਦਮੀ ਸਿੱਧਾ ਆਪਣੇ ਦੇਸ ਵਿੱਚੋਂ ਆਵੇ, ਉਹ ਇੱਥੇ ਦਾਖ਼ਲ ਹੋ ਸਕਦਾ ਹੈ। ਹਿੰਦੁਸਤਾਨ ਤੋਂ ਸਿੱਧਾ ਕੋਈ ਜਹਾਜ਼ ਕੈਨੇਡਾ ਨੂੰ ਨਹੀਂ ਸੀ ਜਾਂਦਾ। ਸ਼ੰਘਾਈ ਤੋਂ ਸਿੱਧਾ ਜਹਾਜ਼ ਕਰਾਏ ਤੇ ਲੀਤਾ ਗਿਆ। ਇਸ ਜਹਾਜ਼ ਦਾ ਨਾਮ ਕਾਮਾਗਾਟਾ ਮਾਰੂ ਸੀ। ਇਹ ਜਹਾਜ਼ ਜਦ ਕਨੇਡਾ ਪੁੱਜਾ ਤਾਂ ਸਰਕਾਰ ਕਨੇਡਾ ਨੇ ਇਸ ਨੂੰ ਕੰਢੇ ਲਗਣੋਂ ਹੀ ਰੋਕ ਦਿੱਤਾ। ਇਕ ਕਨੇਡੀਅਨ ਅਫ਼ਸਰ ਨੇ ਕਿਸ਼ਤੀ ਵਿਚ ਆ ਕੇ ਇਸ ਜਹਾਜ਼ ਵਿਚ ਆਵਣ ਦਾ ਜਤਨ ਕੀਤਾ, ਪਰ ਸਿੰਘਾਂ ਨੇ ਉਸ ਨੂੰ ਚੜ੍ਹਨ ਨਾ ਦਿੱਤਾ ਤੇ ਕਿਸ਼ਤੀ ਉੱਤੇ ਕੋਇਲੇ ਮਾਰ ਕੇ ਭਜਾ ਦਿੱਤਾ। ਕੁਝ ਦਿਨ ਤਾਂ ਜਹਾਜ਼ ਪਰੇ ਖੜਾ ਰਿਹਾ ਤੇ ਪੰਜਾਬ ਦੇ ਸਿੱਖਾਂ ਵਿਚ ਐਜੀਟੇਸ਼ਨ ਹੁੰਦੀ ਰਹੀ; ਆਖ਼ਰ ਉਸ ਜਹਾਜ਼ ਦੇ ਲੀਡਰ ਬਾਬਾ ਗੁਰਦਿੱਤ ਸਿੰਘ ਜੀ ਨਾਲ ਸਰਕਾਰ ਕੈਨੇਡਾ ਨੇ ਸਮਝੌਤਾ ਕਰ ਲਿਆ। ਮੁਸਾਫ਼ਰਾਂ ਨੂੰ ਖ਼ਰਚ ਤੇ ਕਰਾਇਆ ਸਰਕਾਰ ਨੇ ਦੇ ਦਿੱਤਾ ਤੇ ਜਹਾਜ਼ ਮੁੜਿਆ। ਜਹਾਜ਼ ਨੇ ਮੁੜ ਕਲਕੱਤੇ ਪੁੱਜਣਾ ਸੀ ਤੇ ਰਾਹ ਵਿਚ ਜਿੱਥੋਂ-ਜਿਥੋਂ ਜਿਭੀ ਲੰਘਿਆ ਸਿੱਖਾਂ ਵਿਚ ਐਜੀਟੇਸ਼ਨ ਹੁੰਦੀ ਰਹੀ। ਇਹ ਜਹਾਜ਼ ਬਜ-ਬਜ ਆ ਲੱਗਾ। ਉਸ ਵੇਲੇ ਯੂਰਪ ਦਾ ਜੰਗ ਸ਼ੁਰੂ ਹੋ ਚੁੱਕਾ ਸੀ। ਸਰਕਾਰ

Academy of the Punjab in North America: http://www.apnaorg.com

ਹਿੰਦ ਦੀ ਨੀਯਤ ਇਹ ਸੀ ਕਿ ਮੁਸਾਫ਼ਰਾਂ ਨੂੰ ਸਿੱਧਾ ਪੰਜਾਬ ਪੁਚਾਇਆ ਜਾਵੇ ਤੇ ਕਲਕੱਤੇ ਨਾ ਜਾਣ ਦਿੱਤਾ ਜਾਵੇ। ਮੁਸਾਫ਼ਰਾਂ ਵਿਚ ਭੀ ਬਹੁਤ ਗੁੱਸਾ ਸੀ ਤੇ ਉਹ ਭੜਕਾਏ ਹੋਏ ਭੀ ਸਨ। ਬਜ-ਬਜ ਦੇ ਸਟੇਸ਼ਨ ਉੱਤੇ ਪੁਲਿਸ ਪੁੱਜੀ ਹੋਈ ਸੀ। ਪੁਲਿਸ ਨੇ ਸਿੰਘਾਂ ਨੂੰ ਸ਼ਹਿਰ ਵੱਲੋਂ ਜਾਣੋ ਹਟਕਿਆ। ਉਹ ਨਾ ਮੁੜੇ। ਪੁਲਿਸ ਨੇ ਹੋਰ ਮਦਦ ਮੰਗਾ ਲਈ ਤੇ ਸਿੰਘਾਂ ਨੂੰ ਕਲਕੱਤੇ ਦੇ ਰਾਹ ਵਿੱਚੋਂ ਮੋੜ ਲਿਆਂਦਾ। ਬਜ-ਬਜ ਸਟੇਸ਼ਨ ਉੱਤੇ ਆ ਕੇ ਟੱਕਰ ਹੋ ਗਈ, ਜਿਸ ਵਿਚ ਪੁਲਿਸ ਅਫ਼ਸਰ ਮਾਰਿਆ ਗਿਆ ਤੇ ਕੋਈ ਪੈਂਤੀ ਚਾਲੀ ਸਿੰਘ ਮਾਰੇ ਗਏ। ਪੁਲਿਸ ਨੇ ਬੇਤਹਾਸ਼ਾ ਗੋਲੀ ਚਲਾਈ ਸੀ। ਇਸ ਨਾਲ ਸਿੱਖਾਂ ਵਿਚ ਬਹੁਤ ਗੁੱਸਾ ਵਧਿਆ। ਇਕ ਹੋਰ ਜਪਾਨੀ ਜਹਾਜ਼ ਤੋਸ਼ਾਮਾਰੂ ਵਿਚ ਭੀ ਬਹੁਤ ਸਾਰੇ ਸਿੰਘ ਕੈਨੇਡਾ ਵਿੱਚੋਂ ਜਰਮਨੀ ਨਾਲ ਸਾਜ਼ਸ਼ ਕਰਕੇ ਇੱਥੇ ਆਏ। ਉਨ੍ਹਾਂ ਨੇ ਪੰਜਾਬ ਵਿਚ ਤੇ ਸਿੱਖ ਫ਼ੌਜਾਂ ਵਿਚ ਫਿਰ ਕੇ ਬਗ਼ਾਵਤ ਕਰਾਨ ਦਾ ਯਤਨ ਕੀਤਾ ਪਰ ਸਰਕਾਰ ਨੂੰ ਸਾਜ਼ਸ਼ ਦਾ ਪਤਾ ਸੀ। ਉਸ ਨੇ ਬਹੁਤ ਸਾਰੇ ਸਿੰਘ ਫੜ ਲਏ। ਮੇਰਠ ਛਾਵਣੀ ਦੇ ਇਕ ਰਸਾਲੇ ਦੇ ਕੁਝ ਸਿੱਖ ਸਿਪਾਹੀ ਭੀ ਫੜੇ ਗਏ। ਇਨ੍ਹਾਂ ਉਤੇ ਸਾਜ਼ਸ਼ ਦੇ ਮੁੱਕਦਮੇ ਚੱਲੇ ਤੇ ਬਹੁਤ ਸਾਰਿਆਂ ਨੂੰ ਕਾਲੇ ਪਾਣੀ ਦੀ ਸਜ਼ਾ ਹੋਈ ਤੇ ਕਈ ਫਾਂਸੀ ਲੱਗੇ।

ਇਸ ਤਰ੍ਹਾਂ ਅੰਗਰੇਜ਼ਾਂ ਤੇ ਸਿੱਖਾਂ ਵਿਚ ਖਿੱਚ ਪੈਣ ਦੀ ਇਹ ਦੂਜੀ ਪੌੜੀ ਸੀ। ਪਹਿਲੀ ਪੌੜੀ ਤਾਂ ਖਾਲਸਾ ਕਾਲਜ ਤੇ ਬਾਰ ਦੀ ਐਜੀਟੇਸ਼ਨ ਵਿਚ ਚੜ੍ਹੀ ਗਈ ਸੀ।

੧੯੧੪ ਤੋਂ ਲੈ ਕੇ ੧੯੧੭ ਤਕ ਕੋਈ ਖ਼ਾਸ ਝਗੜਾ ਸਰਕਾਰ ਨਾਲ ਸਿੱਖਾਂ ਦਾ ਨਹੀਂ ਹੋਇਆ ਤੇ ਸਿੱਖ ਫ਼ੌਜ ਨੇ ਜੰਗ ਵਿਚ ਚੰਗੀ ਬਹਾਦਰੀ ਦੱਸੀ ਸੀ, ਪਰ ਸਭ ਤੋਂ ਵੱਡਾ ਕਾਰਨ ਸਿੱਖਾਂ ਦਾ ਅੰਗਰੇਜ਼ਾਂ ਨਾਲ ਅਜੋੜ ਹੋਣ ਦਾ ਸੰਨ ੧੯੧੭ ਵਿਚ ਹੋਇਆ। ੧੯੧੬ ਵਿਚ ਕਾਂਗਰਸ ਤੇ ਮੁਸਲਮ ਲੀਗ ਨੇ ਹਿੰਦੂ ਮੁਸਲਮ ਹੱਕਾਂ ਦਾ ਆਪੋ ਵਿਚ ਸਮਝੌਤਾ ਲਖਨਊ ਵਿਚ ਕੀਤਾ। ਇਸ ਸਮਝੌਤੇ ਵਿਚ ਨਾ ਕਿਸੇ ਸਿੱਖ ਨੂੰ ਬੁਲਾਇਆ ਗਿਆ ਸੀ ਤੇ ਨਾ ਕੋਈ ਸਿੱਖ ਸ਼ਾਮਲ ਹੋਇਆ ਸੀ। ਇਸ ਸਮਝੌਤੇ ਵਿਚ ਹਿੰਦੂ ਮੁਸਲਮਾਨਾਂ ਦੇ ਹੱਕਾਂ ਦਾ ਫੈਸਲਾ ਸਾਰੇ ਸੂਬਿਆਂ ਤੇ ਕੇਂਦਰੀ ਲੈਜਿਸਲੇਟਵ ਅਸੈਂਬਲੀ ਲਈ ਕੀਤਾ ਗਿਆ। ਪੰਜਾਬ਼ ਦਾ ਫੈਸਲਾ ਇਹ ਸੀ ਕਿ ਪੰਜਾਹ ਫ਼ੀ ਸਦੀ ਮੁਸਲਮਾਨਾਂ ਨੂੰ ਹੱਕ ਮਿਲਣ ਤੇ ਪੰਜਾਹ ਫ਼ੀ ਸਦੀ ਹਿੰਦੂਆਂ ਆਦਿ ਨੂੰ। ਇਸ ਵਿਚ ਸਿੱਖਾਂ ਦਾ ਉੱਕਾ ਨਾਮ ਤੱਕ ਨਹੀਂ ਸੀ। ਸਿੱਖਾਂ ਨੂੰ ਪੱਕੀ ਆਸ ਸੀ ਕਿ ਉਨ੍ਹਾਂ ਦੇ ਹੱਕਾਂ ਦੀ ਰਾਖੀ ਲਈ ਸਰਕਾਰ ਇਸ ਸਮਝੌਤੇ ਵਿੰਚ ਤਬਦੀਲੀ ਕਰ ਲਵੇਗੀ। ਉਸ ਵੇਲੇ ਤਕ ਜਿਥੇ ਭੀ ਕੋਈ ਫ਼ਿਰਕੇਦਾਰਾਨਾ ਸਵਾਲ ਉਠਦਾ ਸੀ, ਸਿੱਖਾਂ ਨੂੰ ਤੀਜਾ ਹਿੱਸਾ ਮਿਲਿਆ ਕਰਦਾ ਸੀ। ਸਿੱਖਾਂ ਦੀ ਇਹ ਰਿਆਇਤ ਫ਼ੌਜੀ ਹੋਣ ਕਰਕੇ ਹੁੰਦੀ ਸੀ। ਵੱਡੇ ਜੰਗ ਯੂਰਪ ਵਿਚ ਸਿੱਖਾਂ ਨੇ ਖ਼ੂਬ ਬਹਾਦਰੀ ਕੀਤੀ ਸੀ ਤੇ ਆਸ ਸੀ ਕਿ ਸਿੱਖਾਂ ਨਾਲ ਚੰਗਾ ਸਲੂਕ ਹੋਵੇਗਾ, ਪਰ ਉੱਧਰੋਂ ਸਿੱਖਾਂ ਨੂੰ ਕਾਂਗਰਸ ਨੇ ਲੱਤ ਮਾਰ ਦਿੱਤੀ ਤੇ ਇੱਧਰੋਂ ਸਰਕਾਰ ਨੇ। ਸਿੱਖਾਂ ਦਾ ਇਕ ਡੈਪੂਟੇਸ਼ਨ

Academy of the Punjab in North America: http://www.apnaorg.com

ਲੈਫਟੀਨੈਂਟ ਗਵਰਨਰ ਸਾਹਿਬ ਨੂੰ ਮਿਲਿਆ ਤੇ ਉਥੇ ਮੁਲਾਕਾਤ ਤੋਂ ਪਹਿਲਾਂ ਹੋਮ ਮੈਂਬਰ ਨਾਲ ਗੱਲਬਾਤ ਹੋਈ। ਹੋਮ ਮੈਂਬਰ ਨੂੰ ਸਿੱਖ ਡੈਪੂਟੇਸ਼ਨ ਨੇ ਕਿਹਾ ਕਿ ਜੇ ਤੁਸੀਂ ਭੀ ਸਾਡੀ ਇਸ ਤਰ੍ਹਾਂ ਪ੍ਰਵਾਹ ਨਾ ਕਰੋਗੇ ਤਾਂ ਸਿੱਖ ਭੀ ਕਾਂਗਰਸ ਵਿਚ ਚਲੇ ਜਾਣਗੇ। ਅੱਗੋਂ ਹੋਮ ਮੈਂਬਰ ਨੇ ਕਿਹਾ ਕਿ ਜਾਓ, ਤੁਸੀਂ ਭੀ ਕਾਂਗਰਸ ਕੋਲ ਜਾਓ। ਸਿੱਖਾਂ ਦਾ ਡ਼ੈਪੂਟੇਸ਼ਨ ਵਲੈਤ ਤੱਕ ਗਿਆ ਪਰ ਅੰਗਰੇਜ਼ਾਂ ਨੇ ਲਖਨਊ ਪੈਕਟ ਉਸੇ ਤਰ੍ਹਾਂ ਮੰਨ ਲਿਆ। ਲਫ਼ਟੈਂਟ ਗਵਰਨਰ ਪੰਜਾਬ ਦੇ ਜ਼ੋਰ ਦੇਣ ਉੱਤੇ ਇਤਨੀ ਗੱਲ ਹੋਈ ਕਿ ਹਿੰਦੂਆਂ ਆਦਿ ਦੇ ਪੰਜਾਹ ਫ਼ੀ ਸਦੀ ਵਿੱਚੋਂ ੧੯ ਫ਼ੀ ਸਦੀ ਸਿੱਖਾਂ ਲਈ ਮੈਂਬਰੀਆਂ ਰਾਖਵੀਆਂ ਕਰ ਦਿੱਤੀਆਂ ਗਈਆਂ। ਕੁਝ ਸੀਟਾਂ ਯੂਨੀਵਰਸਿਟੀ ਤਜਾਰਤ ਤੇ ਵੱਡੇ ਜ਼ਿਮੀਂਦਾਰਾਂ ਲਈ ਵਧਾ ਦਿੱਤੀਆਂ ਗਈਆਂ। ਇਸ ਤਰ੍ਹਾਂ ਮੁਸਲਮਾਨਾਂ ਦੀ ਬਹੁ-ਸੰਮਤੀ ਤਾਂ ਟੁੱਟ ਗਈ, ਪਰ ਸਿੱਖਾਂ ਦਾ ਗੁੱਸਾ ਕਾਇਮ ਰਿਹਾ। ਅੰਗਰੇਜ਼ਾਂ ਵੱਲੋਂ ਨਰਾਜ਼ ਹੋ ਕੇ ਤੇ ਗੁੱਸਾ ਖਾ ਕੇ ਸਿੱਖ ੧੯੧੯ ਵਿਚ ਕਾਂਗਰਸ ਵੱਲ ਝੁਕ ਗਏ। ਸਿੱਖਾਂ ਵਿਚ ਬੇਚੈਨੀ ਤਾਂ ਵੱਧ ਹੀ ਰਹੀ ਸੀ; ਉਤੋਂ ਜਲ੍ਹਿਆਂ ਵਾਲੇ ਬਾਗ਼ ਦਾ ਹਾਦਸਾ ਹੋ ਗਿਆ ਤੇ ਪੰਜਾਬ ਵਿਚ ਮਾਰਸ਼ਲ ਲਾਅ ਜਾਰੀ ਹੋਇਆ। ਇਸ ਮਾਰਸ਼ਲ ਲਾਅ ਵਿਚ ਤੇ ਜਲ੍ਹਿਆਂ ਵਾਲੇ ਬਾਗ਼ ਦੇ ਸਾਕੇ ਵਿਚ ਸਿੱਖਾਂ ਦਾ ਨੁਕਸਾਨ ਵਧੇਰੇ ਹੋਇਆ। ੧੯੧੯ ਦੇ ਅਖ਼ੀਰ ਵਿਚ ਸਿੱਖ ਹੱਕਾਂ ਦੀ ਰਾਖੀ ਲਈ, ਉਨ੍ਹਾਂ ਸਿੱਖਾਂ ਨੇ ਜੋ ਸਰਕਾਰੀ ਸਮਝੇ ਜਾਂਦੇ ਸਨ, ਸਿੱਖ ਲੀਗ ਬਣਾਈ। ਮਾਰਸ਼ਲ ਲਾਅ ਹਟਣ ਮਗਰੋਂ ਤੇ ੧੯੧੯ ਦਾ ਕਾਂਗਰਸ ਸਮਾਗਮ ਅੰਮ੍ਰਿਤਸਰ ਵਿਚ ਹੋਣ ਕਰਕੇ ਪੰਜਾਬ ਵਿਚ ਸਰਕਾਰ ਵਿਰੁੱਧ ਬਹੁਤ ਜੋਸ਼ ਉਠਿਆ। ੧੯੨੦ ਵਿਚ ਕਾਂਗਰਸ ਨੇ ਨਾ-ਮਿਲਵਰਤਨ ਦਾ ਮਤਾ ਕਰ ਦਿੱਤਾ। ਇੱਧਰ ਸਿੱਖਾਂ ਵਿਚ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਪ੍ਰਬੰਧ ਮੁਤੱਲਕ ਪੁਰਾਣਾ ਝਗੜਾ ਤੇਜ਼ ਹੋ ਗਿਆ ਤੇ ਅਕਾਲ ਤਖ਼ਤ ਸਾਹਿਬ ਦੇ ਪੁਜਾਰੀ, ਲੋਕਾਂ ਨੇ ਧੱਕੇ ਨਾਲ ਹੀ ਹਟਾ ਦਿੱਤੇ। ਦਰਬਾਰ ਸਾਹਿਬ ਦਾ ਸਰਬਰਾਹ, ਜਿਸ ਦੇ ਵਿਰੁੱਧ ਵੀਹ ਸਾਲ ਤੋਂ ਵਧੇਰੇ ਦੀ ਐਜੀਟੇਸ਼ਨ ਸੀ, ਪਰ ਸਰਕਾਰ ਕੋਈ ਨਹੀਂ ਸੀ ਸੁਣਦੀ, ਲੋਕਾਂ ਦੇ ਜੋਸ਼ ਅੱਗੇ ਨਾ ਠਹਿਰ ਸਕਿਆ। ਜਦ ਅੰਮ੍ਰਿਤਸਰ ਵਿਚ ਐਲਾਨ ਹੋਇਆ ਕਿ ਸਰਾਦਰ ਅਰੂੜ ਸਿੰਘ ਦਾ ਮੁਰਦਾ ਕੱਢਿਆ ਜਾਵੇਗਾ ਤਾਂ ਸਰਦਾਰ ਅਰੂੜ ਸਿੰਘ ਜੀ ਘਬਰਾ ਕੇ ਅਸਤੀਫ਼ਾ ਦੇ ਗਏ। ਇਸ ਤੋਂ ਪਹਿਲਾਂ ਖ਼ਾਸ ਦਰਬਾਰ ਸਾਹਿਬ ਵਿਚ ਜਿਥੇ ਸਿੰਘ ਸਭੀਆਂ ਦਾ ਅਰਦਾਸਾ ਨਹੀਂ ਸੀ ਹੁੰਦਾ, ਮਜ਼੍ਹਬੀ ਤੇ ਰਵਿਦਾਸੀ ਸਿੰਘਾਂ ਦਾ ਜਲੂਸ ਵਿਚ ਲਿਜਾ ਕੇ ਪੁਜਾਰੀਆਂ ਦੇ ਹੱਥੋਂ ਕੜਾਹ ਪ੍ਰਸ਼ਾਦਿ ਵਰਤਵਾਇਆ ਗਿਆ। ਗੁਰਦੁਆਰੇ ਬਾਬੇ ਦੀ ਬੇਰ ਦਾ ਸਰਬਰਾਹ ਸਰਕਾਰ ਨੇ ਇਕ ਪਤਿਤ ਨੂੰ ਮੁਕੱਰਰ ਕਰ ਦਿੱਤਾ। ਇਸ ਉੱਤੇ ਭੀ ਬੜਾ ਜੋਸ਼ ਸੀ। ਉੱਥੇ ਸ: ਅਮਰ ਸਿੰਘ ਜੀ ਝਬਾਲ ਤੇ ਸੈਂਟਰਲ ਮਾਝਾ ਦੀਵਾਨ ਦੇ ਸਿੰਘ ਪੁੱਜੇ ਤੇ ਉਨ੍ਹਾਂ ਨੇ ਪੁਲਿਸ ਦੀਆਂ ਧਮਕੀਆਂ ਦੀ ਪ੍ਰਵਾਹ ਨਾ ਕਰਦੇ ਹੋਏ ਸਰਬਰਾਹ ਨੂੰ ਧੱਕੇ ਨਾਲ ਹਟਾ ਦ੍ਰਿਤਾ। ਸਿੰਘਾਂ ਦੀਆਂ ਇਹ ਸਾਰੀਆਂ ਜਿੱਤਾਂ ਸੈਂਟਰਲ ਸਿੱਖ ਲੀਗ ਦੇ ੧੯੨੦ ਦੇ ਲਾਹੌਰ ਵਿਚ ਹੋਣ ਵਾਲੇ ਸਮਾਗਮ ਤੋਂ ਪਹਿਲਾਂ ਹੋ ਚੁੱਕੀਆਂ ਸਨ। ਇਨ੍ਹਾਂ ਸਾਰੀਆਂ ਜਿੱਤਾਂ ਦਾ

Academy of the Punjab in North America: http://www.apnaorg.com

ਮੂਲ ਕਾਰਨ ਸਰਕਾਰ ਦੀਆਂ ਮਾਰਸ਼ਲ ਲਾਅ ਵਿਚ ਕੀਤੀਆਂ ਵਧੀਕੀਆਂ ਸਨ। ਮਾਰਸ਼ਲ ਲਾਅ ਵਿਚ ਵਧੀਕੀਆਂ ਕਰਨ ਕਰਕੇ ਸਰਕਾਰ ਨੂੰ ਨਾ ਕੇਵਲ ਹਿੰਦੁਸਤਾਨ ਵਿਚ ਹੀ ਸਗੋਂ ਇੰਗਲਿਸਤਾਨ ਵਿਚ ਭੀ ਬਹੁਤ ਲਾਨ੍ਹਤ ਪਈ ਸੀ। ਸਰਕਾਰ ਦੀ ਆਤਮਾ ਆਪਣੇ ਆਪ ਨੂੰ ਮੁਜਰਮ ਮਹਿਸੂਸ ਕਰਦੀ ਸੀ ਤੇ ਸਰਕਾਰ ਨੇ ਬਹੁਤ ਨਰਮੀ ਦੀ ਪਾਲਸੀ ਇਖਤਿਆਰ ਕੀਤੀ ਹੋਈ ਸੀ। ਦੂਜੇ ਸਰਕਾਰ ਦਾ ਇਹ ਯਤਨ ਭੀ ਸੀ ਕਿ ਸਿੱਖਾਂ ਨੂੰ ਕਾਂਗਰਸ ਨਾਲੋਂ ਅੱਡਰਾ ਰੱਖਿਆ ਜਾਵੇ। ਉਸ ਵੇਲੇ ਦੇ ਸਿੱਖ ਆਗੂ ਸਰਕਾਰ ਨਾਲ ਮਿਲਵਰਤਣ ਕਰਨ ਵਾਲੇ ਸਨ। ਉਹ ਚਾਹੁੰਦੇ ਸਨ ਕਿ ਸਿੱਖਾਂ ਦਾ ਸਰਕਾਰ ਨਾਲ ਵਿਗਾੜ ਨਾ ਪਵੇ ਪਰ ਉਹ ਆਪਣਾ ਭਰੋਸਾ ਗਵਾ ਬੈਠੇ ਸਨ ਤੇ ਨਾਲੇ ਉਨ੍ਹਾਂ ਵਿਚ ਕੋਈ ਇਸ ਹਿੰਮਤ ਦਾ ਨਹੀਂ ਸੀ ਕਿ ਆਮ ਲੋਕਾਂ ਨੂੰ ਆਪਣੇ ਖ਼ਿਆਲਾਂ ਦਾ ਬਨਾਣ ਲਈ ਕਿਸੇ ਖ਼ਤਰੇ ਵਿਚ ਪਵੇ। ਇਹ ਸਿੱਖ ਆਗੂ ਕੁਝ ਤਾਂ ਚੀਫ਼ ਖਾਲਸਾ ਦੀਵਾਨ ਦੇ ਸਨ ਤੇ ਕੁਝ ਅਜੇਹੇ ਸਨ ਜੋ ਚੀਫ਼ ਖਾਲਸਾ ਦੀਵਾਨ ਦੇ ਵਿਰੁੱਧ ਸਨ, ਪਰ ਸਨ ਸਾਰੇ ਹੀ ਝੋਲੀ ਚੁੱਕ।

ਇਨ੍ਹਾਂ ਹਾਲਾਤ ਵਿਚ ਲਾਹੌਰ ਦਾ ਸੈਂਟਰਲ ਸਿੱਖ ਲੀਗ ਦਾ ਸਮਾਗਮ ਹੋਇਆ ਤੇ ਸੈਂਟਰਲ ਸਿੱਖ ਲੀਗ ਉੱਤੇ ਤੇਜ਼ ਸਿੰਘਾਂ ਦਾ ਕਬਜ਼ਾ ਹੋ ਗਿਆ। ਸੈਂਟਰਲ ਸਿੱਖ ਲੀਗ ਦਾ ਇਹ ਦੂਜਾ ਸਮਾਗਮ ਸੀ। ਪਹਿਲਾ ਸਮਾਗਮ ੧੯੧੯ ਦੇ ਅਖ਼ੀਰ ਵਿਚ ਅੰਮ੍ਰਿਤਸਰ ਵਿਚ ਕਾਂਗਰਸ ਦੇ ਸੈਸ਼ਨ ਦੇ ਸਮੇਂ ਹੋਇਆ ਸੀ। ਸੈਂਟਰਲ ਸਿੱਖ ਲੀਗ ਨੂੰ ਬਣਾਇਆ ਝੋਲੀ ਚੁੱਕ ਲੋਕਾਂ ਨੇ ਹੀ ਸੀ। ਨਾ-ਮਿਲਵਰਤਣ ਦਾ ਮਤਾ ਪਾਸ ਹੋ ਗਿਆ ਤੇ ਸਰਕਾਰ ਨਾਲ ਸਿੱਖਾਂ ਦਾ ਅਜੋੜ ਦਾ ਮੁੱਢ ਬੱਝ ਗਿਆ। ਉੱਧਰ ਦਰਬਾਰ ਸਾਹਿਬ, ਅਕਾਲ ਤਖ਼ਤ ਸਾਹਿਬ, ਬਾਬੇ ਦੀ ਬੇਰ ਸਾਹਿਬ, ਪੰਜਾ ਸਾਹਿਬ ਆਦਿ ਕੁਝ ਗੁਰਦੁਆਰਿਆਂ ਉੱਤੇ ਸਿੰਘਾਂ ਨੇ ਕਬਜ਼ੇ ਕਰ ਲਏ ਸਨ ਤੇ ਸਰਕਾਰ ਨੇ ਮਹੰਤਾਂ ਨੂੰ ਕੋਈ ਮਦਦ ਨਹੀਂ ਦਿੱਤੀ ਸੀ। ਸਾਰੇ ਪੰਥ ਦਾ ਇਕੱਠ ਸੱਦ ਕੇ ਸ਼੍ਰੋ: ਗੁ: ਪ੍ਰ: ਕਮੇਟੀ ਭੀ ਬਣਾਈ ਜਾ ਚੁੱਕੀ ਸੀ। ਇਕ ਗੱਲ ਇਹ ਭੀ ਦੱਸਣ ਵਾਲੀ ਹੈ ਕਿ ਜਿਸ ਦਿਨ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਪੰਥ ਦਾ ਇਕੱਠ ਸ਼੍ਰੋ: ਗੁ: ਪ੍ਰ: ਕਮੇਟੀ ਬਣਾਣ ਲਈ ਸੱਦਿਆ ਗਿਆ ਸੀ, ਉਸ ਦਿਨ ਇਕੱਠ ਤੋਂ ਪਹਿਲਾਂ ਸਰਕਾਰ ਨੇ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਲਈ ੩੬ ਮੈਂਬਰਾਂ ਦੀ ਕਮੇਟੀ ਮਹਾਰਾਜਾ ਪਟਿਆਲਾ ਦੀ ਸਲਾਹ ਨਾਲ ਬਣਾ ਦਿੱਤੀ। ਇਹ ਸੀ ਰੋਕ ਸ਼੍ਰੋ: ਗੁ: ਪ੍ਰਬੰਧਕ ਕਮੇਟੀ ਦੇ ਬਣਨ ਵਿਚ ਪਰ ਜੋ ਪ੍ਰਤੀਨਿਧ ਇਕੱਠੇ ਹੋਏ ਸਨ, ਉਨ੍ਹਾਂ ਨੇ ਇਨ੍ਹਾਂ ੩੬ ਮੈਂਬਰਾਂ ਨੂੰ ਸ਼ਾਮਲ ਕਰ ਕੇ ਕੁੱਲ ੧੭੨ ਮੈਂਬਰਾਂ ਦੀ ਸ਼੍ਰੋ: ਗੁ: ਪ੍ਰ: ਕਮੇਟੀ ਬਣਾ ਲਈ ਤੇ ਇਸ ਤਰ੍ਹਾਂ ੩੬ ਮੈਂਬਰਾਂ ਨੂੰ ਭੀ ਅੱਡਰਾ ਨਾ ਰਹਿਣ ਦਿੱਤਾ। ਇਹ ਕਮੇਟੀ ਸੰਨ ੧੯੨੦ ਦੇ ਨਵੰਬਰ ਵਿਚ ਹੀ ਬਣ ਗਈ ਸੀ। ਮੈਂ ਉਸ ਵੇਲੇ ਖ਼ਾਲਸਾ ਹਾਈ ਸਕੂਲ ਲਾਇਲਪੁਰ ਦਾ ਹੈੱਡ ਮਾਸਟਰ ਸਾਂ। ਖ਼ਾਲਸਾ ਹਾਈ ਸਕੂਲ ਲਾਇਲਪੁਰ ਨੂੰ ਮੈਂ ੧੯੧੪ ਵਿਚ ਛੱਡ ਗਿਆ ਸਾਂ ਤੇ ਇਨ੍ਹਾਂ ਛਿਆਂ ਸਾਲਾਂ ਵਿਚ ਮੈਂ ਖ਼ਾਲਸਾ ਹਾਈ ਸਕੂਲ ਕੱਲਰ ਤੇ ਖਾਲਸਾ ਹਾਈ ਸਕੂਲ ਚੱਕ ੪੧ ਵਿਚ ਹੈੱਡ ਮਾਸਟਰ ਰਿਹਾ

Academy of the Punjab in North America: http://www.apnaorg.com

ਸਾਂ ਤੇ ਕੁਝ ਮਹੀਨੇ ਜਾਂ ਸਾਲ ਭਰ ਆੜ੍ਹਤ ਦੀ ਦੁਕਾਨ ਭੀ ਲਾਇਲਪੁਰ ਕੀਤੀ ਸੀ, ਜਿਸ ਵਿਚ ਮੈਂ ਨਾ-ਕਾਮਿਯਾਬ ਹੋਇਆ ਸਾਂ। ਮੁੜ ੧੯੨੦ ਵਿਚ ਮੈਂ ਖ਼ਾਲਸਾ ਹਾਈ ਸਕੂਲ ਲਾਇਲਪੁਰ ਆ ਗਿਆ ਸਾਂ। ਮੈਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪਹਿਲਾ ਸਕੱਤਰ ਥਾਪਿਆ ਗਿਆ ਤੇ ੧੯੨੧ ਦੇ ਸ਼ੁਰੂ ਵਿਚ ਹੀ ੨੧ ਫਰਵਰੀ ੧੯੨੧ ਨੂੰ ਨਨਕਾਣਾ ਸਾਹਿਬ ਦਾ ਸਾਕਾ ਹੋ ਗਿਆ। ਇਸ ਸਾਕੇ ਨੇ ਤਾਂ ਪੰਥ ਵਿਚ ਬਹੁਤ ਜੋਸ਼ ਵਧਾ ਦਿੱਤਾ ਤੇ ਉਨ੍ਹਾਂ ਦਿਨਾਂ ਵਿਚ ਸ਼੍ਰੋਮਣੀ ਅਕਾਲੀ ਦਲ ਥਾਪਿਆ ਗਿਆ। ਮੈਂ ੧੯੨੧ ਦੇ ਮਾਰਚ ਸ਼ੁਰੂ ਵਿਚ ਹੀ ਆ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਕੱਤਰੀ ਸਾਂਭੀ ਸੀ। ਲਾਇਲਪੁਰ ਤੋਂ ਮੈਂ ਛੇ ਮਹੀਨੇ ਦੀ ਛੁੱਟੀ ਉੱਤੇ ਆਇਆ ਸਾਂ।

✡ ✡ ✡

Academy of the Punjab in North America: http://www.apnaorg.com

# ਸਾਕਾ ਨਨਕਾਣਾ ਸਾਹਿਬ

## *ਅੱਖੀਂ ਡਿੱਠੇ ਹਾਲ*

ਜਦ ਗੁਰਦੁਆਰਿਆਂ ਉੱਤੇ ਅਕਾਲੀ ਕਬਜ਼ੇ ਕਰ ਰਹੇ ਸਨ ਤਾਂ ਨਨਕਾਣਾ ਸਾਹਿਬ ਵੱਲ ਧਿਆਨ ਜਾਣਾ ਭੀ ਜ਼ਰੂਰੀ ਸੀ ਕਿਉਂਕਿ ਇਕ ਤਾਂ ਇਹ ਗੁਰੂ ਨਾਨਕ ਸਾਹਿਬ ਜੀ ਦਾ ਜਨਮ ਸਥਾਨ ਸੀ, ਦੂਜੇ ਇਸ ਨਾਲ ਜਾਇਦਾਦ ਬਹੁਤ ਸੀ, ਤੀਜੇ ਇਸ ਗੁਰਦੁਆਰੇ ਨੂੰ ਸਿੰਘ ਸਭੀਆਂ ਦੇ ਵਿਰੁੱਧ ਵਰਤਿਆ ਜਾਂਦਾ ਸੀ ਤੇ ਚੌਥੇ ਮਹੰਤ ਦੀ ਬਦਮਾਸ਼ੀ ਦੀਆਂ ਕਹਾਣੀਆਂ ਬਹੁਤ ਪ੍ਰਚਲਿਤ ਸਨ। ਇਕ ਮਰਾਸਣ ਤਾਂ ਮਹੰਤ ਨੇ ਪ੍ਰਗਟ ਤੌਰ ਉੱਤੇ ਰੱਖੀ ਹੋਈ ਸੀ ਜਾਂ ਵਿਆਹੀ ਸੀ। ਇਸ ਵਿੱਚੋਂ ਮਹੰਤ ਦੇ ਮੁੰਡੇ ਕੁੜੀਆਂ ਭੀ ਸਨ। ਇਸ ਥਾਂ ਦਾ ਮਹੰਤ ਬਹੁਤ ਪੈਸੇ ਵਾਲਾ ਤੇ ਬਹੁਤ ਜ਼ਬਰਦਸਤ ਸੀ। ਉਸ ਨੇ ਭੀ ਕਬਜ਼ਾ ਕਰਨ ਵਾਲੇ ਅਕਾਲੀਆਂ ਵਿਰੁੱਧ ਤਿਆਰੀ ਕੀਤੀ ਹੋਈ ਸੀ। ਕੁਝ ਬੰਦੂਕਾਂ ਤੇ ਪਸਤੌਲਾਂ ਦਾ ਤਾਂ ਉਸ ਕੋਲ ਲਾਇਸੈਂਸ ਸੀ ਤੇ ਸ਼ੱਕ ਸੀ ਕਿ ਕੁਝ ਨਾਜਾਇਜ਼ ਭੀ ਉਸ ਨੇ ਰੱਖੇ ਹੋਏ ਸਨ। ਮਹੰਤ ਨੇ ਗੁਰਦੁਆਰੇ ਉੱਤੇ ਕਬਜ਼ੇ ਦੀ ਰੱਖਿਆ ਲਈ ਮਾਝੇ ਦੇ ਕੁਝ ਬਦਮਾਸ਼ ਤੇ ਕੁਝ ਪਠਾਣ ਭੀ ਰੱਖ ਲਏ ਸਨ। ਇਸ ਗੱਲ ਨੇ ਉਸ ਨੂੰ ਵਧੇਰੇ ਬਦਨਾਮ ਕਰ ਦਿੱਤਾ। ਨਨਕਾਣਾ ਸਾਹਿਬ ਦਾ ਮਹੰਤ, ਮਹੰਤਾਂ ਦਾ ਮੋਢੀ ਬਣਿਆ ਤੇ ਉਸ ਨੇ ਬਾਬਾ ਕਰਤਾਰ ਸਿੰਘ ਬੇਦੀ ਦੀ ਪ੍ਰਧਾਨਗੀ ਹੇਠਾਂ ਲਾਹੌਰ ਵਿਚ ਇਕ ਕਾਨਫ਼ਰੰਸ ਰੱਖੀ। ਅਕਾਲੀਆਂ ਨੂੰ ਇਸ ਗੱਲ ਤੋਂ ਵਧੇਰੇ ਗੁੱਸਾ ਆਇਆ ਤੇ ਭਾਈ ਕਰਤਾਰ ਸਿੰਘ ਜੀ ਝੱਬਰ ਤੇ ਭਾਈ ਲਛਮਣ ਸਿੰਘ ਜੀ ਧਾਰੋਵਾਲੀਆ ਨੇ ਸਲਾਹ ਪਕਾਈ ਕਿ ਕਾਨਫ਼ਰੰਸ ਵਾਲੇ ਦਿਨ ਹੀ ਨਨਕਾਣਾ ਸਾਹਿਬ ਉੱਤੇ ਕਬਜ਼ਾ ਕਰ ਲਈਏ।

ਇਸ ਸਲਾਹ ਮੁਤਾਬਕ ਇਹ ਦੋਵੇਂ ਸੱਜਣ ਤਿਆਰੀ ਕਰਨ ਲੱਗ ਪਏ। ਇਤਫ਼ਾਕ ਨਾਲ ਸ਼੍ਰੋਮਣੀ ਕਮੇਟੀ ਦੀ ਜਨਰਲ ਮੀਟਿੰਗ ਭੀ ਮਹੰਤਾਂ ਦੀ ਕਾਨਫ਼ਰੰਸ ਵਾਲੇ ਦਿਨ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਰੱਖੀ ਗਈ ਸੀ। ਮੀਟਿੰਗ ਤੋਂ ਦੋ ਤਿੰਨ ਦਿਨ ਪਹਿਲਾਂ ਮੈਨੂੰ ਭਾਈ ਬੂਟਾ ਸਿੰਘ ਜੀ ਚੱਕ ੨੦੪ ਵਾਲੇ ਮਿਲੇ ਤੇ ਉਨ੍ਹਾਂ ਨੇ ਕਬਜ਼ੇ ਦੀ ਗੱਲ ਦੱਸੀ ਤੇ ਨਾਲ ਹੀ ਕਿਹਾ ਕਿ ਉਨ੍ਹਾਂ ਦੀ ਡਿਊਟੀ ਪੌੜੀਆਂ ਇਕੱਠੀਆਂ ਕਰਨ ਉੱਤੇ ਲੱਗੀ ਹੈ। ਉਹ ਦੋ ਤਿੰਨ ਦਿਨ ਪਹਿਲਾਂ ਇਸ ਮਤਲਬ ਲਈ ਨਨਕਾਣਾ ਸਾਹਿਬ ਜਾ ਰਹੇ ਸਨ। ਗੁਰਦੁਆਰੇ ਦੇ ਦਵਾਲੇ ਉੱਚੀ ਉੱਚੀ ਕੰਧ ਸੀ ਤੇ ਪਉੜੀਆਂ ਬਿਨਾਂ ਟੱਪੀ ਨਹੀਂ ਜਾ ਸਕਦੀ ਸੀ। ਸ਼੍ਰੋਮਣੀ ਕਮੇਟੀ ਦੀ ਮੀਟਿੰਗ ਤੋਂ ਇਕ ਦਿਨ ਪਹਿਲਾਂ ਸ: ਤੇਜਾ ਸਿੰਘ ਜੀ ਸਮੁੰਦਰੀ ਮੇਰੇ ਕੋਲ ਆਏ ਤੇ ਉਨ੍ਹਾਂ ਦੱਸਿਆ ਕਿ ਭਾਈ ਲਛਮਣ ਸਿੰਘ ਜੀ ਧਾਰੋਵਾਲੀਆ ਉਨ੍ਹਾਂ ਨੂੰ ਮਿਲੇ ਸਨ ਤੇ ਉਨ੍ਹਾਂ ਦੱਸਿਆ ਸੀ ਕਿ

Academy of the Punjab in North America: http://www.apnaorg.com

ਉਹ ਕੁਝ ਅਕਾਲੀ ਸਿੰਘ ਜ਼ਿਲ੍ਹਾ ਲਾਇਲਪੁਰ ਵਿੱਚੋਂ ਇਕੱਠੇ ਕਰਨ ਲਈ ਆਏ ਸਨ। ਸਰਦਾਰ ਤੇਜਾ ਸਿੰਘ ਜੀ ਨੂੰ ਇਸ ਕਬਜ਼ੇ ਦਾ ਬਹੁਤ ਫ਼ਿਕਰ ਸੀ। ਉਹ ਚਾਹੁੰਦੇ ਸਨ ਕਿ ਇਹ ਸਾਕਾ ਟਲ ਜਾਏ। ਸਰਦਾਰ ਜੀ ਤੇ ਮੈਂ ਰਾਤ ਦੀ ਗੱਡੀ ਲਾਇਲਪੁਰੋਂ ਅੰਮ੍ਰਿਤਸਰ ਵੱਲ ਚੜ੍ਹੇ ਤੇ ਭਾਈ ਕਰਤਾਰ ਸਿੰਘ ਜੀ ਝੱਬਰ ਨੂੰ ਤਾਰ ਦਿੱਤੀ ਕਿ ਸਾਨੂੰ ਚੂਹੜਕਾਣਾ ਦੇ ਸਟੇਸ਼ਨ ਉੱਤੇ ਮਿਲਣ। ਭਾਈ ਕਰਤਾਰ ਸਿੰਘ ਜੀ ਆਪ ਤਾਂ ਨਾ ਆਏ, ਪਰ ਉਨ੍ਹਾਂ ਭਾਈ ਸੁੱਚਾ ਸਿੰਘ ਜੀ ਨੂੰ ਘੱਲ ਦਿੱਤਾ। ਭਾਈ ਸੁੱਚਾ ਸਿੰਘ ਜੀ ਨੂੰ ਅਸਾਂ ਬੜੇ ਜ਼ੋਰ ਨਾਲ ਕਿਹਾ ਕਿ ਨਨਕਾਣਾ ਸਾਹਿਬ ਉੱਤੇ ਕਬਜ਼ਾ ਕਰਨ ਦੀ ਤਜਵੀਜ਼ ਮੁਲਤਵੀ ਕਰ ਦਿਓ। ਉਨ੍ਹਾਂ ਕਿਹਾ ਕਿ ਭਾਈ ਕਰਤਾਰ ਸਿੰਘ ਜੀ ਨੂੰ ਉਹ ਸਾਡਾ ਸੁਨੇਹਾ ਪੁਚਾ ਦੇਣਗੇ, ਪਰ ਕਬਜ਼ਾ ਮੁਲਤਵੀ ਨਹੀਂ ਹੋ ਸਕੇਗਾ। ਜਦ ਅਸੀਂ ਲਾਹੌਰ ਸਟੇਸ਼ਨ ਉੱਤੇ ਅੱਪੜੇ ਤਾਂ ਸਾਨੂੰ ਭਾਈ ਦਲੀਪ ਸਿੰਘ ਜੀ ਸਾਹੋਵਾਲ ਮਿਲ ਪਏ। ਉਹ ਉੱਥੋਂ ਹੀ ਗੱਡੀ ਚੜ੍ਹੇ ਸਨ। ਭਾਈ ਦਲੀਪ ਸਿੰਘ ਜੀ ਜ਼ਿਲ੍ਹਾ ਸ਼ੇਖ਼ੂਪੁਰੇ ਦੇ ਜਥੇਦਾਰ ਸਨ, ਪਰ ਉਸ ਵੇਲੇ ਜਥੇਬੰਦੀ ਇਤਨੀ ਢਿੱਲੀ ਤੇ ਖੇਰੂ-ਖੇਰੂ ਸੀ ਕਿ ਉਨ੍ਹਾਂ ਨੂੰ ਕਬਜ਼ੇ ਦਾ ਕੁਝ ਪਤਾ ਹੀ ਨਹੀਂ ਸੀ। ਅਸਾਂ ਉਨ੍ਹਾਂ ਨੂੰ ਸਾਰੀ ਗੱਲ ਦੱਸੀ ਤੇ ਕਿਹਾ ਕਿ ਅਸੀਂ ਅੰਮ੍ਰਿਤਸਰ ਜਾਂਦੇ ਹਾਂ ਤੇ ਤੁਸੀਂ ਸੱਚੇ ਸੌਦੇ ਅੱਪੜੋ ਤੇ ਜਥਿਆਂ ਨੂੰ ਰੋਕੋ। ਭਾਈ ਦਲੀਪ ਸਿੰਘ ਜੀ ਉੱਤਰ ਬੈਠੇ ਤੇ ਚੂਹੜਕਾਣੇ ਜਾਣ ਵਾਲੀ ਗੱਡੀ ਵਿਚ ਜਾ ਬੈਠੇ। ਉਨ੍ਹਾਂ ਨੇ ਭਾਈ ਕਰਤਾਰ ਸਿੰਘ ਜੀ ਝੱਬਰ ਤੇ ਉਨ੍ਹਾਂ ਦੇ ਸਾਥੀਆਂ ਨੂੰ ਤਾਂ ਇਹ ਗੱਲ ਮਨਾ ਲਈ ਕਿ ਉਹ ਕਬਜ਼ਾ ਕਰਨ ਨਹੀਂ ਜਾਣਗੇ ਪਰ ਹੁਣ ਫ਼ਿਕਰ ਭਾਈ ਲਛਮਣ ਸਿੰਘ ਜੀ ਦੇ ਜਥੇ ਦਾ ਪਿਆ। ਭਾਈ ਲਛਮਣ ਸਿੰਘ ਜੀ ਵੱਲ ਇਕ ਸਿੰਘ ਘੱਲਿਆ ਗਿਆ ਤੇ ਆਪ ਭਾਈ ਦਲੀਪ ਸਿੰਘ ਜੀ ਨਨਕਾਣੇ ਸਾਹਿਬ ਚਲੇ ਗਏ ਤਾਂ ਕਿ ਜੇ ਕੋਈ ਭੁੱਲਾ ਜਥਾ ਜਾਂ ਸਿੰਘ ਉੱਥੇ ਅੱਪੜ ਪਵੇ ਤਾਂ ਉਸ ਨੂੰ ਰੋਕ ਦਿੱਤਾ ਜਾਵੇ। ਭਾਈ ਦਲੀਪ ਸਿੰਘ ਜੀ ਤੇ ਭਾਈ ਬੂਟਾ ਸਿੰਘ ਜੀ ਦੋਵੇਂ ਰੇਲਵੇ ਲਾਈਨ ਦੇ ਦੂਜੇ ਪਾਸੇ ਰਾਤ ਸਾਰੀ ਪਹਿਰਾ ਦਿੰਦੇ ਰਹੇ ਤੇ ਕੋਈ ਜਥਾ ਨਾ ਆਇਆ। ਜਦ ਸਵੇਰ ਹੋਣ ਲੱਗੀ ਤਾਂ ਉਹ ਭਾਈ ਉੱਤਮ ਸਿੰਘ ਜੀ ਦੇ ਕਾਰਖ਼ਾਨੇ ਜਾ ਲੇਟੇ। ਅਜੇ ਸੁੱਤੇ ਨਹੀਂ ਸਨ ਕਿ ਉਨ੍ਹਾਂ ਨੂੰ ਗੋਲੀ ਚੱਲਣ ਦੀ ਆਵਾਜ਼ ਆਈ। ਦੋਵੇਂ ਸੱਜਣ ਜਨਮ ਅਸਥਾਨ ਵੱਲ ਭੱਜ ਉੱਠੇ। ਭਾਈ ਬੂਟਾ ਸਿੰਘ ਜੀ ਪਿੱਛੇ ਸਨ। ਉਨ੍ਹਾਂ ਨੂੰ ਤਾਂ ਰਾਹ ਵਿਚ ਕੁਝ ਮਿਸਤ੍ਰੀ ਸਿੰਘਾਂ ਨੇ ਰੋਕ ਲਿਆ ਤੇ ਭਾਈ ਦਲੀਪ ਸਿੰਘ ਜੀ ਅੱਗੇ ਨਿਕਲ ਗਏ। ਭਾਈ ਦਲੀਪ ਸਿੰਘ ਜੀ ਨੇ ਅੱਪੜ ਕੇ ਮਹੰਤ ਅੱਗੇ ਹੱਥ ਜੋੜੇ ਕਿ ਕਤਲਾਮ ਬੰਦ ਕੀਤਾ ਜਾਵੇ, ਪਰ ਗੁੱਸੇ ਵਿਚ ਮਹੰਤ ਨੇ ਭਾਈ ਦਲੀਪ ਸਿੰਘ ਨੂੰ ਭੀ ਕਤਲ ਕਰਨ ਦਾ ਹੁਕਮ ਦੇ ਦਿੱਤਾ ਤੇ ਭਾਈ ਸਾਹਿਬ ਦੇ ਛਵੀਆਂ ਨਾਲ ਟੁੱਕੜੇ ਕਰਕੇ ਨਾਲ ਦੀ ਇੱਟਾਂ ਦੀ ਭੱਠੀ ਵਿਚ ਸੁੱਟ ਕੇ ਸਾੜ ਦਿੱਤਾ। ਮਗਰੋਂ ਪਤਾ ਲੱਗਾ ਕਿ ਭਾਈ ਲਛਮਣ ਸਿੰਘ ਜੀ ਨੂੰ ਰੋਕਣ ਵਾਲੇ ਕੁਝ ਸਿੰਘ ਉਨ੍ਹਾਂ ਨੂੰ ਲਾਇਨ ਤੋਂ ਪਾਰ ਮਿਲ ਪਏ ਸਨ, ਪਰ ਉਨ੍ਹਾਂ ਦੇ ਸਾਥੀਆਂ ਨੇ ਕਿਹਾ ਕਿ ਹੁਣ ਤਾਂ ਅਰਦਾਸਾ ਹੋ ਚੁੱਕਾ ਹੈ। ਹੋਵੇ ਸੋ

Academy of the Punjab in North America: http://www.apnaorg.com

ਹੋਵੇ ਉਹ ਜ਼ਰੂਰ ਜਾਣਗੇ।

ਉੱਧਰ ਸਰਦਾਰ ਤੇਜਾ ਸਿੰਘ ਜੀ ਸਮੁੰਦਰੀ ਤੇ ਮੈਂ ਸ਼੍ਰੋਮਣੀ ਕਮੇਟੀ ਦੀ ਇਕੱਤ੍ਰਤਾ ਵਿਚ ਪੁੱਜ ਕੇ ਸਾਰੀ ਗੱਲ ਦੱਸੀ। ਕਮੇਟੀ ਦੇ ਮੈਂਬਰ ਤਾਂ ਘਬਰਾ ਗਏ ਤੇ ਬਿਨਾਂ ਕੋਈ ਫ਼ੈਸਲਾ ਕੀਤੇ ਦੇ ਮੀਟਿੰਗ ਖ਼ਤਮ ਹੋ ਗਈ। ਅਸੀਂ ਰਾਤ ਦੀ ਗੱਡੀ ਪਿੱਛੇ ਮੁੜ ਪਏ ਤੇ ਰਾਹ ਵਿਚ ਮੱਲ੍ਹੀਆਂ ਜੰਕਸ਼ਨ ਉੱਤੇ ਸਾਨੂੰ ਪਤਾ ਲੱਗਾ ਕਿ ਨਨਕਾਣਾ ਸਾਹਿਬ ਗੋਲੀ ਚੱਲ ਗਈ ਹੈ ਤੇ ਸੈਂਕੜੇ ਸਿੰਘ ਕਤਲ ਹੋ ਗਏ ਹਨ। ਸ: ਤੇਜਾ ਸਿੰਘ ਜੀ ਸਮੁੰਦਰੀ, ਬਾਬਾ ਕੇਹਰ ਸਿੰਘ ਜੀ ਤੇ ਮੈਂ ਤਿੰਨੇ ਸਾਂਗਲੇ ਉੱਤਰ ਬੈਠੇ ਤੇ ਉੱਥੋਂ ਸਰਹਾਲੀ ਦੇ ਪਿੰਡਾਂ ਵਿੱਚੋਂ ਕੁਝ ਮੁੰਡੇ ਨਾਲ ਲੈ ਕੇ ਰਾਤੋ-ਰਾਤ ਚੰਦਰ ਕੋਟ ਦੀ ਝਾਲ ਉੱਤੇ ਜਾ ਅੱਪੜੇ, ਜਿਥੇ ਭਾਈ ਕਰਤਾਰ ਸਿੰਘ ਜੀ ਝੱਬਰ ਜਥੇ ਸਣੇ ਅੱਗੇ ਅੱਪੜੇ ਹੋਏ ਸਨ। ਉੱਥੇ ਸੈਂਕੜੇ ਸਿੰਘ ਇਕੱਠੇ ਹੋਏ ਸਨ ਤੇ ਪਿੰਡਾਂ ਦੇ ਲੋਕਾਂ ਨੇ ਪ੍ਰਸ਼ਾਦ ਪਾਣੀ ਛਕਾਇਆ ਸੀ। ਉੱਥੇ ਹੀ ਜੜ੍ਹਾਂ ਵਾਲਾ, ਤਾਂਦਲਿਆਂ ਵਾਲਾ ਆਦਿ ਕਈ ਥਾਵਾਂ ਤੋਂ ਜਥੇ ਆ ਮਿਲੇ ਸਨ। ਸ਼ਾਮ ਤਕ ਬਹੁਤ ਇਕੱਠ ਹੋ ਗਿਆ ਸੀ। ਇਹ ਭਾਰਾ ਜਥਾ ਭਾਈ ਕਰਤਾਰ ਸਿੰਘ ਜ਼ੀ ਝੱਬਰ ਦੀ ਕਮਾਨ ਹੇਠਾਂ ਨਨਕਾਣਾ ਸਾਹਿਬ ਪੁੱਜਾ। ਮਹੰਤ ਤੇ ਉਸ ਦੇ ਕਈ ਆਦਮੀ ਅੱਗੇ ਗ੍ਰਿਫ਼ਤਾਰ ਹੋ ਚੁੱਕੇ ਸਨ। ਗੁਰਦੁਆਰੇ ਦੀਆਂ ਕੁੰਜੀਆਂ ਕਮਿਸ਼ਨਰ ਸਾਹਿਬ ਨੇ ਸਿੱਖਾਂ ਨੂੰ ਦੇ ਦਿੱਤੀਆਂ ਤਾਂ ਕਿ ਕਤਲ-ਆਮ ਉੱਤੇ ਉਨ੍ਹਾਂ ਦਾ ਕੁਝ ਗੁੱਸਾ ਤਾਂ ਘਟੇ। ਗੁਰਦੁਆਰੇ ਉੱਤੇ ਕਬਜ਼ਾ ਕਰਨ ਸਮੇਂ ਤਾਂ ਸ਼ਾਂਤੀ ਹੀ ਰਹੀ ਸੀ, ਪਰ ਮਗਰੋਂ ਸਾਰੇ ਪੰਜਾਬ ਵਿੱਚੋਂ ਜਥੇ ਤੇ ਸਿੰਘ ਬਹੁਤ ਗਿਣਤੀ ਵਿਚ ਪੁੱਜੇ ਸਨ; ਜਿਸ ਕਰ ਕੇ ਪ੍ਰਬੰਧ ਉਖੜ ਗਿਆ ਤੇ ਉੱਥੇ ਦੇ ਵਸਨੀਕਾਂ ਉੱਤੇ ਕੁਝ ਵਧੀਕੀਆਂ ਭੀ ਹੋਈਆਂ।

ਮੇਰੀ ਸਕੱਤਰੀ ਦੇ ਸਮੇਂ ਕਈ ਗੁਰਦੁਆਰਿਆਂ ਉੱਤੇ ਕਬਜ਼ੇ ਹੋਏ, ਪਰ ਸ਼੍ਰੋਮਣੀ ਕਮੇਟੀ ਕਬਜ਼ੇ ਕਰਨੋਂ ਰੋਕਦੀ ਸੀ। ਅਕਾਲੀ ਜਥੇ ਬਦੋਬਦੀ ਕਬਜ਼ੇ ਕਰ ਲੈਂਦੇ ਸਨ। ਇਕ ਦੋ ਥਾਂ ਸ਼੍ਰੋਮਣੀ ਕਮੇਟੀ ਨੇ ਆਪ ਭੀ ਕਬਜ਼ਾ ਕਰਨ ਦੀ ਆਗਿਆ ਦਿੱਤੀ ਸੀ। ਅਪ੍ਰੈਲ ੧੯੨੧ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਭੀ ਨਾ-ਮਿਲਵਰਤਣ ਪਾਸ ਕਰ ਦਿੱਤਾ ਤੇ ਸਰਕਾਰ ਨਾਲ ਟੱਕਰ ਲੈਣ ਦੀ ਠਾਨ ਲਈ। ਇਹ ਫ਼ੈਸਲਾ ਉਸ ਵੇਲੇ ਹੋਇਆ ਜਦ ਸਰਕਾਰ ਨੇ ਗੁਰਦੁਆਰਾ ਐਕਟ ਬਣਾ ਕੇ ਗੁਰਦੁਆਰੇ ਪੰਥਕ ਪ੍ਰਬੰਧ ਵਿਚ ਦੇਣੋਂ ਉੱਕੀ ਹੀ ਨਾਂਹ ਕਰ ਦਿੱਤੀ। ਸਾਕਾ ਨਨਕਾਣਾ ਸਾਹਿਬ ਤੋਂ ਲੈ ਕੇ ਅਪ੍ਰੈਲ ਤਕ ਇਹ ਜਤਨ ਹੁੰਦਾ ਰਿਹਾ ਕਿ ਕੋਈ ਗੁਰਦੁਆਰਾ ਐਕਟ ਬਣਾ ਕੇ ਗੁਰਦੁਆਰੇ ਸਿੱਖਾਂ ਦੇ ਹਵਾਲੇ ਕੀਤੇ ਜਾਣ। ਨਨਕਾਣਾ ਸਾਹਿਬ ਦੇ ਸਾਕੇ ਤੋਂ ਪੈਦਾ ਹੋਏ ਤਾਜ਼ੇ ਜੋਸ਼ ਦੇ ਸਮੇਂ ਤਾਂ ਸਰਕਾਰ ਅਜੇਹਾ ਕਾਨੂੰਨ ਬਣਾਣ ਦਾ ਲਾਰਾ ਲਾਂਦੀ ਰਹੀ, ਪਰ ਜਦ ਸਰਕਾਰ ਨੇ ਸਮਝਿਆ ਕਿ ਸਿੱਖ ਕਈ ਵੇਰਾਂ ਧਮਕੀਆਂ ਦੇ ਕੇ ਚੁੱਪ ਕਰ ਗਏ ਤਾਂ ਸਰਕਾਰ ਭੀ ਆਕੜ ਗਈ। ਇਹ ਵੱਡੀ ਭਾਰੀ ਗਲਤੀ ਸਰਕਾਰ ਨੇ ਖਾਧੀ। ਸ਼੍ਰੋਮਣੀ ਕਮੇਟੀ ਦਾ ਨਾ-ਮਿਲਵਰਤਣ ਦਾ ਫ਼ੈਸਲਾ ਹੋਇਆ ਤੇ ਚੀਫ਼ ਖਾਲਸਾ ਦੀਵਾਨੀਏ-ਭਾਈ ਜੋਧ ਸਿੰਘ ਜੀ ਐਮ. ਏ. ਤੇ ਸਰਦਾਰ

Academy of the Punjab in North America: http://www.apnaorg.com

ਹਰਬੰਸ ਸਿੰਘ ਜੀ ਰਈਸ ਅਟਾਰੀ ਅਸਤੀਫੇ ਦੇ ਕੇ ਨਿਕਲ ਗਏ। ਉਸ ਸਮੇਂ ਤਕ ਲੋਕਾਂ ਦੇ ਦਿਮਾਗ਼ ਉੱਤੇ ਰਈਸੀ ਦਾ ਬੜਾ ਅਸਰ ਸੀ। ਰਈਸ ਕਲਾਸ ਦੇ ਅੱਡਰੇ ਹੋਣ ਨਾਲ ਇਕ ਵੇਰਾਂ ਤਾਂ ਘਬਰਾਹਟ ਖਿੱਲਰ ਗਈ ਪਰ ਸਰਦਾਰ ਖੜਕ ਸਿੰਘ ਜੀ ਭੀ ਰਈਸ ਹੀ ਸਨ ਤੇ ਉਹ ਨਾ-ਮਿਲਵਰਤਣ ਦੇ ਨਾਲ ਸਨ। ਉਨ੍ਹਾਂ ਨੂੰ ਪ੍ਰਧਾਨ ਥਾਪਿਆ ਗਿਆ। ਜਦ ਮੇਰੀ ਛੇ ਮਹੀਨੇ ਦੀ ਛੁੱਟੀ ਪੂਰੀ ਹੋਈ ਤਾਂ ਮੈਂ ਵਾਪਸ ਚਲਾ ਗਿਆ ਤੇ ਮੇਰੀ ਥਾਂ ਸਕੱਤਰ ਸ: ਮਤਾਬ ਸਿੰਘ ਜੀ ਬੈਰਿਸਟਰ ਬਣੇ।

ਸ਼੍ਰੋਮਣੀ ਕਮੇਟੀ ਵੱਲੋਂ ਹੋਰ ਕੋਈ ਵੱਡਾ ਕਦਮ ਤਾਂ ਨਾ ਚੁੱਕਿਆ ਗਿਆ, ਪਰ ਦੀਵਾਨਾਂ ਤੇ ਜਲੂਸਾਂ ਦੀ ਐਜੀਟੇਸ਼ਨ ਜਾਰੀ ਰਹੀ। ਇਸ ਸਮੇਂ ਸ਼੍ਰੋਮਣੀ ਕਮੇਟੀ ਨੇ ਪੱਕੇ ਕਾਇਦੇ ਬਣਾ ਕੇ ਆਪਣੀ ਚੋਣ ਸਾਰੇ ਪੰਜਾਬ ਵਿੱਚੋਂ ਕਰਵਾ ਲਈ। ਇਸ ਤਰ੍ਹਾਂ ਸ਼੍ਰੋਮਣੀ ਕਮੇਟੀ ਪੰਥ ਵਿਚ ਚੁਣੇ ਹੋਏ ਪ੍ਰਤੀਨਿਧਾਂ ਦੀ ਬਣ ਗਈ ਤੇ ਇਸ ਪ੍ਰਤੀਨਿਧ ਕਮੇਟੀ ਨੇ ਫ਼ੈਸਲਾ ਕੀਤਾ ਕਿ ਸ੍ਰੀ ਦਰਬਾਰ ਸਾਹਿਬ ਦੇ ਤੋਸ਼ੇ ਖ਼ਾਨੇ ਦੀਆਂ ਕੁੰਜੀਆਂ ਸ: ਸੁੰਦਰ ਸਿੰਘ ਜੀ ਰਾਮਗੜ੍ਹੀਆ ਤੋਂ ਲੈ ਕੇ ਪ੍ਰਧਾਨ ਸ਼੍ਰੋਮਣੀ ਕਮੇਟੀ ਦੇ ਹਵਾਲੇ ਕੀਤੀਆਂ ਜਾਣ। ਉਸ ਵੇਲੇ ਤੱਕ ਸ: ਸੁੰਦਰ ਸਿੰਘ ਜੀ ਦੀਆਂ ਦੋ ਪੋਜ਼ੀਸ਼ਨਾਂ ਸਨ। ਉਨ੍ਹਾਂ ਨੂੰ ਸਰਕਾਰ ਨੇ ਸ੍ਰੀ ਦਰਬਾਰ ਸਾਹਿਬ ਦਾ ਸਰਬਰਾਹ ਮੁਕਰਰ ਕੀਤਾ ਹੋਇਆ ਸੀ ਤੇ ਕੁੰਜੀਆਂ ਦਿੱਤੀਆਂ ਹੋਈਆਂ ਸਨ। ਉਧਰੋਂ ਉਹ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭੀ ਬਣੇ ਤੇ ਮਗਰੋਂ ਦਰਬਾਰ ਸਾਹਿਬ ਦੇ ਮੈਨੇਜਰ ਭੀ ਸ਼੍ਰੋਮਣੀ ਕਮੇਟੀ ਵੱਲੋਂ ਮੁਕੱਰਰ ਸਨ। ਸ: ਸੁੰਦਰ ਸਿੰਘ ਜੀ ਦੋਹਾਂ ਵੱਲੋਂ ਸ੍ਰੀ ਦਰਬਾਰ ਸਾਹਿਬ ਕਮੇਟੀ ਦੇ ਮੈਨੇਜਰ ਸਨ ਤੇ ਗੱਲ ਸਾਫ਼ ਨਹੀਂ ਸੀ ਕਿ ਪ੍ਰਬੰਧ ਸਰਕਾਰ ਦਾ ਹੈ ਕਿ ਸ਼੍ਰੋਮਣੀ ਕਮੇਟੀ ਦਾ। ਜਦ ਸ਼੍ਰੋਮਣੀ ਕਮੇਟੀ ਨੇ ਇਹ ਫ਼ੈਸਲਾ ਕੀਤਾ ਤਾਂ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਪੁਲਿਸ ਭੇਜ ਕੇ ਸ: ਸੁੰਦਰ ਸਿੰਘ ਜੀ ਕੋਲੋਂ ਕੁੰਜੀਆਂ ਲੈ ਲਈਆਂ। ਬੱਸ ਪਹਿਲੀ ਲੜਾਈ ਸ਼ੁਰੂ ਹੋ ਗਈ। ਸ਼੍ਰੋਮਣੀ ਕਮੇਟੀ ਨੇ ਦੀਵਾਨਾਂ ਤੇ ਲੈਕਚਰਾਂ ਦਾ ਹੜ੍ਹ ਵਗਾ ਦਿੱਤਾ। ਸਰਕਾਰ ਘਾਬਰ ਗਈ। ਸਰਕਾਰ ਨੇ ਜਲਸੇ ਰੋਕੂ ਕਾਨੂੰਨ ਜ਼ਿਲ੍ਹਾ ਅੰਮ੍ਰਿਤਸਰ ਲਾਹੌਰ ਤੇ ਸ਼ੇਖੂਪੁਰਾ ਦੇ ਜ਼ਿਲ੍ਹਿਆਂ ਵਿਚ ਲਾ ਦਿੱਤਾ। ਸਿੱਖਾਂ ਦੇ ਜਲਸੇ ਇਸ ਤਰ੍ਹਾਂ ਰੋਕ ਕੇ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਆਪਣੇ ਜਲਸੇ ਕਰਨੇ ਸ਼ੁਰੂ ਕਰ ਦਿੱਤੇ। ਇਕ ਜਲਸਾ ਅਜਨਾਲੇ ਸੀ। ਇਸ ਜਲਸੇ ਵਿਚ ਸ: ਤੇਜਾ ਸਿੰਘ ਜੀ ਸਮੁੰਦਰੀ, ਸ: ਜਸਵੰਤ ਸਿੰਘ ਜੀ ਝਬਾਲ, ਸ: ਦਾਨ ਸਿੰਘ ਜੀ ਵਛੋਆ ਤੇ ਕੁਝ ਹੋਰ ਸੱਜਣ ਭੀ ਗਏ ਸਨ। ਡਿਪਟੀ ਕਮਿਸ਼ਨਰ ਦੀ ਤਕਰੀਰ ਮਗਰੋਂ ਅਕਾਲੀਆਂ ਨੇ ਭੀ ਬੋਲਣ ਦਾ ਵਕਤ ਮੰਗਿਆ। ਡਿਪਟੀ ਕਮਿਸ਼ਨ੍ਰ ਨੇ ਵਕਤ ਦੇਣੋਂ ਨਾਂਹ ਕਰ ਦਿੱਤੀ। ਉੱਥੇ ਪੁੱਜੇ ਅਕਾਲੀ ਲੀਡਰਾਂ ਨੇ ਅੱਡਰਾ ਜਲਸਾ ਕਰਨ ਦਾ ਐਲਾਨ ਕਰ ਦਿੱਤਾ ਤੇ ਅੱਡਰੇ ਚਲੇ ਗਏ। ਪੁਲਸ ਨੇ ਉਥੇ ਪੁੱਜ ਕੇ ਆਗੂਆਂ ਨੂੰ ਗ੍ਰਿਫ਼ਤਾਰ ਕਰ ਲਿਆ। ਇਹ ਖ਼ਬਰ ਅੰਮ੍ਰਿਤਸਰ ਪੁੱਜੀ। ਉਸ ਵੇਲੇ ਸ਼੍ਰੋਮਣੀ ਕਮੇਟੀ ਦੀ ਜਨਰਲ ਕਮੇਟੀ ਲੱਗੀ ਹੋਈ ਸੀ। ਉਸ ਵਿਚ ਤਜਵੀਜ਼ ਹੋ ਗਈ ਕਿ ਝੱਟ-ਪੱਟ ਅਜਨਾਲੇ ਪੁੱਜ ਕੇ ਇਕ ਹੋਰ ਦੀਵਾਨ ਕੀਤਾ ਜਾਵੇ। ਸਭ ਨੂੰ ਜੋਸ਼ ਸੀ

Academy of the Punjab in North America: http://www.apnaorg.com

ਤੇ ਸਭ ਤਿਆਰ-ਬਰ-ਤਿਆਰ ਹੋ ਕੇ ਉੱਥੇ ਪੁੱਜੇ। ਮੈਂ ਭੀ ਉੱਥੇ ਪੁੱਜਾ ਸਾਂ। ਕੁਝ ਅਜੇਹੇ ਭੀ ਸਨ ਜੋ ਰਾਹ ਵਿੱਚੋਂ ਇੱਧਰ-ਉੱਧਰ ਖਿਸਕ ਗਏ ਸਨ। ਅਜਨਾਲੇ ਪੁੱਜ ਕੇ ਦੀਵਾਨ ਲੱਗ ਗਿਆ ਤੇ ਕੁਝ ਸੱਜਣ ਗ੍ਰਿਫ਼ਤਾਰ ਹੋ ਗਏ। ਮੈਂ ਭੀ ਉਸ ਦੀਵਾਨ ਵਿਚ ਹੀ ਸਾਂ ਪਰ ਮੈਂ ਗ੍ਰਿਫ਼ਤਾਰ ਨਾ ਹੋਇਆ। ਅਜਨਾਲੇ ਫ਼ੈਸਲਾ ਹੋਇਆ ਕਿ ਮੋਰਚਾ ਅੰਮ੍ਰਿਤਸਰ ਲਾਇਆ ਜਾਵੇ। ਅੰਮ੍ਰਿਤਸਰ ਪੁੱਜ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਤਕਰੀਰ ਕਰਨ ਵਿਚ ਮੈਂ ਭੀ ਗ੍ਰਿਫ਼ਤਾਰ ਹੋ ਗਿਆ। ਸ਼ਹਿਰੋਂ ਬਾਹਰ ਪਿੰਡਾਂ ਵਿਚ ਭੀ ਦੀਵਾਨ ਹੋਣ ਲੱਗ ਪਏ। ਉੱਧਰੋਂ ਕਾਂਗਰਸ ਨੇ ਭੀ ਸਿਵਲ ਨਾ-ਫ਼ੁਰਮਾਨੀ ਸ਼ੁਰੂ ਕਰ ਦਿੱਤੀ। ਸਰਕਾਰ ਘਬਰਾ ਗਈ ਤੇ ਸਰਕਾਰ ਨੇ ਸਾਰੇ ਅਕਾਲੀ ਕੈਦੀ ਰਿਹਾ ਕਰ ਦਿੱਤੇ।

ਇਸ ਫ਼ਤਹਿ ਨਾਲ ਸਿੱਖਾਂ ਵਿਚ ਬਹੁਤ ਜੋਸ਼ ਵਧ ਗਿਆ ਤੇ ਅਕਾਲੀਆਂ ਦੀ ਆਕੜ ਤਾਂ ਅਸਮਾਨ ਨੂੰ ਚੜ੍ਹ ਤੁਰੀ। ਜਥਿਆ ਦੇ ਜਥੇ ਟਿਕਟਾਂ ਤੋਂ ਬਿਨਾਂ ਸਭ ਗੱਡੀਆਂ ਦਿਆਂ ਸਭ ਦਰਜਿਆਂ ਵਿਚ ਧੱਕੇ ਨਾਲ ਚੜ੍ਹ ਜਾਣ। ਕਈ ਥਾਂ ਅੰਗਰੇਜ਼ ਅਫ਼ਸਰਾਂ ਦੀ ਬੇਪਤੀ ਤੱਕ ਹੋਈ। ਸ਼੍ਰੋਮਣੀ ਕਮੇਟੀ ਦੇ ਆਗੂ ਭੀ ਘਬਰਾ ਗਏ। ਪਹਿਲਾਂ ਤਾਂ ਉਨ੍ਹਾਂ ਆਪ ਹੀ ਜੇਲ੍ਹੋਂ ਨਿਕਲਦਿਆਂ ਹੀ ਖੌਰੂ ਪਾਣਾ ਸ਼ੁਰੂ ਕਰ ਦਿੱਤਾ ਸੀ। ਲਾਹੌਰ ਸ਼ਹਿਰ ਵਿਚ ਬੜਾ ਜਲੂਸ ਨਿਕਲਿਆ ਤੇ ਸਰਕਾਰ ਵਿਰੁੱਧ ਬਹੁਤ ਸਖ਼ਤ ਸਪੀਚਾਂ ਆਗੂਆਂ ਨੇ ਆਪ ਕੀਤੀਆਂ। ਅੰਮ੍ਰਿਤਸਰ ਵਿਚ ਤਾਂ ਇਸ ਤੋਂ ਭੀ ਹੱਦ ਟੱਪ ਗਈ। ਮੈਂ ਇਹ ਹਾਲਤ ਵੇਖ ਕੇ ਆਗੂਆਂ ਦਾ ਧਿਆਨ ਇੱਧਰ ਦਿਵਾਇਆ ਸੀ ਪਰ ਉਹ ਕੱਖ ਪ੍ਰਵਾਹ ਨਾ ਕਰਨ ਤੇ ਮੈਂ ਪ੍ਰੋਟੈਸਟ ਕਰਕੇ ਜਲੂਸ ਵਿੱਚੋਂ ਛੱਡ ਕੇ ਚਲਾ ਗਿਆ ਸਾਂ। ਉਸ ਵੇਲੇ ਮੈਂ ਅਜੇਹੀ ਗਿਣਤੀ ਵਿਚ ਨਹੀਂ ਸਾਂ ਕਿ ਮੇਰੇ ਪ੍ਰੋਟੈਸਟ ਦੀ ਕੋਈ ਪ੍ਰਵਾਹ ਹੁੰਦੀ ਤੇ ਮੈਂ ਭੀ ਇਸ ਗੱਲ ਨੂੰ ਬਾਹਰ ਨਹੀਂ ਕੱਢਿਆ ਸੀ, ਕੇਵਲ ਆਗੂਆਂ ਨੂੰ ਹੀ ਪਤਾ ਸੀ।

ਆਸ ਸੀ ਕਿ ਹੁਣ ਸਰਕਾਰ ਕੋਈ ਗੁਰਦੁਆਰਾ ਕਾਨੂੰਨ ਬਣਾ ਦੇਵੇਗੀ, ਪਰ ਸਾਰੇ ਪੰਜਾਬ ਵਿਚ ਅਕਾਲੀਆਂ ਨੇ ਤਰਥੱਲੀ ਲਿਆ ਦਿੱਤੀ ਤੇ ਸਰਕਾਰ ਨੇ ਸਾਰੇ ਜ਼ਿਲ੍ਹਿਆਂ ਤੇ ਰਿਆਸਤਾਂ ਦੇ ਅਕਾਲੀ ਆਗੂਆਂ ਦੀਆਂ ਫਹਿਰਿਸਤਾਂ ਬਣਾ ਕੇ ਸਭ ਨੂੰ ਇਕੋ ਵੇਰਾਂ ਫੜ ਲਿਆ। ਕੋਈ ੧੭੦੦ ਦੇ ਲੱਗਭਗ ਸਿੰਘ ਫੜੇ ਗਏ ਸਨ। ਇਸ ਨਾਲ ਪੰਜਾਬ ਵਿਚ ਸ਼ਾਂਤੀ ਤਾਂ ਹੋ ਗਈ, ਪਰ ਸ਼੍ਰੋਮਣੀ ਕਮੇਟੀ ਦੀ ਤਾਕਤ ਭੀ ਵਧ ਗਈ। ਹਾਲਾਤ ਅਜੇਹੇ ਸਨ ਕਿ ਜੇ ਸਰਕਾਰ ਇਹ ਸਖ਼ਤੀ ਨਾ ਕਰਦੀ ਤਾਂ ਸ਼੍ਰੋਮਣੀ ਕਮੇਟੀ ਨੂੰ ਅਕਾਲੀ ਉਸੇ ਵੇਲੇ ਮੁਕਾ ਦੇਂਦੇ। ਸ਼੍ਰੋਮਣੀ ਕਮੇਟੀ ਦਾ ਹੁਕਮ ਮੰਨਣਾ ਤਾਂ ਕਿਧਰੇ ਰਿਹਾ ਇਕ ਵੇਰਾਂ ਦਰਬਾਰ ਸਾਹਿਬ ਕਮੇਟੀ ਦੇ ਮੈਂਬਰਾਂ ਨੂੰ, ਜਿਨ੍ਹਾਂ ਵਿਚ ਬਾਵਾ ਹਰਕਿਸ਼ਨ ਸਿੰਘ ਜੀ ਭੀ ਸਨ, ਅਕਾਲੀਆਂ ਨੇ ਦਫ਼ਤਰ ਦੇ ਇਕ ਕਮਰੇ ਵਿਚ ਕੋਈ ਤਿੰਨ ਘੰਟੇ ਇਸ ਅਪਰਾਧ ਵਿਚ ਡੱਕੀ ਰੱਖਿਆ ਕਿ ਉਨ੍ਹਾਂ ਨੂੰ ਲੰਗਰ ਵਿਚ ਰੋਟੀ ਚੰਗੀ ਨਹੀਂ ਸੀ ਮਿਲੀ। ਇਸ ਤਰ੍ਹਾਂ ਨਾਲ ਅਸੀਂ ਸ਼੍ਰੋਮਣੀ ਕਮੇਟੀ ਦੀ ਵਰਕਿੰਗ ਕਮੇਟੀ ਦੇ ਮੈਂਬਰ ਤਾਂ ਇਹ ਫ਼ਿਕਰ ਵਿਚ ਸਾਂ ਕਿ ਕੁੰਜੀਆਂ ਦੀ ਜਿੱਤ

Academy of the Punjab in North America: http://www.apnaorg.com

ਨੇ ਸਾਨੂੰ ਖ਼ਤਮ ਕਰ ਦਿੱਤਾ ਹੈ। ਉੱਧਰੋਂ ਸਰਕਾਰ ਨੇ ਬਹੁਤ ਸਾਰੇ ਆਗੂ ਗ੍ਰਿਫ਼ਤਾਰ ਕਰਕੇ ਸਾਡੀ ਬੜੀ ਭਾਰੀ ਮਦਦ ਕੀਤੀ। ਮੈਂ ਭੀ ਇਨ੍ਹਾਂ ੧੭੦੦ ਵਿਚ ਗ੍ਰਿਫ਼ਤਾਰ ਹੋਇਆ ਸਾਂ ਪਰ ਮੈਨੂੰ ਇਕ ਹਫ਼ਤੇ ਮਗਰੋਂ ਛੱਡ ਦਿੱਤਾ ਗਿਆ ਸੀ।

ਆਪਣੇ ਵੱਲੋਂ ਤਾਂ ਸਰਕਾਰ ਨੇ ਇਸ ਸਖ਼ਤੀ ਨਾਲ ਸਾਡੀ ਤਾਕਤ ਕਮਜ਼ੋਰ ਕੀਤੀ ਸੀ ਪਰ ਇਸ ਨਾਲ ਸਗੋਂ ਸ਼੍ਰੋਮਣੀ ਕਮੇਟੀ ਦਾ ਜ਼ਬਤ ਕਾਇਮ ਹੋ ਗਿਆ ਤੇ ਤਾਕਤ ਠੋਸ ਬਣ ਗਈ। ਮੈਨੂੰ ਇਸ ਪਬਲਿਕ ਜੀਵਨ ਵਿਚ ਇਹ ਗੱਲ ਚੰਗੀ ਤਰ੍ਹਾਂ ਸਮਝ ਪੈ ਗਈ ਹੋਈ ਹੈ ਕਿ ਕਈ ਵੇਰਾਂ ਜਿੱਤਾਂ ਹੀ ਪੱਕੀ ਹਾਰ ਦਾ ਕਾਰਨ ਬਣਦੀਆਂ ਹਨ ਤੇ ਕਈ ਵੇਰਾਂ ਹਾਰਾਂ ਭੀ ਪੱਕੀ ਜਿੱਤ ਕਰਵਾਂਦੀਆਂ ਹਨ। ਇਹ ਤਾਂ ਆਗੂਆਂ ਤੇ ਕੌਮ ਦੀ ਜਿਹਨੀ ਹਾਲਤ, ਅਕਲ ਤੇ ਚਾਲ-ਚਲਨ ਉੱਤੇ ਮੁਨਹਸਰ ਹੈ। ਜੋ ਜਿੱਤ ਨਹੀਂ ਪਚਾ ਸਕਦਾ ਉਹ ਜ਼ਰੂਰ ਹਾਰੇਗਾ ਤੇ ਜੋ ਹਾਰ ਨਹੀਂ ਝੱਲ ਸਕਦਾ, ਉਹ ਜ਼ਰੂਰ ਮਰੇਗਾ। ਅਕਾਲੀ ਲਹਿਰ ਦਾ ਸਭ ਤੋਂ ਵੱਡਾ ਔਗੁਣ ਅਹੰਕਾਰ ਤੇ ਬੁਰਛੇ-ਗਰਦੀ ਸੀ। ਜੇਕਰ ਸਾਡੀਆਂ ਸਪੀਚਾਂ ਵਿਚ ਇਤਨੀ ਆਕੜ ਨਾ ਹੁੰਦੀ ਤਾਂ ਸ਼ਾਇਦ ਇਹ ਆਕੜ ਕੌਮ ਵਿਚ ਨਾ ਖਿੱਲਰਦੀ ਤੇ ਸਾਡੀ ਕਾਮਯਾਬੀ ਵਧੇਰੀ ਤੇ ਬਾਹਲਾ ਚਿਰ ਰਹਿਣ ਵਾਲੀ ਹੁੰਦੀ। ਅਕਾਲੀ ਲਹਿਰ ਨੇ ਸਾਡਾ ਚਾਲ-ਚਲਨ ਉੱਚਾ ਕੀਤਾ ਸੀ ਤੇ ਸਾਡੇ ਵਿਚ ਏਕਤਾ ਪੈਦਾ ਕੀਤੀ ਸੀ। ਇਸ ਅਹੰਕਾਰ ਭਰੀ ਗੱਪਬਾਜ਼ੀ ਨੇ ਦੋਵੇਂ ਗੱਲਾਂ ਹੁਣ ਕੱਢ ਦਿੱਤੀਆਂ ਹਨ। ਆਕੜ ਭਰੇ ਲਫ਼ਜ਼ਾਂ ਦੀ ਆਦਤ ਨੇ ਸਾਨੂੰ ਆਪੋ ਵਿਚ ਲੜਾ ਕੇ ਕਮਜ਼ੋਰ ਕੀਤਾ। ਸਾਡੇ ਚਾਲ-ਚਲਨ ਉੱਤੇ ਭੀ ਬੜਾ ਮਾੜਾ ਅਸਰ ਪਿਆ ਹੈ ਤੇ ਸਾਡੇ ਵਿੱਚੋਂ ਬਾਣੀ ਦਾ ਪਾਠ ਤੇ ਸ਼ਰਧਾ ਪ੍ਰੇਮ ਭੀ ਘਟ ਰਹੇ ਹਨ। ਨਿਰਮਾਣਤਾ ਤੇ ਚਾਲ-ਚਲਨ ਬਿਨਾਂ ਨਾ ਕੋਈ ਤਾਕਤ ਪੈਦਾ ਹੋ ਸਕਦੀ ਹੈ ਤੇ ਨਾ ਕਾਇਮ ਰਹਿ ਸਕਦੀ ਹੈ। ਏਕਤਾ ਬਿਨਾ ਤਾਕਤ ਦਾ ਕੀ ਅਰਥ। ਜਿਨ੍ਹਾਂ ਦਾ ਆਪੋ ਵਿਚ ਇਤਬਾਰ ਨਹੀਂ ਉਨ੍ਹਾਂ ਦੀ ਏਕਤਾ ਕੀ ? ਝੂਠਿਆਂ ਬੇ-ਇਤਬਾਰਿਆਂ ਹੋਰ ਤਰ੍ਹਾਂ ਨੀਵੇਂ ਲੋਕਾਂ ਦਾ ਆਪੋ ਵਿਚ ਇਤਬਾਰ ਨਹੀਂ ਹੋ ਸਕਦਾ ਤੇ ਇਸ ਕਰਕੇ ਕਿਸੇ ਕਿਸਮ ਦੀ ਤਾਕਤ ਨਹੀਂ ਹੋ ਸਕਦੀ। ਫੁੱਟ ਨੇ ਸਾਡਾ ਰਾਜ ਗਵਾਇਆ। ਉਸ ਵੇਲੇ ਸਾਡੇ ਕੋਲ ਸਭ ਕੁਝ ਸੀ। ਸਾਡੀ ਫ਼ੌਜ ਦੁਨੀਆਂ ਵਿਚ ਸਭ ਤੋਂ ਜ਼ਬਰਦਸਤ ਸੀ ਪਰ ਸਾਡਾ ਚਾਲ-ਚਲਨ ਨੀਵਾਂ ਹੋ ਗਿਆ। ਸਾਡਾ ਆਪੋ ਵਿਚ ਇਤਬਾਰ ਉਡ ਗਿਆ ਤੇ ਸਾਡੀ ਹੁਣ ਵਾਲੀ ਦਸ਼ਾ ਹੋ ਗਈ। ਸਿੰਘੋ! ਚਾਲ-ਚਲਨ ਉੱਚਾ ਕਰੋ। ਮੱਤ ਸੁਣੋ ਨਵੇਂ ਪਾਲਿਟਿਸ਼ਨਾਂ ਨੂੰ ਜੋ ਕਹਿੰਦੇ ਹਨ ਪਾਲਿਟਿਕਸ ਨਾਮ ਹੀ ਝੂਠ ਦਾ ਹੈ। ਪਾਲਿਟਿਕਸ ਚੱਲ ਹੀ ਇਤਬਾਰ ਉੱਤੇ ਸਕਦਾ ਹੈ। ਝੂਠੇ ਬੇਇਤਬਾਰਿਆਂ ਨੇ ਕੀ ਪਾਲਿਟਿਕਸ ਚਲਾਣਾ ਹੈ। ਉਹ ਤਾਂ ਦੋ ਹੱਥ ਮਾਰ ਕੇ ਕੁਝ ਰੁੱਪਏ ਠੱਗ ਕੇ ਹੀ ਸੁੱਟੇ ਜਾਣਗੇ। ਸਿੱਖਾਂ ਦਾ ਪਾਲਿਟਿਕਸ ਤਾਂ ਕੇਵਲ ਧਰਮ ਤੇ ਇਖ਼ਲਾਕ ਦੇ ਆਸਰੇ ਹੀ ਚੱਲ ਸਕਦਾ ਹੈ ਇਸੇ ਤਰ੍ਹਾਂ ਕੌਮ ਉੱਚੀ ਹੋ ਸਕਦੀ ਹੈ।

ਮੈਂ ਲਾਂਭੇ ਚਲਾ ਗਿਆ ਹਾਂ। ਕੁੰਜੀਆਂ ਦੇ ਮੋਰਚੇ ਮਗਰੋਂ ਸਰਕਾਰ ਦੀ ਸਖ਼ਤੀ ਨੇ ਸਾਡਾ ਜ਼ਬਤ ਮੁੜ ਕਾਇਮ ਕਰ ਦਿੱਤਾ। ਸਰਕਾਰ ਨੇ ਸਖ਼ਤੀ ਨਾਲ ਅਮਨ ਤਾਂ

Academy of the Punjab in North America: http://www.apnaorg.com

ਕਾਇਮ ਕਰ ਦਿੱਤਾ, ਪਰ ਅਸਲ ਬੀਮਾਰੀ ਦਾ ਇਲਾਜ ਕੋਈ ਨਾ ਕੀਤਾ। ਅਕਾਲੀਆਂ ਨੂੰ ਕਮਜ਼ੋਰ ਹੋਇਆ ਸਮਝ ਕੇ ਸਰਕਾਰ ਫਿਰ ਵਿੱਟਰ ਬੈਠੀ। ਇਸ ਸਰਕਾਰ ਦਾ ਇਹ ਔਗੁਣ ਬੜਾ ਹੈ ਕਿ ਜਦ ਐਜੀਟੇਸ਼ਨ ਹੋਵੇ ਤਾਂ ਇਹ ਠੀਕ ਗੱਲ ਨਹੀਂ ਸੁਣਦੀ ਕਿਉਂਕਿ ਇਹ ਸਮਝਦੀ ਹੈ ਕਿ ਇਸ ਦੇ ਰੋਹਬ ਨੂੰ ਚੈਲੰਜ ਹੈ ਜੋ ਐਜੀਟੇਸ਼ਨ ਨਾ ਹੋਵੇ ਤਾਂ ਸਰਕਾਰ ਕਹਿੰਦੀ ਹੈ ਕਿ ਕੋਈ ਮੰਗ ਹੀ ਨਹੀਂ ਹੈ, ਕੋਈ ਮਹਿਸੂਸ ਹੀ ਨਹੀਂ ਕਰਦਾ ਤੇ ਦੇਣਾਂ ਕਿਸ ਨੂੰ ਹੋਇਆ ? ਇਸ ਦਾ ਨਤੀਜਾ ਇਹੋ ਨਿਕਲਦਾ ਹੈ, ਕਿ ਜਾਂ ਤਾਂ ਲੋਕੀਂ ਬੇ-ਇਨਸਾਫ਼ੀ ਸਾਹਮਣੇ ਦਬ ਕੇ ਰਹਿੰਦੇ ਹਨ ਜਾਂ ਸਰਕਾਰ ਨੂੰ ਜ਼ਲਾਲਤ ਝੱਲਣੀ ਪੈਂਦੀ ਹੈ। ਅਕਾਲੀ ਲਹਿਰ ਵਿਚ ਇਹ ਗੱਲ ਕਈ ਵੇਰਾਂ ਹੋਈ। ਇਸ ਗੱਲ ਨੂੰ ਇਕੱਠਾ ਕਰ ਕੇ ਮੈਂ ਅੱਗੇ ਚੱਲ ਲਿਖਾਂਗਾ। ਸ਼੍ਰੋਮਣੀ ਕਮੇਟੀ ਦੀ ਹਰ ਵੇਲੇ ਇੱਛਾ ਸੀ ਕਿ ਕੋਈ ਗੁਰਦੁਆਰਾ ਕਾਨੂੰਨ ਬਣ ਜਾਵੇ ਤੇ ਕੋਈ ਇੱਜ਼ਤ ਦਾ ਸਮਝੌਤਾ ਹੋ ਜਾਵੇ, ਪਰ ਕਈ ਆਗੂ ਕਦੀ ਕਦੀ ਆਪੇ ਤੋਂ ਬਾਹਰ ਹੋ ਕੇ ਗ਼ਲਤ ਫ਼ਹਿਮੀ ਖਿਲਾਰਨ ਦਾ ਕਾਰਨ ਬਣ ਜਾਂਦੇ ਹਨ। ਉਸ ਵੇਲੇ ਦੇ ਪੰਜਾਬ ਸਰਕਾਰ ਦੇ ਜ਼ਿੰਮੇਂਵਾਰ ਚੰਗੇ ਸਟੇਟਸਮੈਨ ਨਹੀਂ ਸਨ। ਨਹੀਂ ਤਾਂ ਅਕਾਲੀ ਲਹਿਰ ਦਾ ਝਗੜਾ ਕਦੀ ਪੇਚੀਦਾ ਨਾ ਹੁੰਦਾ। ਕੁੰਜੀਆਂ ਦੇ ਮੋਰਚੇ ਮਗਰੋਂ ਸਰਕਾਰ ਦੀ ਸਖ਼ਤੀ ਨਾਲ ਜੋ ਅਮਨ ਕਾਇਮ ਹੋਇਆ, ਉਸ ਨੇ ਫਿਰ ਸਰਕਾਰ ਦਾ ਸਿਰ ਫੇਰ ਦਿੱਤਾ। ਉਹ ਫਿਰ ਕਿਸੇ ਗੁਰਦੁਆਰਾ ਕਾਨੂੰਨ ਦਾ ਨਾਮ ਤੱਕ ਨ ਲਵੇ। ਸਗੋਂ ਸਰਕਾਰੀ ਅਫ਼ਸਰਾਂ ਦੀ ਚੁੱਕ ਨਾਲ ਇਕ ਦੋ ਥਾਂ ਮਹੰਤਾਂ ਨੇ ਅਕਾਲੀਆਂ ਤੋਂ ਕਬਜ਼ੇ ਵਾਪਸ ਭੀ ਲਏ। ਆਖ਼ਰ ਸ਼੍ਰੋਮਣੀ ਕਮੇਟੀ ਨੇ ਮੋਰਚਾ ਲਾਉਣ ਦਾ ਫ਼ੈਸਲਾ ਕੀਤਾ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਦੀ ਮੂਰਖਤਾ ਨਾਲ ਇਹ ਮੋਰਚਾ ਗੁਰੂ ਕੇ ਬਾਗ਼ ਉੱਤੇ ਲੱਗਾ ਜੋ ਅੰਮ੍ਰਿਤਸਰ ਤੋਂ ਨੇੜੇ ਹੀ ਹੈ। ਇਸ ਮੋਰਚੇ ਵਿਚ ਇਕ ਸਵਾਦੀ ਗੱਲ ਇਹ ਭੀ ਸੀ, ਕਿ ਕਾਨੂੰਨੀ ਤੌਰ 'ਤੇ ਭੀ ਸ਼੍ਰੋਮਣੀ ਕਮੇਟੀ ਜਾਇਜ਼ ਸੀ। ਇਥੇ ਸਖ਼ਤ ਮੋਰਚਾ ਲੱਗਾ। ਕੋਈ ਬਾਰਾਂ ਦਿਨ ਅਕਾਲੀਆਂ ਨੂੰ ਸਖ਼ਤ ਮਾਰ-ਕੁਟਾਈ ਹੁੰਦੀ ਰਹੀ। ਉਹ ਇਕ ਥਾਂ ਬਹਿ ਕੇ ਮਾਰ ਝਲਦੇ ਰਹੇ। ਨਾ ਕੋਈ ਅਕਾਲੀ ਭੱਜਾ ਤੇ ਨਾ ਕਿਸੇ ਹੱਥ ਚੁੱਕਿਆ।

ਮੋਰਚੇ ਦਾ ਢੰਗ ਇਹ ਸੀ ਕਿ ਇਕ ਸੌ ਸਿੰਘ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਰੋਜ਼ ਸਵੇਰੇ ਹਾਜ਼ਰ ਹੁੰਦੇ ਸਨ। ਉੱਥੇ ਪ੍ਰਣ ਕਰਦੇ ਸਨ ਕਿ ਗੁਰੂ ਕੇ ਬਾਗ਼ ਦੀ ਝੰਗੀ ਵਿੱਚੋਂ ਗੁਰਦੁਆਰਾ ਗੁਰੂ ਕੇ ਬਾਗ਼ ਲਈ ਲੱਕੜਾਂ ਲੈਣ ਜਾਵਾਂਗੇ ਤੇ ਜੇ ਪੁਲਿਸ ਨੇ ਰਾਹ ਵਿਚ ਕਿਸੇ ਥਾਂ ਭੀ ਰੋਕ ਪਾਈ ਤਾਂ ਜਦ ਤੱਕ ਹੋਸ਼ ਹੈ ਜਾਂ ਤਾਕਤ ਹੈ ਪਿੱਛੇ ਨਹੀਂ ਮੁੜਾਂਗੇ ਨਾ ਪੁਲਿਸ ਦੇ ਮੁਕਾਬਲੇ ਵਿਚ ਹੱਥ ਚੁਕਾਂਗੇ। ਸ਼ਾਂਤਮਈ ਦਾ ਪ੍ਰਣ ਲੈ ਕੇ ਇਸ ਤਰ੍ਹਾਂ ਸੌ ਸਿੰਘਾਂ ਦਾ ਜਥਾ ਰੋਜ਼ ਗੁਰੂ ਕੇ ਬਾਗ਼ ਵੱਲ ਅੰਮ੍ਰਿਤਸਰੋਂ ਚੱਲੇ। ਰਾਹ ਵਿਚ ਪੁਲਿਸ ਸਿੰਘਾਂ ਨੂੰ ਘੇਰ ਲਵੇ। ਸਿੰਘ ਬੈਠ ਜਾਣ ਤੇ ਪੁਲਿਸ ਕੁੱਟਣਾ ਸ਼ੁਰੂ ਕਰ ਦੇਵੇ ਜਦ ਤਕ ਕਿ ਹਰ ਇਕ ਸਿੰਘ ਜ਼ਮੀਨ 'ਤੇ ਪੈ ਨਹੀਂ ਜਾਂਦਾ ਸੀ ਪੁਲਿਸ ਕੁੱਟੀ ਜਾਂਦੀ ਸੀ। ਕਈ ਬੇਹੋਸ਼ ਹੋ ਜਾਂਦੇ ਸਨ ਤੇ ਕਈ ਬੇਹਾਲ ਹੋ ਕੇ ਜ਼ਮੀਨ ਉੱਤੇ ਪੈ ਜਾਂਦੇ ਸਨ। ਇਹ ਹਾਲਤ ਬਾਰਾਂ ਦਿਨ ਰਹੀ। ਇਸ ਸਖ਼ਤੀ ਨੇ

Academy of the Punjab in North America: http://www.apnaorg.com

ਸਾਰੇ ਦੇਸ਼ ਵਿਚ ਹਾਹਾਕਾਰ ਮਚਾ ਦਿੱਤੀ। ਹਿੰਦੂ ਮੁਸਲਮਾਨਾਂ ਸਭ ਦੀ ਹਮਦਰਦੀ ਹੋ ਗਈ ਤੇ ਸ਼ਹਿਰ ਅੰਮ੍ਰਿਤਸਰ ਦੇ ਸਿੱਖਾਂ ਨੇ ਤਾਂ ਜ਼ਖ਼ਮੀਆਂ ਤੇ ਹੋਰ ਅਕਾਲੀਆਂ ਦੀ ਉਹ ਸੇਵਾ ਕੀਤੀ ਜੋ ਵੇਖੇ ਬਿਨਾਂ ਸਮਝ ਹੀ ਨਹੀਂ ਆ ਸਕਦੀ। ਇਸ ਬਾਕਾਇਦਾ ਮਾਰ-ਕੁਟਾਈ ਦੇ ਦੁੱਖਾਂ ਨੇ ਜੋ ਸਿੰਘਾਂ ਨੇ ਪੂਰੇ ਸ਼ਾਂਤ ਰਹਿੰਦੇ ਹੋਏ ਝੱਲੇ, ਸਾਰੇ ਹਿੰਦੁਸਤਾਨ ਵਿਚ ਤਰਥੱਲੀ ਮਚਾ ਦਿੱਤੀ। ਇਕ ਕਾਰਨ ਇਹ ਭੀ ਸੀ ਕਿ ਕਾਂਗਰਸ ਆਪਣੇ ਸਤਿਆਗ੍ਰਹਿ ਵਿਚ ਹਾਰ ਚੁੱਕੀ ਸੀ ਤੇ ਦੇਸ ਵਿਚ ਉਦਾਸੀ ਖਿੱਲਰੀ ਹੋਈ ਸੀ, ਲੋਕੀਂ ਅੰਦਰੋਂ ਜਲੇ-ਭੁੱਜੇ ਬੈਠੇ ਸਨ ਪਰ ਕਹਿ ਕੁਝ ਨਹੀਂ ਸਕਦੇ ਸਨ। ਸਰਕਾਰ ਦੀ ਸਖ਼ਤੀ ਨੇ ਲੋਕਾਂ ਦਾ ਚੰਗਾ ਨੱਕ ਦਮ ਕੀਤਾ ਹੋਇਆ ਸੀ। ਅਜੇਹੇ ਸਮੇਂ ਇਕੋ ਵੇਰਾਂ ਪੂਰੇ ਜ਼ੋਰ ਨਾਲ ਅਕਾਲੀਆਂ ਵੱਲੋਂ ਸਰਕਾਰੀ ਰੋਹਬ ਨੂੰ ਅਮਲੀ ਚੈਲੰਜ ਕਰਨ ਨੇ ਲੋਕਾਂ ਨੂੰ ਹੈਰਾਨ ਕਰ ਦਿੱਤਾ ਸੀ। ਦੇਸ ਵਿਚ ਥਾਂ-ਥਾਂ ਸਰਕਾਰੀ ਜ਼ੁਲਮ ਉੱਤੇ ਅਜੇਹੀ ਲਾਨ੍ਹਤ ਪਈ ਕਿ ਸਰਕਾਰ ਨੇ ਬਾਰਾਂ ਦਿਨਾਂ ਮਗਰੋਂ ਮਾਰ-ਕੁਟਾਈ ਬੰਦ ਕਰ ਕਿ ਗ੍ਰਿਫ਼ਤਾਰੀਆਂ ਦੀ ਪਾਲਿਸੀ ਸ਼ੁਰੂ ਕੀਤੀ। ਇਹ ਪਾਲਿਸੀ ਕੋਈ ਪੌਣੇ ਦੋ ਮਹੀਨੇ ਚੱਲੀ ਤੇ ਆਖ਼ਰ ਸਰ ਗੰਗਾ ਰਾਮ ਨੇ ਸਰਕਾਰ ਦੀ ਸਲਾਹ ਨਾਲ ਗੁਰੂ ਕੇ ਬਾਗ਼ ਦੀ ਜ਼ਮੀਨ ਠੇਕੇ ਉੱਤੇ ਲੈ ਕੇ ਆਪਣੇ ਵੱਲੋਂ ਅਕਾਲੀਆਂ ਨੂੰ ਖੁਲ੍ਹ ਕਰ ਦਿੱਤੀ ਤੇ ਇਹ ਮੋਰਚਾ ਮੁੱਕਾ। ਉਹਨਾਂ ਦਿਨਾਂ ਵਿਚ ਹੀ ਬਬਰ ਅਕਾਲੀਆਂ ਨੇ ਕਤਲਾਂ ਦਾ ਬਜ਼ਾਰ ਗਰਮ ਕਰ ਦਿੱਤਾ। ਸਰਕਾਰ ਨੂੰ ਫਿਕਰ ਪਿਆ। ਉਹ ਅਕਾਲੀਆਂ ਨੂੰ ਬਬਰ ਅਕਾਲੀਆਂ ਨਾਲੋਂ ਅੱਡਰਾ ਕਰਨਾ ਚਾਹੁੰਦੀ ਸੀ। ਇਸ ਕਰਕੇ ਸਰਕਾਰ ਨੇ ਇਕ ਪਾਸੇ ਬਬਰ ਅਕਾਲੀਆਂ ਦੇ ਬਰਖ਼ਿਲਾਫ਼ ਲੱਕ ਬੱਧਾ ਤੇ ਦੂਜੇ ਪਾਸੇ ਅਕਾਲੀ ਕੈਦੀਆਂ ਨੂੰ ਇਹ ਬਹਾਨਾ ਬਣਾ ਕੇ ਰਿਹਾ ਕਰ ਦਿੱਤਾ ਕਿ ਅਕਾਲੀਆਂ ਨੇ ਉਸ ਸਮੇਂ ਦੇ ਹਿੰਦੂ ਮੁਸਲਮਾਨ ਫਸਾਦ ਨੂੰ ਮਿਟਾਣ ਵਿਚ ਮਦਦ ਦਿੱਤੀ ਸੀ।

ਗੁਰੂ ਕੇ ਬਾਗ਼ ਦਾ ਮੋਰਚਾ ਤਾਂ ਮੁੱਕਾ, ਪਰ ਸਰਕਾਰ ਨੇ ਫਿਰ ਭੀ ਕੋਈ ਚੰਗਾ ਗੁਰਦੁਆਰਾ ਕਾਨੂੰਨ ਬਣਾ ਕੇ ਗੁਰਦੁਆਰੇ ਪੰਥ ਦੇ ਹਵਾਲੇ ਨਾ ਕਰੇ। ਇਹ ਸੀ ਸਰਕਾਰ ਦੀ ਵੱਡੀ ਭੁੱਲ ਜੋ ਸਰ ਮੈਲਕਮ ਹੇਲੀ ਨੇ ਮਗਰੋਂ ਸਮਝੀ ਸੀ।

ਗੁਰੂ ਕੇ ਬਾਗ਼ ਦੇ ਮੋਰਚੇ ਸਬੰਧੀ ਗ੍ਰਿਫ਼ਤਾਰ ਹੋਏ ਅਕਾਲੀ ਲੀਡਰਾਂ ਵਿਚ ਮੈਂ ਭੀ ਫੜਿਆ ਗਿਆ ਸਾਂ ਪਰ ਮੈਂ ਕੋਈ ਡੇਢ ਮਹੀਨੇ ਮਗਰੋਂ ਮੁਕੱਦਮੇ ਦਾ ਫਰਦ ਜੁਰਮ ਲੱਗਣ ਵੇਲੇ ਰਿਹਾ ਹੋ ਗਿਆ। ਕਾਰਨ ਇਹ ਸੀ ਕਿ ਮੈਂ ਲੈਕਚਰ ਨਹੀਂ ਕੀਤਾ ਕਰਦਾ ਸਾਂ। ਜਿਨ੍ਹਾਂ ਨੇ ਲੈਕਚਰ ਕੀਤੇ ਸਨ, ਉਨ੍ਹਾਂ ਉੱਤੇ ਤਾਂ ਫਰਦ ਜੁਰਮ ਲੱਗਾ ਸੀ ਪਰ ਸ: ਸਰਮੁਖ ਸਿੰਘ ਜੀ ਝਬਾਲ ਤੇ ਮੈਂ, ਦੋ ਸਾਂ, ਜਿਨ੍ਹਾਂ ਲੈਕਚਰ ਕੋਈ ਨਹੀਂ ਸੀ ਕੀਤਾ ਹੋਇਆ; ਜਿਸ ਕਰਕੇ ਅਸੀਂ ਰਿਹਾ ਹੋ ਗਏ।

ਇੱਥੇ ਮੈਂ ਇਹ ਕਹਿ ਦੇਣਾ ਜ਼ਰੂਰੀ ਸਮਝਦਾ ਹਾਂ ਕਿ ਗੁਰੂ ਕੇ ਬਾਗ਼ ਦੇ ਮੋਰਚੇ ਵੇਲੇ ਹਿੰਦੂ, ਮੁਸਲਮਾਨ ਦੋਵੇਂ ਸਾਡੇ ਨਾਲ ਸਨ। ਹੋਰ ਕਿਸੇ ਸਮੇਂ ਉੱਤੇ ਦੋਵੇਂ ਨਾਲ ਨਹੀਂ ਹੋਏ। ਜੇ ਇਕ ਨਾਲ ਹੁੰਦਾ ਸੀ ਤਾਂ ਦੂਜਾ ਵਿਰੁੱਧ ਹੁੰਦਾ ਸੀ ਪਰ ਦੋਹਾਂ ਦੀ ਹਮਦਰਦੀ ਅਸੀਂ ਥੋੜ੍ਹੇ ਦਿਨ ਹੀ ਨਾਲ ਰੱਖ ਸਕੇ ਸਾਂ।

Academy of the Punjab in North America: http://www.apnaorg.com

# ਕਾਰ ਸੇਵਾ

ਗੁਰੂ ਕੇ ਬਾਗ਼ ਦੇ ਮੋਰਚੇ ਦੇ ਛੇਤੀ ਮਗਰੋਂ ਹੀ ਸ੍ਰੀ ਦਰਬਾਰ ਸਾਹਿਬ ਦੀ ਕਾਰ ਸੇਵਾ ਹੋਈ। ਇਸ ਕੰਮ ਲਈ ਅੰਮ੍ਰਿਤਸਰ ਸ਼ਹਿਰ ਦੇ ਲੋਕਾਂ ਦੀ ਇਕ ਕਾਰ ਸੇਵਾ ਕਮੇਟੀ ਬਣਾਈ ਗਈ ਸੀ ਤੇ ਇਸ ਦੇ ਸਕੱਤਰ ਭਗਤ ਜਸਵੰਤ ਸਿੰਘ ਜੀ ਬਣਾਏ ਗਏ ਸਨ। ਇਹ ਸਮਾਂ ਸੀ ਜਦ ਅਕਾਲੀ ਜਥੇਬੰਦੀ ਨੇਕਨਾਮੀ, ਪਵਿੱਤ੍ਰਤਾ, ਧਰਮ ਸੇਵਾ ਵਿਚ ਪੂਰੇ ਜੋਬਨ ਵਿਚ ਸੀ। ਥੋੜ੍ਹੇ ਜਿਹੇ ਖ਼ੁਦ-ਗ਼ਰਜ਼ ਗ਼ੱਦਾਰਾਂ ਤੋਂ ਬਿਨਾਂ ਕੋਈ ਸਿੱਖ ਅਜੇਹਾ ਨਹੀਂ ਸੀ, ਜਿਸ ਦੀ ਅਕਾਲੀਆਂ ਨਾਲ ਹਮਦਰਦੀ ਨਾ ਹੋਵੇ। ਸ਼੍ਰੋਮਣੀ ਕਮੇਟੀ ਦਾ ਹੁਕਮ ਗੁਰੂ ਦਾ ਹੁਕਮ ਸਮਝ ਕੇ ਮੰਨਿਆ ਜਾਂਦਾ ਸੀ। ਇਸ ਤਰ੍ਹਾਂ ਸਭ ਖ਼ਿਆਲਾਂ ਦੇ ਸਿੱਖਾਂ ਦੀ ਪੂਰੀ ਹਮਦਰਦੀ ਹੋਣ ਦਾ ਇਕ ਕਾਰਣ ਇਹ ਭੀ ਸੀ ਕਿ ਸ਼੍ਰੋਮਣੀ ਕਮੇਟੀ ਵਿਚ ਹਰ ਪੋਲੀਟੀਕਲ ਖ਼ਿਆਲਾਂ ਦੇ ਸੱਜਣ (ਨਰਮ ਗਰਮ ਸਭ) ਮੈਂਬਰ ਸਨ। ਇਹ ਸੀ ਸ਼੍ਰੋਮਣੀ ਕਮੇਟੀ ਦੀ ਤਾਕਤ ਦਾ ਕਾਰਣ ਤੇ ਇਹੋ ਹੀ ਮਗਰੋਂ ਪੰਥ ਵਿਚ ਫੁੱਟ ਪੈਣ ਦਾ ਕਾਰਣ ਭੀ ਬਣਿਆ।

ਕਾਰ ਸੇਵਾ ਉਸ ਵੇਲੇ ਹੋਈ ਜਦ ਅਕਾਲੀ ਲਹਿਰ ਸਿਖਰ ਉੱਤੇ ਸੀ। ਸਰੋਵਰ ਵਿੱਚੋਂ ਜਲ ਸਾਰਾ ਕੱਢ ਕੇ ਕਾਰ ਕੱਢਣਾ ਸ਼ੁਰੂ ਕਰਨ ਦਾ ਦਿਨ ਮੁਕੱਰਰ ਕੀਤਾ ਗਿਆ ਤੇ ਉਸ ਦਿਨ ਉੱਤੇ ਦੂਰੋਂ-ਦੂਰੋਂ ਸੰਗਤਾਂ ਤੇ ਅਕਾਲੀ ਜਥੇ ਪੁੱਜੇ। ਉਸ ਸਮੇਂ ਇਤਨਾ ਵੱਡਾ ਮੇਲਾ ਸਿੱਖਾਂ ਦਾ ਅੰਮ੍ਰਿਤਸਰ ਵਿਚ ਹੋ ਗਿਆ ਜਿਤਨਾਂ ਪਹਿਲਾਂ ਕਦੀ ਭੀ ਨਹੀਂ ਹੋਇਆ ਹੋਵੇਗਾ। ਕਈ ਹਜ਼ਾਰਾਂ ਦੀ ਗਿਣਤੀ ਵਿਚ ਮਾਈ ਭਾਈ ਸ੍ਰੀ ਅੰਮ੍ਰਿਤਸਰ ਵਿਚ ਪੁੱਜੇ। ਗੁਰਦੁਆਰਾ ਪਿਪਲੀ ਸਾਹਿਬ ਤੋਂ ਜਲੂਸ ਕੱਢਿਆ ਗਿਆ ਸੀ। ਕਈ ਹਜ਼ਾਰਾਂ ਦੀ ਗਿਣਤੀ ਵਿਚ ਬਾਵਰਦੀ ਅਕਾਲੀਆਂ ਨੇ ਚਾਰ-ਚਾਰ ਦੀ ਲਾਇਨ ਵਿਚ ਸਵੇਰੇ ਪਿਪਲੀ ਸਾਹਿਬ ਤੋਂ ਮਾਰਚ ਸ਼ੁਰੂ ਕੀਤਾ ਤੇ ਸਿੱਧੇ ਮਾਰਚ ਕਰਦੇ ਦਰਬਾਰ ਸਾਹਿਬ ਪੁਜਦੇ ਗਏ ਪਰ ਅਗਲਾ ਸਿਰਾ ਦਰਬਾਰ ਸਾਹਿਬ ਸੀ ਤੇ ਅਜੇ ਜਲੂਸ ਸਾਰਾ ਟੁਰਿਆ ਨਹੀਂ ਸੀ, ਜਿਸ ਕਰਕੇ ਪਿਛਲੇ ਸਿਰੇ ਸਬੰਧੀ ਕੁਝ ਨਹੀਂ ਕਿਹਾ ਜਾ ਸਕਦਾ। ਆਖ਼ਰ ਸ਼ਾਮ ਦੇ ਪੰਜ ਵਜੇ ਅੱਕ ਕੇ ਜ਼ਿੰਮੇਵਾਰਾਂ ਨੇ ਪਿਪਲੀ ਸਾਹਿਬ ਬੈਠੇ ਅਕਾਲੀਆਂ ਨੂੰ ਖੁਲ੍ਹ ਕਰ ਦਿੱਤੀ ਕਿ ਉਹ ਜਲੂਸ ਛੱਡ ਕੇ ਸਿੱਧੇ ਦਰਬਾਰ ਸਾਹਿਬ ਪੁੱਜ ਜਾਣ।

ਇਤਨੀ ਭਾਰੀ ਖ਼ਾਲਸੇ ਦੀ ਸ਼ਾਨ ਇਤਨਾ ਭਾਰੀ ਖ਼ਾਲਸਈ ਜੋਸ਼ ਤੇ ਪ੍ਰੇਮ ਮੈਂ ਸਾਰੀ ਉਮਰ ਵਿਚ ਨਹੀਂ ਵੇਖਿਆ ਤੇ ਨਾ ਹੀ ਇਤਿਹਾਸ ਵਿਚ ਪੜ੍ਹਿਆ। ਇਸ ਤੋਂ ਵੱਧ ਏਕਤਾ ਤੇ ਜੋਸ਼ ਕਿਸੇ ਹੋਰ ਸਮੇਂ ਭੀ ਮੈਨੂੰ ਨਜ਼ਰੀ ਨਹੀਂ ਪਿਆ ਹੈ ਪਰ

Academy of the Punjab in North America: http://www.apnaorg.com

ਅਫ਼ਸੋਸ ਕਿ ਸਿੱਖਾਂ ਵਿਚ ਬੁਰਛੇ-ਗਰਦ ਸਪਿਰਿਟ ਨੇ ਅਜੇਹੇ ਸਮੇਂ ਭੀ ਚੰਦ ਵਿਚ ਕਲੰਕ ਲਾ ਹੀ ਦਿੱਤਾ। ਕਾਰ ਸੇਵਾ ਕਮੇਟੀ ਨੇ ਫ਼ੈਸਲਾ ਕੀਤਾ ਸੀ ਕਿ ਜੋ ਪੰਜ ਪਿਆਰੇ ਕਾਰ ਸੇਵਾ ਸ਼ੁਰੂ ਕਰਨ, ਉਨ੍ਹਾਂ ਲਈ ਪੰਜ ਸੋਨੇ ਦੀਆਂ ਕਹੀਆਂ ਤੇ ਪੰਜ ਚਾਂਦੀ ਦੀਆਂ ਕੜਾਹੀਆਂ ਬਣਵਾਈਆਂ ਜਾਣ। ਇਸ ਦੀ ਪ੍ਰਵਾਨਗੀ ਸ਼੍ਰੋਮਣੀ ਕਮੇਟੀ ਭੀ ਦੇ ਚੁੱਕੀ ਸੀ ਪਰ ਸਿੱਖਾਂ ਵਿਚ ਸਦਾ ਹੀ ਇਕ ਅਨਸਰ ਅਜੇਹਾ ਚਲਿਆ ਆਇਆ ਹੈ, ਜੋ ਜ਼ਿੰਮੇਵਾਰਾਂ ਦੀ ਵਿਰੋਧਤਾ ਕਰਕੇ ਮਸ਼ਹੂਰੀ ਪ੍ਰਾਪਤ ਕਰਨਾ ਚਾਹੁੰਦਾ ਹੈ। ਅਜੇਹੇ ਲੋਕੀ ਸਦਾ ਕਿਸੇ ਵਿਰੋਧਤਾ ਲਈ ਦਾਅ ਲਭਦੇ ਰਹਿੰਦੇ ਹਨ। ਉਨ੍ਹਾਂ ਨੇ ਇਸੇ ਫ਼ੈਸਲੇ ਨੂੰ ਮੁੱਖ ਰੱਖ ਕੇ ਵਿਰੋਧਤਾ ਸ਼ੁਰੂ ਕੀਤੀ। ਇਸ ਵਿਰੋਧਤਾ ਦਾ ਆਮ ਸੰਗਤਾਂ ਵਿਚ ਕੋਈ ਅਸਰ ਨਾ ਹੋਇਆ। ਇਸ ਉੱਤੇ ਉਨ੍ਹਾਂ ਨੇ ਕਾਰ ਸੇਵਾ ਸ਼ੁਰੂ ਹੋਣ ਦੇ ਸਮੇਂ ਤੋਂ ਪਹਿਲਾਂ ਹੀ ਕਾਰ ਕੱਢਣੀ ਸ਼ੁਰੂ ਕਰ ਦਿੱਤੀ ਸੀ। ਸ਼੍ਰੋਮਣੀ ਕਮੇਟੀ ਨੇ ਸਿਆਣਪ ਕੀਤੀ ਤੇ ਲੜਾਈ ਨਾ ਹੋਣ ਦਿੱਤੀ ਪਰ ਬੁਰਛੇ-ਗਰਦੀ ਰਾਹੀਂ ਸ਼ੁਹਰਤ ਦੇ ਚਾਹਵਾਨਾਂ ਨੇ ਆਪਣੇ ਮੱਥੇ ਉੱਤੇ ਕਲੰਕ ਲਾ ਹੀ ਲਿਆ ਤੇ ਪੰਥ ਦੀਆਂ ਚੜ੍ਹਦੀਆਂ ਕਲਾਂ ਵਿਚ ਰੋਕ ਪਾਉਣ ਦਾ ਜਤਨ ਕੀਤਾ। ਸੱਚੀ ਗੱਲ ਤਾਂ ਇਹ ਹੈ ਕਿ ਸਿੱਖ ਪੰਥ ਨੂੰ ਜਦ ਢਾਹ ਲੱਗੀ ਹੈ, ਸਦਾ ਈਹੋ ਜਿਹੇ ਬੁਰਛੇ-ਗਰਦਾਂ ਤੇ ਪੰਥ ਵਿਚ ਫੁੱਟ ਪਾਣ ਦੇ ਚਾਹਵਾਨਾਂ ਦੇ ਹੱਥੋਂ ਲੱਗੀ ਹੈ। ਹੁਣ ਭੀ ਇਹੋ ਹਾਲਤ ਹੈ। ਇਸ ਵੇਲੇ ਭੀ ਪੰਥ ਵਿਚ ਸਿੱਖੀ ਭੇਖ ਵਿਚ ਅਜੇਹੇ ਲੋਕੀਂ ਹਨ, ਜੋ ਫੁੱਟ ਪਾ ਕੇ ਹੀ ਰਾਜ਼ੀ ਹਨ। ਜੇ ਸ਼੍ਰੋਮਣੀ ਕਮੇਟੀ ਜਾਂ ਸ਼੍ਰੋਮਣੀ ਅਕਾਲੀ ਦਲ ਫ਼ੈਸਲਾ ਕਰੇ ਕਿ ਅੰਮ੍ਰਿਤ ਪ੍ਰਚਾਰ ਦਾ ਪ੍ਰਵਾਹ ਚਲਾਇਆ ਜਾਵੇ ਤਾਂ ਉਹ ਕਹਿਣ ਲੱਗ ਜਾਂਦੇ ਹਨ ਕਿ ਇਨ੍ਹਾਂ ਤੋਂ ਅੰਮ੍ਰਿਤ ਨਾ ਛਕੋ। ਕੋਈ ਕੰਮ ਨਾ ਕਰੋ ਤਾਂ ਇਤਰਾਜ਼ ਇਹ ਹੈ ਕਿ ਅਮਕਾ ਕੰਮ ਕਿਉਂ ਨਹੀਂ ਕੀਤਾ ਗਿਆ ਤੇ ਜੇ ਕਰੋ ਤਾਂ ਇਤਰਾਜ਼ ਇਹ ਹੈ ਕਿ ਇਹ ਆਪਣੀ ਨੇਕਨਾਮੀ ਲਈ ਕੀਤਾ ਗਿਆ ਹੈ। ਜੇ ਫ਼ੈਸਲਾ ਇਹ ਹੋਵੇ ਕਿ ਸਿੱਖ ਕੰਨਿਆਂ ਮਹਾਂ-ਵਿਦਿਆਲਾ ਪੰਥ ਦਾ ਹੈ ਤੇ ਗ਼ੈਰ ਸਿੱਖ ਅਸਰ ਹੇਠਾਂ ਆਏ ਪ੍ਰਬੰਧਕਾਂ ਦੇ ਹੱਥੋਂ ਛੁਡਾ ਲੈਣਾ ਚਾਹੀਦਾ ਹੈ, ਤਾਂ ਇਹ ਲੋਕੀਂ ਇਸ ਤਰ੍ਹਾਂ ਅੱਧ ਸਿੱਖਾਂ ਦੀ ਮਦਦ ਉੱਤੇ ਹੋ ਜਾਂਦੇ ਹਨ। ਮੈਂ ਨਹੀਂ ਕਹਿੰਦਾ ਕਿ ਹੋਰ ਕੌਮਾਂ ਵਿਚ ਇਸ ਤਰ੍ਹਾਂ ਦੇ ਕੌਮ-ਘਾਤਕ ਚੌਧਰੀ ਨਹੀਂ ਹੁੰਦੇ, ਪਰ ਮੈਂ ਇਹ ਕਹਿੰਦਾ ਹਾਂ ਕਿ ਸਿੱਖਾਂ ਵਿਚ ਦੂਜਿਆਂ ਨਾਲੋਂ ਵਧੇਰੇ ਹਨ ਤੇ ਪੰਥ ਦੀ ਸਭ ਤੋਂ ਵੱਡੀ ਕਮਜ਼ੋਰੀ ਸਦਾ ਹੀ ਇਹੋ ਰਹੀ ਹੈ ਤੇ ਅੱਗੋਂ ਭੀ ਰਹੇਗੀ। ਜਦ ਤਕ ਆਮ ਸਿੱਖ ਸੰਗਤਾਂ ਗ਼ੈਰ-ਜ਼ਿੰਮੇਵਾਰ ਚੌਧਰੀਆਂ ਨੂੰ ਧ੍ਰਿਕਾਰਦੀਆਂ ਨਹੀਂ, ਸਿੱਖ ਪੰਥ ਦੀ ਤਬਾਹੀ ਦਾ ਖ਼ਤਰਾ ਦੂਰ ਨਹੀਂ ਹੁੰਦਾ। ਮੈਂ ਤਾਂ ਛੋਟੇ ਹੁੰਦੇ ਤੋਂ ਇਹੋ ਹੀ ਸੁਣਦਾ ਆਇਆ ਹਾਂ ਕਿ ਸਿੱਖ ਕੌਮ ਖ਼ਤਰੇ ਵਿਚ ਹੈ ਤੇ ਇਸ ਵੇਲੇ ਭੀ ਇਹੋ ਹਾਲਤ ਹੈ। ਇਹ ਖ਼ਤਰਾ ਕੇਵਲ ਪੰਥ ਵਿਚ ਏਕਤਾ ਤੇ ਪ੍ਰੇਮ ਨਾਲ ਹੀ ਦੂਰ ਹੋ ਸਕਦਾ ਹੈ। ਏਕਤਾ ਧਰਮ ਭਾਵ ਦੇ ਵਾਧੇ ਤੇ ਖ਼ੁਦਗਰਜ਼ ਚੌਧਰੀਆਂ ਨੂੰ ਧ੍ਰਿਕਾਰੇ ਬਿਨਾਂ ਨਹੀਂ ਹੋ ਸਕਦੀ। ਪੰਥ ਵਿਚ ਏਕਤਾ ਪੈਦਾ ਕਰਨਾ ਲੀਡਰਾਂ ਦੇ ਹੱਥ ਇਤਨਾ ਨਹੀਂ ਹੈ ਜਿਤਨਾ ਆਮ ਸਿੱਖ-ਸੰਗਤਾਂ ਦੇ ਹੱਥ ਹੈ। ਜੇ

Academy of the Punjab in North America: http://www.apnaorg.com

ਆਮ ਸਿੱਖ-ਸੰਗਤਾਂ ਵਿੱਚੋਂ ਕੋਈ ਹਿੱਸਾ ਭੀ ਬੁਰਛੇ-ਗਰਦਾਂ ਤੇ ਆਪਣੀ ਚੌਧਰ ਜਾਂ ਕਿਸੇ ਹੋਰ ਗਰਜ਼ ਦੀ ਖ਼ਾਤਰ ਹਰ ਗੱਲ ਵਿਚ ਬੁਰਛੇ-ਗਰਦੀ ਮਚਾਈ ਰੱਖਣ ਵਾਲਿਆਂ ਨੂੰ ਨਾ ਪਛਾਣ ਸਕੇ ਤਾਂ ਪੰਥ ਦੀ ਹਸਤੀ ਦਾ ਖ਼ਤਰਾ ਕਾਇਮ ਰਹੇਗਾ।

ਸਿੱਖ ਰਾਜ ਕਿਸ ਤਰ੍ਹਾਂ ਗਿਆ ? ਬੁਰਛੇ-ਗਰਦਾਂ ਦੇ ਹੱਥੋਂ। ਮਹਾਰਾਜਾ ਰਣਜੀਤ ਸਿੰਘ ਜੀ ਦੇ ਲੜਕਿਆਂ ਤੇ ਪੋਤ੍ਰਿਆਂ ਵਿੱਚੋਂ ਸਵਾਏ ਮਹਾਰਾਜਾ ਦਲੀਪ ਸਿੰਘ ਦੇ ਸਭ ਕਤਲ ਹੋ ਚੁੱਕੇ ਸਨ ਤੇ ਹੁਣ ਵਜ਼ੀਰ ਤੇ ਸਰਦਾਰ ਕਤਲ ਹੋ ਰਹੇ ਸਨ। ਜੇ ਅੰਗਰੇਜ਼ ਕੁਝ ਸਾਲ ਹੋਰ ਨਾ ਭੀ ਆਉਂਦੇ ਤਾਂ ਭੀ ਇਨ੍ਹਾਂ ਕਤਲਾਂ ਦੇ ਸਿਲਸਿਲੇ ਨੇ ਸਭ ਰਾਜ ਪ੍ਰਬੰਧ ਖੇਰੂ-ਖੇਰੂ ਕਰ ਦੇਣਾ ਸੀ। ਖਾਲਸਾ ਜੀ, ਸਮਾਂ ਜੇ ਸੰਭਲੋ ਤੇ ਹਰ ਪਾਸੇ ਵੱਲੋਂ ਸੰਭਲੋ! ਨਾਸਤਕਤਾ ਤੇ ਪੱਛਮੀ ਫੈਸ਼ਨ ਨੇ ਤੁਹਾਡੇ ਉੱਤੇ ਹਮਲਾ ਸ਼ੁਰੂ ਕੀਤਾ ਹੋਇਆ ਹੈ ਤੇ ਇਸ ਦਾ ਟਾਕਰਾ ਧਰਮ ਪ੍ਰਚਾਰ ਤੇ ਕੌਮ ਨੂੰ ਪੂਰਾ ਜਥੇਬੰਦ ਕੀਤੇ ਬਿਨਾਂ ਨਹੀਂ ਹੋ ਸਕੇਗਾ।

ਕਾਰ ਸੇਵਾ ਦੇ ਸਮੇਂ ਇਕ ਵੱਡਾ ਨੁਕਸ ਪ੍ਰਬੰਧ ਵਿਚ ਇਹ ਹੋਇਆ ਸੀ ਕਿ ਬਾਹਰੋਂ ਆਈਆਂ ਸੰਗਤਾਂ ਨੂੰ ਖਾਣਾ ਨਹੀਂ ਮਿਲਿਆ ਸੀ। ਲੰਗਰਾਂ ਦੇ ਪ੍ਰਬੰਧਕ ਨੇ ਇਤਨੀ ਕਮ-ਅਕਲੀ ਕੀਤੀ ਕਿ ਬਹੁਤ ਲੋਕੀਂ ਭੁੱਖੇ ਹੀ ਰਹੇ। ਸ਼ਹਿਰ, ਬਾਹਰੋਂ ਆਈਆਂ ਸੰਗਤਾਂ ਨਾਲ ਭਰਿਆ ਪਿਆ ਸੀ। ਸਾਰੇ ਸ਼ਹਿਰ ਦੀਆਂ ਦੁਕਾਨਾਂ ਉੱਤੇ ਭੀ ਰੋਟੀਆਂ, ਪੂੜੀਆਂ, ਦੁੱਧ ਆਦਿਕ ਸਭ ਕੁਝ ਮੁੱਕ ਗਿਆ। ਸ਼੍ਰੋਮਣੀ ਕਮੇਟੀ ਨੂੰ ਬੜੀ ਨਮੋਸ਼ੀ ਆਈ। ਉਸ ਵੇਲੇ ਸ: ਤੇਜਾ ਸਿੰਘ ਜੀ ਸਮੁੰਦਰੀ ਪ੍ਰਬੰਧ ਉੱਤੇ ਲੱਗੇ ਉਨ੍ਹਾਂ ਨੇ ਰਾਤੋ ਰਾਤ ਅੱਡੋ-ਅੱਡਰਿਆਂ ਜਥਿਆਂ ਲਈ ਉਨ੍ਹਾਂ ਦੇ ਨਿਵਾਸ ਅਸਥਾਨਾਂ ਉੱਤੇ ਰਸਦ ਤੇ ਭਾਂਡੇ ਭਿਜਵਾ ਦਿੱਤੇ ਤੇ ਇਸ ਨਾਲ ਤੀਹ ਚਾਲੀ ਲੰਗਰ ਜਾਰੀ ਹੋ ਗਏ ਤੇ ਦੂਜੇ ਦਿਨ ਸੰਗਤਾਂ ਨੂੰ ਪ੍ਰਸ਼ਾਦਾ ਰੱਜਣ ਜੋਗਾ ਮਿਲਿਆ।

ਕਾਰ ਸੇਵਾ ਦੇ ਦਿਨਾਂ ਵਿਚ ਇਕ ਤਮਾਸ਼ੇ ਵਾਲਾ ਗ਼ੈਰ-ਜ਼ਿੰਮੇਂਵਾਰਨਾ ਨਜ਼ਾਰਾ ਵੇਖਣ ਵਿਚ ਆਇਆ ਸੀ। ਜਦ ਅੰਮ੍ਰਿਤ ਸਰੋਵਰ ਦਾ ਜਲ ਕੱਢਿਆ ਜਾ ਰਿਹਾ ਸੀ, ਤਾਂ ਹੇਠਾਂ ਸੰਗਮਰਮਰ ਉੱਤੇ ਸਖ਼ਤ ਕਿਸਮ ਦਾ ਜਾਲਾ ਲੱਗਾ ਹੋਇਆ ਸੀ। ਇਸ ਜਾਲੇ ਨੂੰ ਮਿਸਤਰੀ ਰੰਬਿਆਂ ਨਾਲ ਖੁਰਚ-ਖੁਰਚ ਕੇ ਲਾਹ ਰਹੇ ਸਨ ਤੇ ਇਕ ਇਸਤਰੀ ਉੱਤੇ ਜਾ ਪਈ ਤੇ ਚੀਕ ਮਾਰ ਕੇ ਕਹਿਣ ਲੱਗੀ, "ਹਾਇ! ਜਿਸ ਤਰ੍ਹਾਂ ਤੁਸੀਂ ਗੁਰੂ ਰਾਮਦਾਸ ਦੀ ਖੱਲ ਲਾਹ ਰਹੇ ਹੋ, ਇਸ ਤਰਾਂ ਵਾਹਿਗੁਰੂ ਤੁਹਾਡੀ ਖੱਲ ਲਾਹਵੇ।" ਉਸ ਇਸਤਰੀ ਨੂੰ ਮਸਾਂ-ਮਸਾਂ ਸਮਝਾ ਕੇ ਘਰ ਤੋਰਿਆ ਗਿਆ। ਇਸ ਤਰ੍ਹਾਂ ਗ਼ੈਰ-ਜ਼ਿੰਮੇਂਵਾਰੀ ਕਰਨ ਵਾਲੇ ਤੇ ਉਕਸਾਣ ਵਾਲੇ ਸਿੱਖਾਂ ਵਿਚ ਬਹੁਤ ਹਨ। ਮੈਨੂੰ ਇਕ ਹੋਰ ਗੱਲ ਭੀ ਚੇਤੇ ਆ ਗਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੋਟੀ ਬੀੜ ਪਹਿਲਾਂ ਲਾਲਾ ਬੂਟਾ ਮੱਲ ਰਾਵਲਪਿੰਡੀ ਵਾਲੇ ਨੇ ਛਾਪੀ ਸੀ। ਸਿੱਖਾਂ ਵਿਚ ਬਹੁਤ ਐਜੀਟੇਸ਼ਨ ਹੋਈ ਤੇ ਆਖ਼ਰ ਫ਼ੈਸਲਾ ਹੋਇਆ ਕਿ ਇਸ ਬੀੜ ਨੂੰ ਇਕੱਠਾ ਨਾ ਰੱਖਿਆ ਜਾਵੇ ਤੇ ਜਿਲਦਾਂ ਵਿਚ ਕਰ ਦਿੱਤਾ ਜਾਵੇ। ਲਾਲਾ ਬੂਟਾ ਮੱਲ ਨੇ ਇਹ ਗੱਲ ਮੰਨ ਲਈ ਤੇ ਛੋਟੀ ਬੀੜ ਜਿਲਦਾਂ ਵਿਚ ਹੋ ਗਈ। ਉਸ ਦੇ ਮਗਰੋਂ

Academy of the Punjab in North America: http://www.apnaorg.com

ਸੰਨ ੧੯੦੬ ਵਿਚ ਭਾਈ ਜੋਧ ਸਿੰਘ ਜੀ ਐਮ. ਏ. ਨੇ ਮੁੰਡਿਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਾ ਕਰਾਣ ਦਾ ਕੰਮ ਅਰੰਭਿਆ ਤੇ ਕਿਹਾ ਕਿ ਛੋਟੀ ਬੀੜ ਇਕੱਠੀ ਕੋਈ ਨਾ ਲਿਆਵੇ ਤੇ ਜਿਲਦਾਂ ਵਿਚ ਕਰ ਲਵੋ। ਮੁੰਡਿਆਂ ਨੇ ਚਾਰ-ਚਾਰ ਜਿਲਦਾਂ ਕਰਵਾ ਲਈਆਂ। ਫਿਰ ਇਹ ਐਜੀਟੇਸ਼ਨ ਸ਼ੁਰੂ ਹੋਈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਜਿਲਦਾਂ ਕਿਉਂ ਕਰਵਾਈਆਂ ਗਈਆਂ, ਇਕੱਠੀ ਬੀੜ ਰਹਿਣੀ ਚਾਹੀਦੀ ਹੈ। ਕੁਝ ਚਿਰ ਇਹ ਐਜੀਟੇਸ਼ਨ ਹੁੰਦੀ ਰਹੀ, ਪਰ ਭਾਈ ਜੋਧ ਸਿੰਘ ਜੀ ਡਟ ਗਏ ਤੇ ਆਪੇ ਹੀ ਐਜੀਟੇਸ਼ਨ ਮੁੱਕ ਗਈ।

✡ ✡ ✡

Academy of the Punjab in North America: http://www.apnaorg.com

# ਨਾਭਾ ਮੋਰਚਾ

ਕਾਰ ਸੇਵਾ ਦੇ ਦਿਨਾਂ ਵਿਚ ਹੀ ਨਾਭੇ ਦਾ ਝਗੜਾ ਸ਼ੁਰੂ ਹੋ ਗਿਆ। ਮਹਾਰਾਜਾ ਨਾਭਾ ਰਿਪੁਦਮਨ ਸਿੰਘ ਜੀ ਤਖ਼ਤੋਂ ਲਹਿ ਗਏ। ਮਹਾਰਾਜਾ ਰਿਪੁਦਮਨ ਸਿੰਘ ਜੀ ਸਿੱਖਾਂ ਵਿਚ ਬਹੁਤ ਇੱਜ਼ਤ ਨਾਲ ਵੇਖੇ ਜਾਂਦੇ ਸਨ। ਜਦ ਇਹ ਅਜੇ ਟਿੱਕਾ ਹੀ ਸਨ ਇਨ੍ਹਾਂ ਦੀ ਨੇਕਨਾਮੀ ਸ਼ੁਰੂ ਹੋਈ ਸੀ। ਇਨ੍ਹਾਂ ਸਬੰਧੀ ਆਮ ਸਿੱਖਾਂ ਵਿਚ ਇਹ ਖ਼ਿਆਲ ਖਿਲਰਿਆ ਹੋਇਆ ਸੀ ਕਿ ਇਹ ਪੱਕੇ ਸਿੱਖ ਹਨ। ਇਹ ਖ਼ਿਆਲ ਖਿਲਾਰਿਆ ਚੀਫ਼ ਖ਼ਾਲਸਾ ਦੀਵਾਨ ਨੇ ਹੀ ਸੀ ਪਰ ਅਨੰਦ ਮੈਰਿਜ ਬਿਲ ਸਮੇਂ ਤੋਂ ਆਪ ਚੀਫ਼ ਖ਼ਾਲਸਾ ਦੀਵਾਨ ਤੇ ਸ: ਸੁੰਦਰ ਸਿੰਘ ਜੀ ਮਜੀਠੀਆ ਦੇ ਸਖ਼ਤ ਵੈਰੀ ਹੋ ਚੁੱਕੇ ਸਨ। ਜਦ ਨਾਭੇ ਪਟਿਆਲੇ ਦਾ ਝਗੜਾ ਸ਼ੁਰੂ ਹੋਇਆ ਤਾਂ ਚੀਫ਼ ਖਾਲਸਾ ਦੀਵਾਨੀਆਂ ਦੀ ਹਮਦਰਦੀ ਪਟਿਆਲੇ ਨਾਲ ਸੀ ਤੇ ਵਿਰੋਧੀਆਂ ਦੀ ਨਾਭੇ ਨਾਲ। ਆਮ ਸੰਗਤਾਂ ਵਿਚ ਚੀਫ਼ ਖ਼ਾਲਸਾ ਦੀਵਾਨ ਦੇ ਵਿਰੋਧੀ ਬਹੁਤ ਹੋ ਗਏ ਸਨ, ਪਰ ਉਹ ਜਥੇਬੰਦ ਨਹੀਂ ਸਨ। ਅਕਾਲੀ ਲਹਿਰ ਨੂੰ ਚਲਾਣ ਵਾਲੇ ਭੀ ਚੀਫ਼ ਖ਼ਾਲਸਾ ਦੀਵਾਨ ਦੇ ਵਿਰੋਧੀ ਹੀ ਸਨ ਤੇ ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ, ਚੀਫ਼ ਖ਼ਾਲਸਾ ਦੀਵਾਨ ਦੇ ਵਿਰੋਧੀਆਂ ਦੇ ਹੱਥ ਹੀ ਸੀ। ਚੂੰਕਿ ਮਹਾਰਾਜਾ ਰਿਪੁਦਮਨ ਸਿੰਘ ਜੀ ਚੀਫ਼ ਖ਼ਾਲਸਾ ਦੀਵਾਨ ਦੇ ਵਿਰੋਧੀ ਸਨ, ਇਸ ਕਰਕੇ ਭੀ ਆਮ ਲੋਕਾਂ ਦੀ ਹਮਦਰਦੀ ਉਨ੍ਹਾਂ ਨਾਲ ਸੀ। ਇਕ ਹੋਰ ਕਾਰਨ ਇਹ ਭੀ ਸੀ ਕਿ ਮਹਾਰਾਜਾ ਸਾਹਿਬ ਰਿਪੁਦਮਨ ਸਿੰਘ ਸ਼ੁਰੂ ਤੋਂ ਹੀ ਅਕਾਲੀ ਲਹਿਰ ਨਾਲ ਹਮਦਰਦੀ ਰੱਖ ਦੇ ਸਨ। ਜਦ ਨਨਕਾਣਾ ਸਾਹਿਬ ਦੇ ਸਾਕੇ ਦੇ ਸਬੰਧ ਵਿਚ ਸ਼੍ਰੋਮਣੀ ਕਮੇਟੀ ਨੇ ਸ਼ਹੀਦੀ ਦਿਨ ਮਨਾਉਣ ਲਈ ਐਲਾਨ ਕੀਤਾ, ਤਾਂ ਮਹਾਰਾਜਾ ਰਿਪੁਦਮਨ ਸਿੰਘ ਜੀ ਨੇ ਉਸ ਨੂੰ ਮਨਾਇਆ ਸੀ ਤੇ ਸ਼੍ਰੋਮਣੀ ਕਮੇਟੀ ਦੇ ਹੁਕਮ ਅਨੁਸਾਰ ਉਸ ਦਿਨ ਕਾਲੀ ਪੱਗ ਭੀ ਬੱਧੀ ਸੀ। ਫਿਰ ਜਦ ਕੁੰਜੀਆਂ ਦੇ ਮੋਰਚੇ ਮਗਰੋਂ ਸਰਕਾਰ ਨੇ ਸਭ ਰਿਆਸਤਾਂ ਨੂੰ ਨਾਲ ਲੈ ਕੇ ਅਕਾਲੀਆਂ ਉੱਤੇ ਹੱਲਾ ਬੋਲਿਆ ਸੀ ਤਾਂ ਕੇਵਲ ਨਾਭਾ ਰਿਆਸਤ ਹੀ ਇਸ ਹੱਲੇ ਵਿਚ ਸ਼ਾਮਲ ਨਹੀਂ ਸੀ ਹੋਈ। ਇਨ੍ਹਾਂ ਕਾਰਨਾਂ ਤੋਂ ਛੁੱਟ ਅਕਾਲੀ ਆਗੂਆਂ ਨੂੰ ਪਟਿਆਲੇ ਵਿਰੁੱਧ ਇਹ ਰੋਸ ਭੀ ਸੀ ਕਿ ਮਹਾਰਾਜਾ ਪਟਿਆਲਾ ਨੇ ਅਕਾਲੀ ਲਹਿਰ ਦੇ ਉਠਦਿਆਂ ਹੀ ਕੁਝ ਅਕਾਲੀ ਲੀਡਰਾਂ ਨੂੰ ਖ਼ਰੀਦ ਕੇ ਅਕਾਲੀ ਲਹਿਰ ਨੂੰ ਖ਼ਰਾਬ ਕਰਨ ਦੀ ਨੀਅਤ ਕੀਤੀ। ਮਹਾਰਾਜਾ ਪਟਿਆਲਾ ਵਿਚ ਇਹ ਗੁਣ ਸੀ ਕਿ ਉਹ ਬਹੁਤ ਸਿਆਣਾ ਸੀ ਤੇ ਇਹ ਔਗੁਣ ਸੀ ਕਿ ਉਹ ਆਪਣੇ ਆਪ ਨੂੰ ਬਹੁਤ ਸਿਆਣਾ ਸਮਝਦਾ ਸੀ। ਇਸ ਤਰ੍ਹਾਂ ਆਪਣੀ ਸਿਆਣਪ ਦੇ ਮਾਣ

Academy of the Punjab in North America: http://www.apnaorg.com

ਵਿਚ ਉਸ ਨੇ ਸਦਾ ਸਾਜ਼ਸ਼ ਨਾਲ ਆਪਣੀ ਤਾਕਤ ਵਧਾਣ ਦਾ ਜਤਨ ਕੀਤਾ ਤੇ ਇਸੇ ਗੱਲ ਨੇ ਮਹਾਰਾਜਾ ਪਟਿਆਲਾ ਦੀ ਵਿਰੋਧਤਾ ਪੈਦਾ ਕੀਤੀ ਤੇ ਉਸ ਨੂੰ ਨਾ-ਕਾਮਯਾਬ ਬਣਾਇਆ। ਮਹਾਰਾਜਾ ਪਟਿਆਲਾ ਦੀ ਚਾਲ ਇਹ ਸੀ ਕਿ ਇਕ ਪਾਸੇ ਅਕਾਲੀ ਆਗੂਆਂ ਨਾਲ ਮੇਲ ਰੱਖਿਆ ਜਾਵੇ ਤੇ ਦੂਜੇ ਪਾਸੇ ਉਨ੍ਹਾਂ ਨੂੰ ਕੁਚਲਣ ਲਈ ਕੁਝ ਆਗੂਆਂ ਨੂੰ ਖ਼ਰੀਦ ਲਿਆ ਜਾਵੇ ਤੇ ਕੁਝ ਨੂੰ ਹੋਰ ਚਾਲਾਂ ਨਾਲ ਕਾਬੂ ਕਰ ਲਿਆ ਜਾਵੇ। ਇਸ ਚਾਲ ਨੇ ਮਹਾਰਾਜਾ ਪਟਿਆਲਾ ਦੀ ਵਿਰੋਧਤਾ ਬਹੁਤ ਵਧਾ ਦਿੱਤੀ ਸੀ ਤੇ ਖ਼ਰੀਦੇ ਗਏ ਲੀਡਰ ਤਾਂ ਅਜੇਹੇ ਰਸਾਤਲ ਵਿਚ ਸੁੱਟ ਦਿੱਤੇ ਗਏ ਸਨ ਕਿ ਮੁੜ ਉੱਠ ਹੀ ਨਾ ਸਕੇ। ਮੈਨੂੰ ਉਨ੍ਹਾਂ ਦੇ ਨਾਮ ਲਿਖਣ ਦੀ ਲੋੜ ਨਹੀਂ। ਉਹ ਅਕਾਲੀ ਲਹਿਰ ਵੇਲੇ ਹੀ ਮੁੱਕ ਗਏ ਸਨ ਤੇ ਜੇ ਕੋਈ ਬਾਕੀ ਰਿਹਾ ਸੀ ਤਾਂ ਉਹ ਭੀ ਭੈੜੇ ਹਾਲ ਹੀ ਫਿਰਦਾ ਰਿਹਾ।

ਇਨ੍ਹਾਂ ਕਾਰਨਾਂ ਕਰ ਕੇ ਅਕਾਲੀਆਂ ਦੀ ਪੂਰੀ ਹਮਦਰਦੀ ਨਾਭੇ ਨਾਲ ਸੀ ਤੇ ਆਮ ਸੰਗਤਾਂ ਵਿਚ ਮਹਾਰਾਜਾ ਰਿਪੁਦਮਨ ਸਿੰਘ ਜੀ ਬਹੁਤ ਨੇਕ ਨਾਮ ਸਨ। ਮਹਾਰਾਜਾ ਪਟਿਆਲਾ ਬਹੁਤ ਬਦਨਾਮ ਸਨ।

ਅਜੇਹੀ ਦਸ਼ਾ ਵਿਚ ਸ਼੍ਰੋਮਣੀ ਕਮੇਟੀ ਵਿਚ ਖ਼ਬਰ ਪੁੱਜੀ ਕਿ ਨਾਭੇ ਪਟਿਆਲੇ ਦੇ ਮੁਕੱਦਮੇ ਦਾ ਫਲ ਇਹ ਨਿਕਲਣ ਵਾਲਾ ਹੈ ਕਿ ਮਹਾਰਾਜਾ ਸਾਹਿਬ ਰਿਪੁਦਮਨ ਸਿੰਘ ਜੀ ਆਪ ਹੀ ਗੱਦੀਓਂ ਲਹਿਣ ਵਾਲੇ ਹਨ। ਇਹ ਖ਼ਬਰ ਸੰਤ ਦੀਦਾਰ ਸਿੰਘ ਜੀ ਲਿਆਏ ਸਨ ਤੇ ਉਹ ਮਹਾਰਾਜਾ ਰਿਪੁਦਮਨ ਸਿੰਘ ਜੀ ਨੂੰ ਮਿਲ ਕੇ ਆਏ ਸਨ। ਸਾਰੀ ਗੱਲ ਸੁਣ ਕੇ ਮੈਂ ਸੰਤ ਦੀਦਾਰ ਸਿੰਘ ਜੀ ਦੇ ਨਾਲ ਨਾਭੇ ਤੁਰ ਗਿਆ। ਮੇਰੇ ਨਾਭੇ ਜਾਣ ਦਾ ਮਤਲਬ ਇਹ ਸੀ ਕਿ ਮਹਾਰਾਜਾ ਸਾਹਿਬ ਰਿਪੁਦਮਨ ਸਿੰਘ ਜੀ ਨੂੰ ਰੋਕਿਆ ਜਾਵੇ ਕਿ ਉਹ ਗੱਦੀ ਤੋਂ ਆਪ ਦਸਤ-ਬਰਦਾਰੀ ਨਾ ਦੇਣ। ਮੈਂ ਸ਼੍ਰੋਮਣੀ ਕਮੇਟੀ ਦੇ ਆਗੂਆਂ ਦੀ ਸਲਾਹ ਨਾਲ ਹੀ ਗਿਆ ਸਾਂ। ਉੱਥੇ ਪੁੱਜ ਕੇ ਸੰਤ ਦੀਦਾਰ ਸਿੰਘ ਜੀ ਤੇ ਮੈਂ ਦੋਹਾਂ ਸਾਰਾ ਜ਼ੋਰ ਲਾਇਆ ਕਿ ਮਹਾਰਾਜਾ ਸਾਹਿਬ ਗੱਦੀ ਉੱਤੋਂ ਆਪ ਲਹਿਣੋਂ ਇਨਕਾਰ ਕਰਨ ਪਰ ਕਈ ਵੇਰਾਂ ਸਾਡੀ ਗੱਲ ਮੰਨ ਜਾਣ ਤੇ ਫਿਰ ਦੂਜੇ ਪਾਸੋਂ ਅਹਿਲਕਾਰਾਂ ਦਾ ਜ਼ੋਰ ਪਵੇ ਤੇ ਫਿਰ ਉਨ੍ਹਾਂ ਦੀ ਮੰਨ ਜਾਣ। ਇਸ ਤਰ੍ਹਾਂ ਕਈ ਵੇਰਾਂ ਰਾਏ ਤਬਦੀਲ ਕਰਨ ਮਗਰੋਂ ਮਹਾਰਾਜਾ ਸਾਹਿਬ ਸਾਡੀ ਗੱਲ ਮੰਨ ਗਏ ਤੇ ਅਸੀਂ ਰਾਤ ਨੂੰ ਸੌਂ ਗਏ। ਸਵੇਰੇ ਅਸੀਂ ਹੀਰਾ ਮਹਿਲ ਪੁੱਜੇ ਤਾਂ ਸਾਨੂੰ ਪਤਾ ਲੱਗਾ ਕਿ ਕੋਈ ਇਕ ਘੰਟੇ ਤੋਂ ਵੱਧ ਹੋਇਆ ਹੈ ਕਿ ਮਹਾਰਾਜਾ ਸਾਹਿਬ ਦਾ ਇਕ ਅੰਗਰੇਜ਼ ਮੁਲਾਜ਼ਮ ਮਹਾਰਾਜਾ ਸਾਹਿਬ ਦੀ ਦਸਤ-ਬਰਦਾਰੀ ਲੈ ਕੇ ਸ਼ਿਮਲੇ ਟੁਰ ਗਿਆ ਹੈ। ਅਸੀਂ ਹੈਰਾਨ ਹੋਏ। ਅਸਾਂ ਫਿਰ ਮਹਾਰਾਜਾ ਸਾਹਿਬ ਨੂੰ ਕਿਹਾ, ਮਹਾਰਾਜਾ ਸਾਹਿਬ ਫਿਰ ਮੰਨ ਗਏ ਤੇ ਉਨ੍ਹਾਂ ਨੇ ਦੋ ਅਹਿਲਕਾਰਾਂ ਨੂੰ ਤੇਜ਼ ਮੋਟਰ ਵਿਚ ਮਗਰ ਭਜਾਇਆ ਕਿ ਦਸਤ-ਬਰਦਾਰੀ ਵਾਪਸ ਲਿਆਓ। ਅਸੀਂ ਕਾਮਯਾਬੀ ਉੱਤੇ ਪ੍ਰਸੰਨ ਸਾਂ ਤੇ ਗੁਰਦੁਆਰੇ ਚਲੇ ਗਏ। ਮੁੜ ਅਸੀਂ ਕੁਝ ਚਿਰ ਮਗਰੋਂ ਪਤਾ ਲੈਣ ਲਈ ਮਹਿਲ ਵਿਚ ਆਏ ਤਾਂ ਸਾਨੂੰ ਇਕ ਅਹਿਲਕਾਰ ਨੇ ਦੱਸਿਆ

Academy of the Punjab in North America: http://www.apnaorg.com

ਕਿ ਪਿੱਛੇ ਗਈ ਮੋਟਰ ਕਾਰ ਨੇ ਅੱਗੇ ਗਈ ਮੋਟਰ ਨੂੰ ਕਾਲਕਾ ਜਾ ਫੜਿਆ ਸੀ ਪਰ ਉਸ ਅੰਗਰੇਜ਼ ਨੇ ਦਸਤ-ਬਰਦਾਰੀ ਵਾਪਸ ਦੇਣ ਤੋਂ ਨਾਂਹ ਕਰ ਦਿੱਤੀ ਹੈ। ਮਹਾਰਾਜਾ ਸਾਹਿਬ ਨੂੰ ਮੁੜ ਅਸਾਂ ਨੂੰ ਮਿਲਣ ਹੀ ਨਾ ਦਿੱਤਾ ਗਿਆ ਤੇ ਅਸੀਂ ਵਾਪਸ ਆ ਗਏ।

ਵਾਪਸ ਆ ਕੇ ਮੈਂ ਆਪਣੇ ਅੱਖੀਂ ਡਿੱਠੇ ਹਾਲ ਮਹਾਰਾਜਾ ਸਾਹਿਬ ਦੀ ਬੇਹਾਲੀ, ਅਹਿਲਕਾਰਾਂ ਦੀ ਗੱਦਾਰੀ ਨੂੰ ਅਕਾਲੀ (ਉਸ ਵੇਲੇ ਇਸ ਦਾ ਨਾਉਂ ਅਕਾਲੀ ਤੇ ਪ੍ਰਦੇਸੀ ਸੀ) ਅਖ਼ਬਾਰ ਵਿਚ ਲਿਖਿਆ। ਇਹ ਹਾਲਾਤ ਪੜ੍ਹ ਕੇ ਆਮ ਸਿੱਖ ਸੰਗਤਾਂ ਵਿਚ ਬਹੁਤ ਜੋਸ਼ ਵੱਧ ਗਿਆ। ਹੋਰ ਹਾਲਾਤ ਤੇ ਹੋਰ ਮਜ਼ਮੂਨ ਅਕਾਲੀ ਵਿਚ ਲਿਖੇ ਗਏ। ਹੋਰ ਸਿੱਖ ਅਖ਼ਬਾਰਾਂ ਵਿਚ ਭੀ ਪ੍ਰਚਾਰ ਸ਼ੁਰੂ ਹੋ ਗਿਆ। ਥਾਂ-ਥਾਂ ਦੀਵਾਨ ਹੋਣ ਲੱਗ ਪਏ ਤੇ ਜੋਸ਼ ਵਧਿਆ। ਆਮ ਸਿੱਖ ਸੰਗਤਾਂ ਵੱਲੋਂ ਮੋਰਚੇ ਦੀ ਮੰਗ ਹੋਣ ਲੱਗ ਪਈ। ਅਕਾਲੀਆਂ ਵਿਚ ਤਾਂ ਜੋਸ਼ ਇਤਨਾ ਵੱਧ ਗਿਆ ਕਿ ਠਲ੍ਹਣਾਂ ਔਖਾ ਹੋ ਗਿਆ। ਐਜੀਟੇਸ਼ਨ ਸ਼ੁਰੂ ਕਰਨ ਵੇਲੇ ਤਾਂ ਮੈਂ ਨਤੀਜੇ ਨੂੰ ਸੋਚਿਆ ਹੀ ਨਹੀਂ ਸੀ; ਪਰ ਜਦ ਜੋਸ਼ ਵਧਿਆ ਤਾਂ ਅਕਾਲੀ ਆਗੂ ਦੋ-ਚਿੱਤੀ ਵਿਚ ਪੈ ਗਏ। ਇਕ ਪਾਸੇ ਤਾਂ ਇਹ ਇੱਛਾ ਸੀ ਕਿ ਐਜੀਟੇਸ਼ਨ ਬਹੁਤ ਹੋਵੇ ਤੇ ਸ਼ਾਇਦ ਸਰਕਾਰ ਉੱਤੇ ਕੋਈ ਅਸਰ ਪਵੇ ਅਤੇ ਦੂਜੇ ਪਾਸੇ ਮੋਰਚਾ ਲਾਉਣ ਤੋਂ ਘਬਰਾਹਟ ਸੀ। ਸ਼੍ਰੋਮਣੀ ਕਮੇਟੀ ਦੀ ਵਰਕਿੰਗ ਕਮੇਟੀ ਦੇ ਬਹੁਤ ਸਾਰੇ ਮੈਂਬਰ ਇਸ ਮੋਰਚੇ ਤੋਂ ਘਬਰਾਂਦੇ ਸਨ। ਪਰ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਮੋਰਚੇ ਦੇ ਹੱਕ ਵਿਚ ਸਨ ਤੇ ਬਹੁਤ ਜੋਸ਼ ਵਿਚ ਸਨ। ਆਖ਼ਰ ਹਾਲਤ ਇੱਥੇ ਤਕ ਪੁੱਜ ਗਈ ਕਿ ਸਰਦਾਰ ਸਰਮੁਖ ਸਿੰਘ ਜੀ ਝਬਾਲ ਜਥੇਦਾਰ ਸ਼੍ਰੋਮਣੀ ਅਕਾਲੀ ਦਲ ਰੁੱਸ ਕੇ ਪਿੰਡ ਚਲੇ ਗਏ ਤੇ ਕਹਿ ਗਏ ਕਿ ਜਦ ਮੋਰਚਾ ਲੱਗੇਗਾ ਤਾਂ ਮੈਂ ਮੁੜਾਂਗਾ। ਸ਼੍ਰੋਮਣੀ ਕਮੇਟੀ ਦੀ ਵਰਕਿੰਗ ਕਮੇਟੀ ਵਿਚ ਰੋਜ਼ ਹੀ ਵਿਚਾਰ ਹੁੰਦੀ ਸੀ। ਸ਼੍ਰੋਮਣੀ ਕਮੇਟੀ ਦੇ ਮੈਂਬਰ ਆਖ਼ਰ ਇਸ ਰਾਏ ਉੱਤੇ ਪੁੱਜੇ ਕਿ ਜੇ ਸ਼੍ਰੋਮਣੀ ਕਮੇਟੀ ਮੋਰਚਾ ਨਹੀਂ ਲਾਵੇਗੀ ਤਾਂ ਸ਼੍ਰੋਮਣੀ ਅਕਾਲੀ ਦਲ ਲਾ ਦੇਵੇਗਾ ਤੇ ਫਿਰ ਉਨ੍ਹਾਂ ਦੀ ਹਾਰ ਹੋ ਜਾਵੇਗੀ ਤੇ ਸ਼੍ਰੋਮਣੀ ਅਕਾਲੀ ਦਲ ਦੀ ਹਾਰ ਵਿਚ ਹੀ ਸ਼੍ਰੋਮਣੀ ਕਮੇਟੀ ਦੀ ਹਾਰ ਆ ਜਾਵੇਗੀ। ਇਸ ਤਰ੍ਹਾਂ ਪਾਟਣਾਂ ਨਹੀਂ ਚਾਹੀਦਾ ਤੇ ਹੁਣ ਅਕਾਲੀਆਂ ਨਾਲ ਹੀ ਮਰਨਾ ਚਾਹੀਦਾ ਹੈ। ਇਸ ਤਰ੍ਹਾਂ ਫ਼ੈਸਲਾ ਹੋ ਗਿਆ ਕਿ ਨਾਭਾ ਐਜੀਟੇਸ਼ਨ ਜਾਰੀ ਰੱਖੀ ਜਾਵੇ ਤੇ ਜਦ ਮੋਰਚਾ ਲੱਗ ਜਾਵੇ ਤਾਂ ਪਿੱਛੇ ਨਾ ਹਟਿਆ ਜਾਵੇ। ਉੱਧਰੋਂ ਸਾਡੀ ਸਰਕਾਰ ਭੀ ਅਜੇਹੀ ਹੈ ਕਿ ਕਿਤਨੇ ਤਜ਼ਰਬੇ ਹੋ ਚੁੱਕਣ ਮਗਰੋਂ ਭੀ ਇਸ ਨੂੰ ਮੱਤ ਨਹੀਂ ਆਉਂਦੀ। ਸਰਕਾਰ ਨੇ ਇਹ ਨਾ ਉਡੀਕਿਆ ਕਿ ਆਪ ਅਕਾਲੀ ਕਿਧਰੇ ਵਧੀਕੀ ਕਰਕੇ ਫਸਣ। ਸਰਕਾਰ ਨੇ ਸਦਾ ਵਾਂਗੂੰ ਪਹਿਲ ਲੈਣ ਦੀ ਕੀਤੀ ਤੇ 'ਨਾਭਾ ਦਿਨ' ਉੱਤੇ ਜੈਤੋ ਵਿਚ ਅਖੰਡ ਪਾਠ ਕਰਦੇ ਸਭ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਪਾਠ ਖੰਡਨ ਕਰ ਦਿੱਤਾ। ਇਸ ਉੱਤੇ ਜੋਸ਼ ਹੋਰ ਭੀ ਵਧਿਆ। ਸਰਕਾਰ ਨੇ ਸਭ ਅਕਾਲੀ ਆਗੂ ਤੇ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੇ ਮੈਂਬਰ ਫੜ ਲਏ। ਨਵੀਂ ਅੰਤ੍ਰਿੰਗ ਕਮੇਟੀ ਉਸੇ

Academy of the Punjab in North America: http://www.apnaorg.com

ਵੇਲੇ ਬਣ ਗਈ ਤੇ ਉਨ੍ਹਾਂ ਨੇ ਪੰਜ ਸੌ ਸਿੰਘਾਂ ਦਾ ਸ਼ਹੀਦੀ ਜਥਾ ਜੈਤੋ ਭੇਜਣ ਦਾ ਫ਼ੈਸਲਾ ਕਰ ਲਿਆ। ਮੈਂ ਤਾਂ ਅੰਮ੍ਰਿਤਸਰ ਜੇਲ੍ਹ ਵਿਚ ਸਾਂ ਤੇ ਸਾਡੇ ਉੱਤੇ ਸਰਕਾਰ ਦਾ ਰਾਜ ਉਲਟਣ ਦੀ ਸਾਜ਼ਸ਼ ਦਾ ਮੁਕੱਦਮਾ ਬਣਾਇਆ ਗਿਆ ਸੀ। ਇਹ ਮੁਕੱਦਮਾ ਤੋੜ ਚੜ੍ਹਾਉਣ ਲਈ ਸਰਕਾਰ ਨੇ ਸ਼੍ਰੋਮਣੀ ਕਮੇਟੀ ਦੇ ਰਜਿਸਟਰ ਤੇ ਕਾਗ਼ਜ਼ ਫੜ ਲਏ ਸਨ। ਸਾਨੂੰ ਰੋਜ਼ ਕਚਹਿਰੀ ਲੈ ਜਾਇਆ ਜਾਂਦਾ ਸੀ ਤੇ ਉੱਥੇ ਮੁਕੱਦਮਾ ਹੁੰਦਾ ਸੀ। ਇਕ ਦਿਨ ਸਾਨੂੰ ਕਚਹਿਰੀ ਲੈ ਗਏ ਤੇ ਜਾਂਦਿਆਂ ਹੀ ਮੋੜ ਘੱਲਿਆ। ਅਸੀਂ ਹੈਰਾਨ ਹੋਏ ਕਿ ਗੱਲ ਕੀ ਹੈ। ਪਤਾ ਕਰਨ ਤੇ ਸਾਨੂੰ ਵਾਪਸ ਜੇਲ੍ਹ ਤੱਕ ਮੁੜਦਿਆਂ ਪਤਾ ਲੱਗ ਗਿਆ ਕਿ ਪੁਲਿਸ ਇਕੱਠੀ ਹੋ ਰਹੀ ਹੈ ਤੇ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਉੱਤੇ ਛਾਪਾ ਵੱਜਣਾ ਹੈ। ਅਸਾਂ ਸੋਚਿਆਂ ਕਿ ਇਹ ਖ਼ਬਰ ਅਸੀਂ ਦਫ਼ਤਰ ਵਿਚ ਕਿਸ ਤਰ੍ਹਾਂ ਪੁਚਾਈਏ ? ਸਾਡੇ ਵਿੱਚੋਂ ਕੁਝ ਸੱਜਣ ਕੋਠੇ ਚੜ੍ਹ ਕੇ ਵੇਖਣ ਲੱਗੇ। ਉਨ੍ਹਾਂ ਵੇਖਿਆ ਕਿ ਜੇਲ੍ਹ ਦੇ ਸਾਹਮਣਿਓਂ ਜਾਂਦੀ ਸੜਕ ਉੱਤੇ ਇਕ ਅਕਾਲੀ ਸਿੰਘ ਜਾ ਰਿਹਾ ਹੈ। ਉਨ੍ਹਾਂ ਨੇ ਕੱਪੜਾ ਝੁਲਾ ਕੇ ਅਕਾਲੀ ਸਿੰਘ ਦਾ ਧਿਆਨ ਆਪਣੇ ਵੱਲ ਖਿੱਚ ਲਿਆ ਤੇ ਉਸ ਨੂੰ ਇਸ਼ਾਰਾ ਕਰ ਕੇ ਜੇਲ੍ਹ ਦੀ ਪਿਛਲੀ ਕੰਧ ਕੋਲ ਸੱਦ ਲਿਆ। ਗੰਦਾ ਪਾਣੀ ਨਿਕਲਣ ਵਾਲੀ ਮੋਰੀ ਦੇ ਰਸਤਿਓਂ ਅਕਾਲੀ ਸਿੰਘ ਨੂੰ ਅਸਾਂ ਗੱਲ ਸਮਝਾਈ ਤੇ ਉਸ ਨੇ ਝੱਟ-ਪੱਟ ਪਿਛਲੀਆਂ ਪੈਲੀਆਂ ਦੇ ਵਿੱਚੋਂ ਦੀ ਦਫ਼ਤਰ ਵੱਲ ਧਾਵਾ ਬੋਲ ਦਿੱਤਾ।

ਸਾਡੇ ਉੱਤੇ ਮੁਕੱਦਮਾ ਤਾਂ ਸਾਜ਼ਸ਼ ਕਰਨ ਦਾ ਸੀ ਤੇ ਗਵਾਹੀਆਂ ਇਹ ਹੁੰਦੀਆਂ ਸਨ ਕਿ ਫਲਾਣੀ ਥਾਂ ਇਕ ਅਕਾਲੀ ਨੇ ਸਰਕਾਰ ਵਿਰੁੱਧ ਲੈਕਚਰ ਦਿੱਤਾ ਹੈ। ਇਸ ਤਰ੍ਹਾਂ ਨਾਲ ਕਿਧਰੇ ਭੀ ਕਿਸੇ ਅਕਾਲੀ ਨੇ ਜੋ ਲੈਕਚਰ ਦਿੱਤਾ ਸੀ, ਉਹ ਸਾਡੇ ਵਿਰੁੱਧ ਆ ਗਿਆ ਸੀ। ਕਈਆਂ ਲੈਕਚਰਾਰਾਂ ਦੇ ਤਾਂ ਨਾਮ ਭੀ ਪਤਾ ਨਹੀਂ ਸਨ ਤੇ ਕਈਆਂ ਦੇ ਨਾਮ ਦੱਸੇ ਗਏ ਸਨ ਤੇ ਉਨ੍ਹਾਂ ਦਾ ਪਤਾ ਕੋਈ ਨਹੀਂ ਸੀ ਦੱਸਿਆ ਗਿਆ। ਇਸੇ ਤਰ੍ਹਾਂ ਦਾ ਮੁਕੱਦਮਾ ਕੋਈ ਤਿੰਨ ਸਾਲ ਸਾਡੇ ਵਿਰੁੱਧ ਚਲਦਾ ਰਿਹਾ ਸੀ। ਸਾਨੂੰ ਸਾਫ਼ ਸਮਝ ਵਾਲਿਆਂ ਨੂੰ ਤਾਂ ਕੋਈ ਸਮਝ ਨਾ ਪਈ ਕਿ ਇਹ ਸਾਡੀ ਕੀ ਸਾਜ਼ਸ਼ ਹੈ। ਕੇਵਲ ਇਕ ਗੱਲ ਸਾਜ਼ਸ਼ ਵਾਲੀ ਸਾਡੇ ਵਿਰੁੱਧ ਆਈ ਸੀ। ਉਹ ਇਹ ਸੀ ਕਿ ਸ੍ਰੀ ਅਨੰਦਪੁਰ ਸਾਹਿਬ ਵਿਚ ਅਕਾਲੀਆਂ ਨੇ ਇਕ ਥਾਂ ਲਈ ਸੀ ਤੇ ਉੱਥੇ ਕਿਲ੍ਹਾ ਬਣਾਣ ਦੀ ਤਿਆਰੀ ਸੀ। ਇਹ ਗੱਲ ਕਹਿਣ ਵਾਲਾ ਜੋ ਗਵਾਹ ਸਾਡੇ ਵਿਰੁੱਧ ਆਇਆ ਸੀ ਜਦ ਉਸ ਉੱਤੇ ਜਿਰ੍ਹਾ ਹੋਈ ਤਾਂ ਉਸ ਨੇ ਮੰਨਿਆ ਕਿ ਇਸ ਕਿਲ੍ਹੇ ਲਈ ੬੫) ਰੁਪੈ ਚੰਦਾ ਹੋਇਆ ਸੀ ਤੇ ਇਹਨਾਂ ੬੫ ਰੁਪਿਆਂ ਵਿਚ ਹੀ ਕਿਲ੍ਹਾ ਬਣਨਾ ਸੀ। ਫਿਰ ਗਵਾਹ ਨੇ ਇਹ ਕਿਹਾ ਕਿ) ਰੁਪੈ ਵਿਚ ਗੁਰਦੁਆਰਾ ਅਥਵਾ ਥੜ੍ਹਾ ਬਣਨਾ ਸੀ। ਜਦ ਗੱਲ ਸਾਫ਼ ਕਰਾਣ ਲਈ ਜਿਰ੍ਹਾ ਹੋਈ ਤਾਂ ਗਵਾਹ ਨੇ ਕਿਹਾ ਕਿ ਕਿਲ੍ਹਾ, ਗੁਰਦੁਆਰਾ ਤੇ ਥੜ੍ਹਾ ਇਕੋ ਗੱਲ ਹੀ ਹੁੰਦੀ ਹੈ। ਇਸ ਉੱਤੇ ਹਾਸਾ ਪੈ ਗਿਆ। ਇਸ ਤਰ੍ਹਾਂ ਦੇ ਕਈ ਹਾਸੇ ਵਾਲੇ ਟੋਟਕੇ ਸਾਡੇ ਮੁਕੱਦਮੇ ਵਿਚ ਵਰਤੇ ਸਨ ਜੋ ਲਿਖਣ ਲਗਿਆਂ ਗੱਲ ਬਹੁਤ ਲੰਮੀ ਹੋ ਜਾਂਦੀ ਹੈ। ਗੱਲ ਕਾਹਦੀ,

Academy of the Punjab in North America: http://www.apnaorg.com

ਇਸ ਸਵਾਦਦਾਰ ਮੁਕੱਦਮੇ ਵਿੱਚੋਂ ਕੁਝ ਤਾਂ ਫਰਦ ਜੁਰਮ ਲੱਗਣ ਉੱਤੇ ਛੁੱਟ ਗਏ; ਕੁਝ ਗੁਰਦੁਆਰਾ ਐਕਟ ਮੰਨਣ ਉੱਤੇ ਛੁੱਟ ਗਏ ਤੇ ਬਾਕੀਆਂ ਵਿਰੁੱਧ ਮੁਕੱਦਮਾ ਹੀ ਵਾਪਸ ਲੈ ਲਿਆ ਗਿਆ ਸੀ। ਮੁਕੱਦਮਾ ਵਾਪਸ ਲੈਣ ਦਾ ਅਸਲ ਕਾਰਨ ਮੁਕੱਦਮੇ ਦੀ ਕਮਜ਼ੋਰੀ ਸੀ। ਮਿਸਟਰ ਪਿਟਮੈਨ ਸਾਡੇ ਵਿਰੋਧ ਇਸ ਮੁਕੱਦਮੇ ਵਿਚ ਵਕੀਲ ਸੀ। ਉਸ ਦੇ ਸੁਭਾ ਵਿਚ ਸਫ਼ਾਈ ਤੇ ਸਚਾਈ ਕਾਫ਼ੀ ਸੀ। ਜਦ ਉਸ ਨੂੰ ਪਤਾ ਲੱਗ ਗਿਆ ਕਿ ਮੁਕਦਮਾ ਬਿਲਕੁਲ ਫਜ਼ੂਲ ਜਿਹਾ ਹੈ, ਤਦ ਉਹ ਸਾਡਾ ਹਮਦਰਦ ਬਣ ਗਿਆ ਸੀ ਤੇ ਉਹ ਨਹੀਂ ਚਾਹੁੰਦਾ ਸੀ ਕਿ ਇਸ ਤਰ੍ਹਾਂ ਦੇ ਫਜ਼ੂਲ ਮੁਕੱਦਮੇ ਵਿਚ ਸਾਨੂੰ ਸਜ਼ਾ ਹੋਵੇ।

ਉੱਧਰ ਜੈਤੋ ਦਾ ਮੋਰਚਾ ਸ਼ੁਰੂ ਹੋ ਗਿਆ। ਪਹਿਲਾ ਸ਼ਹੀਦੀ ਜਥਾ ਜ਼ਿਲ੍ਹਾ ਫ਼ਿਰੋਜ਼ਪੁਰ ਵਿੱਚੋਂ ਲੰਘਦਾ ਜੈਤੋ ਪੁੱਜਿਆ। ਉਸ ਜਥੇ ਉੱਤੇ ਗੋਲੀਆਂ ਦੀ ਬੁਛਾੜ ਹੋਈ। ਕੋਈ ੪੦ ਦੇ ਲੱਗਪਗ ਸਿੰਘ ਸ਼ਹੀਦ ਹੋ ਗਏ ਤੇ ਬਹੁਤ ਸਾਰੇ ਜ਼ਖ਼ਮੀ ਹੋਏ। ਇਸ ਜਥੇ ਉੱਤੇ ਗੋਲੀ ਚੱਲਣ ਨਾਲ ਸਾਰੇ ਦੇਸ਼ ਵਿਚ ਦੁਹਾਈ ਮੱਚ ਗਈ। ਸਰਕਾਰ ਨੇ ਆਪਣੇ ਬਿਆਨ ਵਿਚ ਕਿਹਾ ਕਿ ਪਹਿਲਾਂ ਜਥੇ ਵੱਲੋਂ ਗੋਲੀ ਚੱਲੀ ਸੀ ਤੇ ਫਿਰ ਪੁਲਿਸ ਨੂੰ ਚਲਾਣੀ ਪਈ। ਇਸ ਦਾ ਸਬੂਤ ਸਰਕਾਰ ਨੇ ਇਹ ਦਿੱਤਾ ਕਿ ਇਕ ਰਿਆਸਤੀ ਮੁਲਾਜ਼ਮ ਗੋਲੀ ਨਾਲ ਜ਼ਖ਼ਮੀ ਭੀ ਹੋਇਆ ਸੀ। ਆਪਣੀ ਇਹ ਗੱਲ ਸਿੱਧ ਕਰਨ ਲਈ ਜਥੇ ਦੇ ਸਿੰਘਾਂ ਉੱਤੇ ਨਾਭੇ ਵਿਚ ਮੁਕੱਦਮਾ ਵੀ ਚਲਾਇਆ ਗਿਆ ਤੇ ਜਥੇ ਦੇ ਸਿੰਘਾਂ ਨੂੰ ਲੰਮੀਆਂ-ਲੰਮੀਆਂ ਕੈਦਾਂ ਹੋਈਆਂ। ਕਈਆਂ ਨੂੰ ਸੱਤ ਸੱਤ ਸਾਲ ਦੀ ਕੈਦ ਦੀ ਸਜ਼ਾ ਦਿੱਤੀ ਗਈ ਸੀ। ਮਗਰੋਂ ਹੋਰ ਸ਼ਹੀਦੀ ਜਥੇ ਗਏ ਤੇ ੧੯੨੫ ਤੱਕ ਇਹ ਮੋਰਚਾ ਜਾਰੀ ਰਿਹਾ। ੧੯੨੫ ਵਿਚ ਗੁਰਦੁਆਰਾ ਐਕਟ ਬਣਿਆ ਤੇ ਉਸ ਵੇਲੇ ਇਹੋ ਭਾਸਦਾ ਸੀ ਕਿ ਸਾਰਾ ਫ਼ੈਸਲਾ ਹੋ ਜਾਵੇਗਾ, ਪਰ ਸਰਕਾਰ ਨੇ ਕੈਦੀ ਛੱਡਣ ਦੀ ਇਹ ਸ਼ਰਤ ਲਾ ਦਿੱਤੀ ਕਿ ਜੋ ਕੈਦੀ ਗੁਰਦੁਆਰਾ ਐਕਟ ਉੱਤੇ ਅਮਲ ਕਰਨ ਦਾ ਬਚਨ ਦੇਵੇਗਾ ਉਹ ਛੱਡਿਆ ਜਾਵੇਗਾ। ਇਹ ਸ਼ਰਤ ਵਾਧੂ ਸੀ ਕਿਉਂਕਿ ਇਹ ਐਕਟ ਬਣਿਆ ਹੀ ਅਕਾਲੀ ਆਗੂਆਂ ਤੇ ਸਰਕਾਰ ਦੇ ਸਮਝੌਤੇ ਨਾਲ ਸੀ; ਪਰ ਸਰਕਾਰ ਚਾਹੁੰਦੀ ਸੀ ਕਿ ਅਕਾਲੀਆਂ ਨੂੰ ਨਿਵਾ ਲਿਆ ਜਾਵੇ। ਇਸ ਕਰਕੇ ਇਹ ਸ਼ਰਤ ਲਾਈ ਗਈ। ਅਕਾਲੀ ਆਗੂਆਂ ਵਿੱਚੋਂ ਕਈਆਂ ਨੇ ਇਸ ਨੂੰ ਮੰਨ ਲਿਆ, ਕਿਉਂਕਿ ਇਸ ਸ਼ਰਤ ਵਿਚ ਕੋਈ ਅਜਿਹੀ ਗੱਲ ਨਹੀਂ ਸੀ ਜਿਸ ਦੇ ਉਹ ਵਿਰੁੱਧ ਸਨ ਪਰ ਕਈਆਂ ਨੇ ਇਸ ਨੂੰ ਨਾ ਮੰਨਿਆ ਕਿਉਂਕਿ ਇਸ ਦਾ ਨਿਸ਼ਾਨਾ ਅਕਾਲੀਆਂ ਦੀ ਅਣਖ ਨੂੰ ਤੋੜਨਾ ਸੀ। ਇਸ ਕਰਕੇ ਅਕਾਲੀਆਂ ਵਿਚ ਫੁੱਟ ਪੈ ਗਈ। ਲਾਹੌਰ ਕਿਲ੍ਹੇ ਵਿਚ ਕੋਈ ੪੦ ਦੇ ਲੱਗਪਗ ਆਗੂ ਸਨ, ਜਿਨ੍ਹਾਂ ਉੱਤੇ ਮੁਕੱਦਮਾ ਚੱਲ ਰਿਹਾ ਸੀ। ਇਨ੍ਹਾਂ ਵਿੱਚੋਂ ਕੋਈ ਪੰਦਰਾਂ ਅੰਦਰ ਰਹਿ ਗਏ ਤੇ ਬਾਕੀ ਦੇ ਉਕਤ ਸ਼ਰਤ ਮੰਨ ਕੇ ਬਾਹਰ ਆ ਗਏ। ਬਾਕੀ ਜੇਲ੍ਹਾਂ ਵਿੱਚੋਂ ਬਹੁਤ ਘੱਟ ਅਕਾਲੀਆਂ ਨੇ ਇਹ ਸ਼ਰਤ ਮੰਨੀ ਸੀ। ਪਹਿਲੇ ਸ਼ਹੀਦੀ ਜਥੇ ਦੇ ਸਿੰਘ ਨਾਭੇ ਵਿਚ ਕੈਦ ਸਨ। ਉਨ੍ਹਾਂ ਨੇ ਇਹ ਸ਼ਰਤ ਨਾ ਮੰਨੀ ਤੇ ਆਪਣੀ ਪੂਰੀ ਕੈਦ ਭੁਗਤਣ

Academy of the Punjab in North America: http://www.apnaorg.com

ਮਗਰੋਂ ਹੀ ਰਿਹਾ ਹੋਏ ਸਨ। ਮੇਰੇ ਮਨ ਵਿਚ ਸਰਕਾਰ ਵਿਰੁੱਧ ਸਭ ਤੋਂ ਵੱਡਾ ਰੋਸ ਇਹੋ ਹੈ ਜੋ ਮੇਰੇ ਦਿਲੋਂ ਨਿੱਕਲ ਨਹੀਂ ਸਕਦਾ। ਪਹਿਲੇ ਸ਼ਹੀਦੀ ਜਥੇ ਉੱਤੇ ਇਹ ਨਿਰਾ ਝੂਠਾ ਇਲਜ਼ਾਮ ਲਾਇਆ ਗਿਆ ਸੀ ਕਿ ਉਨ੍ਹਾਂ ਵੱਲੋਂ ਕੋਈ ਗੋਲੀ ਚੱਲੀ ਹੈ। ਗੱਲ ਇਤਨੀ ਹੈ ਕਿ ਸ਼ਹੀਦੀ ਜਥੇ ਨਾਲ ਸੰਗਤ ਬਹੁਤ ਸੀ, ਜਿਨ੍ਹਾਂ ਵਿੱਚੋਂ ਕੁਝ ਲੋਹੇ ਦੀ ਨਾਲੀ ਵਿਚ ਪਾ ਕੇ ਪਟਾਕੇ ਚਲਾਂਦੇ ਜਾਂਦੇ ਸਨ। ਇਹ ਪਟਾਕੇ ਸਾਰੇ ਰਾਹ ਚਲਦੇ ਰਹੇ ਸਨ ਤੇ ਹੋ ਸਕਦਾ ਹੈ ਕਿ ਉੱਥੇ ਚੱਲੇ ਹੋਣ ਪਰ ਇਹ ਕੋਰਾ ਝੂਠ ਹੈ ਕਿ ਜਥੇ ਦੇ ਕਿਸੇ ਸਿੰਘ ਜਾਂ ਸੰਗਤ ਵਿੱਚੋਂ ਕਿਸੇ ਸਿੰਘ ਕੋਲ ਕੋਈ ਕਿਸੇ ਕਿਸਮ ਦਾ ਬਾਰੂਦੀ ਹਥਿਆਰ ਸੀ। ਸਰਕਾਰ ਦੇ ਕਰਮਚਾਰੀਆਂ ਨੇ ਇਕ ਤਾਂ ਅਕਾਲੀ ਜਥੇ ਉੱਤੇ ਬੇ-ਲੋੜਵੀਂ ਗੋਲੀ ਚਲਾਈ ਤੇ ਦੂਜੇ ਉਨ੍ਹਾਂ ਉੱਤੇ ਝੂਠਾ ਇਲਜ਼ਾਮ ਲਾਇਆ ਤੇ ਤੀਜੇ ਆਪ ਸੱਚੇ ਹੋਣ ਲਈ ਅਕਾਲੀਆਂ ਨੂੰ ਵੱਡੀਆਂ-ਵੱਡੀਆਂ ਸਜ਼ਾਵਾਂ ਦਿੱਤੀਆਂ ਤੇ ਚੌਥੇ ਇਹ ਸਜ਼ਾਵਾਂ ਸਮਝੌਤੇ ਮਗਰੋਂ ਭੀ ਭੁਗਤਾਈਆਂ ਗ਼ਈਆਂ। ਮੈਨੂੰ ਜੈਤੋ ਵਿਚ ਗੋਲੀ ਚੱਲਣ ਦਾ ਇਤਨਾ ਰੋਸ ਨਹੀਂ ਹੈ, ਜਿਤਨਾ ਇਸ ਤਰ੍ਹਾਂ ਦੀ ਸਰਕਾਰੀ ਪਾਲਿਸੀ ਉੱਤੇ ਹੈ। ਸਰਕਾਰ ਨੇ ਜਲ੍ਹਿਆਂ ਵਾਲੇ ਬਾਗ਼ ਵਿਚ ਗੋਲੀ ਚਲਾਈ, ਪਰ ਜਨਰਲ ਡਾਇਰ ਨੇ ਜੇ ਸਾਰੀ ਨਹੀਂ ਤਾਂ ਬਹੁਤ ਸਾਰੀ ਗੱਲ ਦਾ ਇਕਬਾਲ ਕਰਕੇ ਅੰਗਰੇਜ਼ੀ ਇੱਜ਼ਤ ਨੂੰ ਕਿਸੇ ਹੱਦ ਤੱਕ ਤਾਂ ਕਾਇਮ ਰੱਖਿਆ ਪਰ ਜੈਤੋ ਦੀ ਗੋਲੀ ਚਲਾਨ ਮਗਰੋਂ ਅੰਗਰੇਜ਼ ਅਫ਼ਸਰ ਨੇ ਮਗਰੋਂ ਘੜੇ ਗਏ ਸਾਰੇ ਝੂਠ ਦਾ ਆਪਣੇ ਆਪ ਨੂੰ ਜ਼ਿੰਮੇਂਵਾਰ ਬਣਾ ਕੇ ਅੰਗਰੇਜ਼ੀ ਹਕੂਮਤ ਉੱਤੇ ਉਹ ਲਾਨ੍ਹਤ ਲਿਆਂਦੀ ਹੈ, ਜਿਸ ਤੋਂ ਇਹ ਸਰਕਾਰ ਕਦੀ ਭੀ ਬਰੀ ਨਹੀਂ ਹੋਵੇਗੀ।

ਇਸ ਥਾਂ ਆਪਣੀ ਗਲਤੀ ਉੱਤੇ ਮੈਂ ਕੁਝ ਵਿਚਾਰ ਕਰਨਾ ਚਾਹੁੰਦਾ ਹਾਂ ਕਿਉਂਕਿ ਇਸ ਤੋਂ ਹੋਰ ਅੱਗੋਂ ਹੋਣ ਵਾਲੇ ਜ਼ਿੰਮੇਂਵਾਰਾਂ ਨੂੰ ਲਾਭ ਪੁੱਜ ਸਕਦਾ ਹੈ। ਅਕਾਲੀ ਲਹਿਰ ਸਬੰਧੀ ਸਾਡੇ ਜ਼ਿੰਮੇਵਾਰਾਂ ਤੋਂ ਵੱਡੀਆਂ-ਵੱਡੀਆਂ ਗ਼ਲਤੀਆਂ ਹੋਈਆਂ ਹਨ। ਮੈਂ ਉਨ੍ਹਾਂ ਦਾ ਜ਼ਿਕਰ ਨਹੀਂ ਕੀਤਾ ਤੇ ਖ਼ਾਸ ਕਰ ਕੇ ਕਿਸੇ ਦਾ ਨਾਮ ਲਿਖਣੋਂ ਤਾਂ ਸੰਕੋਚ ਕੀਤਾ ਹੈ, ਕਿਉਂਕਿ ਇਹ ਅਕਾਲੀ ਲਹਿਰ ਦਾ ਇਤਿਹਾਸ ਤਾਂ ਨਹੀਂ ਹੈ ਤੇ ਖ਼ਾਹ-ਮਖ਼ਾਹ ਮੈਂ ਕਿਸੇ ਨਾਲ ਝਗੜਾ ਕਿਉਂ ਛੇੜਾਂ ਪਰ ਇਸ ਥਾਂ ਮੈਂ ਦੋ ਸੱਜਣਾਂ ਦਾ ਨਾਮ ਇਸ ਕਰ ਕੇ ਲਿਖਣ ਲੱਗਾ ਹਾਂ ਕਿ ਉਨ੍ਹਾਂ ਨਾਲ ਗ਼ਲਤ-ਫਹਿਮੀ ਨਹੀਂ ਹੋ ਸਕਦੀ ਤੇ ਇਹ ਨਾਜ਼ਕ ਜਿਹੀ ਗੱਲ ਹੈ, ਜਿਸ ਤੋਂ ਸਦਾ ਲਈ ਹਰ ਇਕ ਪਬਲਿਕਮੈਨ ਨੂੰ ਖ਼ਬਰਦਾਰ ਰਹਿਣਾ ਚਾਹੀਦਾ ਹੈ। ਜਦ ਅਸੀਂ ਮੋਰਚੇ ਵਿਚ ਜੱਕੋਤੱਕੀ ਕਰ ਰਹੇ ਸਾਂ ਤਾਂ ਸਰਦਾਰ ਸਰਮੁਖ ਸਿੰਘ ਜੀ ਝਬਾਲ ਸਾਡੇ ਨਾਲ ਨਰਾਜ਼ ਹੁੰਦੇ ਸਨ। ਉਹ ਛੇਤੀ ਮੋਰਚਾ ਲਾਣ ਦੇ ਹੱਕ ਵਿਚ ਸਨ ਤੇ ਸਾਡੇ ਟਾਲ-ਮਟੋਲੇ ਨੂੰ ਬਹੁਤ ਬੁਰਾ ਮੰਨਦੇ ਸਨ। ਆਖ਼ਰ ਆਪ ਨਰਾਜ਼ ਹੋ ਕੇ ਪਿੰਡ ਭੀ ਚਲੇ ਗਏ ਸਨ ਤੇ ਇਹ ਕਹਿ ਗਏ ਸਨ ਕਿ ਮੈਂ ਮੁੜ ਕੇ ਤਦ ਆਵਾਂਗਾ, ਜਦੋਂ ਮੋਰਚਾ ਲੱਗ ਜਾਵੇਗਾ। ਸ: ਸਰਮੁਖ ਸਿੰਘ ਜੀ ਉਸ ਵੇਲੇ ਸ਼੍ਰੋਮਣੀ ਅਕਾਲੀ ਦਲ ਦੇ ਜਥੇਦਾਰ ਸਨ ਤੇ ਸ਼੍ਰੋਮਣੀ ਕਮੇਟੀ ਦੀ ਵਰਕਿੰਗ ਕਮੇਟੀ ਦੇ ਮੈਂਬਰ ਸਨ। ਆਪ ਦਾ ਰਸੂਖ ਤੇ ਅਸਰ ਇਤਨਾ ਸੀ

Academy of the Punjab in North America: http://www.apnaorg.com

ਕਿ ਉਸ ਨੂੰ ਝੱਲਣਾ ਸੌਖਾ ਨਹੀਂ ਸੀ। ਮੈਂ ਸਭ ਤੋਂ ਪਹਿਲਾਂ ਸਾਂ, ਜਿਸ ਨੇ ਨਾਭਾ ਐਜੀਟੇਸ਼ਨ ਸ਼ੁਰੂ ਕੀਤੀ ਸੀ। ਮੈਂ ਐਜੀਟੇਸ਼ਨ ਦੇ ਹੱਕ ਵਿਚ ਬਹੁਤ ਸਾਂ। ਮੇਰੇ ਦਿਲ ਵਿਚ ਮਹਾਰਾਜਾ ਸਾਹਿਬ ਦੀ ਇੱਜ਼ਤ ਭੀ ਬਹੁਤ ਸੀ ਪਰ ਮੈਂ ਭੀ ਮੋਰਚੇ ਤੋਂ ਝਿਜਕਦਾ ਸਾਂ। ਸਾਡੀ ਵਰਕਿੰਗ ਕਮੇਟੀ ਦੇ ਮੈਂਬਰਾਂ ਵਿਚ ਤਾਂ ਇੱਕੋ ਸ: ਸਰਮੁਖ ਸਿੰਘ ਜੀ ਹੀ ਸਨ, ਜੋ ਸ਼ੁਰੂ ਤੋਂ ਹੀ ਮੋਰਚੇ ਦੇ ਹੱਕ ਵਿਚ ਸਨ। ਮੈਂ ਇਹ ਗੱਲ ਇਸ ਲਈ ਲਿਖ ਰਿਹਾ ਹਾਂ ਕਿ ਜਦ ਅਸੀਂ ਲਾਹੌਰ ਕਿਲ੍ਹੇ ਵਿਚ ਬੰਦ ਸਾਂ ਤੇ ਸਾਡੇ ਉੱਤੇ ਮੁਕੱਦਮਾ ਚੱਲ ਰਿਹਾ ਸੀ, ਤਾਂ ਉਨ੍ਹਾਂ ਦਿਨਾਂ ਵਿਚ ਸ: ਗੁਪਾਲ ਸਿੰਘ ਜੀ 'ਕੌਮੀ' ਨੇ ਮੈਨੂੰ ਆਖਿਆ ਕਿ "ਸਰਦਾਰ ਸਰਮੁਖ ਸਿੰਘ ਜੀ ਤੇ ਮੇਰੀ ਰਾਏ ਨਾਭਾ ਮੋਰਚਾ ਸਬੰਧੀ ਬਦਲ ਗਈ ਹੈ ਤੇ ਅਸੀਂ ਆਪਣੀ ਰਾਏ ਪ੍ਰਗਟ ਕਰਨਾ ਚਾਹੁੰਦੇ ਹਾਂ।" ਮੈਂ ਕਿਹਾ ਕਿ ਇਹ ਬੜੀ ਗ਼ੈਰ-ਜ਼ਿੰਮੇਂਵਾਰੀ ਹੋਵੇਗੀ। ਉਹ ਕਹਿਣ ਲੱਗੇ ਕਿ ਜਦ ਸਾਡੀ ਰਾਏ ਠੀਕ ਬਦਲ ਗਈ ਹੈ ਤਾਂ ਅਸੀਂ ਕਿਉਂ ਲੁਕਾਈ ਰੱਖੀਏ। ਮੈਂ ਕਿਹਾ ਕਿ ਇਤਨੇ ਆਦਮੀ ਮਰਵਾ ਕੇ ਤੇ ਇਤਨੇ ਕੈਦ ਕਰਵਾ ਕੇ ਤੇ ਇਤਨੇ ਨੁਕਸਾਨ ਕਰਵਾ ਕੇ ਹੁਣ ਤੁਹਾਨੂੰ ਆਪਣੀ ਗ਼ਲਤੀ ਦਾ ਪਤਾ ਲੱਗਾ ਹੈ ਤੇ ਫਿਰ ਭੀ ਤੁਸੀਂ ਆਪਣੀ ਗ਼ਲਤੀ ਪ੍ਰਗਟ ਕਰ ਕੇ ਭਾਰ ਦੂਜਿਆਂ 'ਤੇ ਸੁਟਦੇ ਹੋ। ਤੁਹਾਨੂੰ ਚਾਹੀਦਾ ਹੈ ਕਿ ਆਪਣੀ ਗ਼ਲਤੀ ਦੀ ਸਜ਼ਾ ਆਪ ਭੁਗਤੋ। ਜਦ ਕੋਈ ਜ਼ਰਨੈਲ ਅਜੇਹੀ ਗ਼ਲਤੀ ਕਰ ਬੈਠੇ, ਜਿਸ ਨਾਲ ਕਈ ਸਿਪਾਹੀਆਂ ਦਾ ਨੁਕਸਾਨ ਹੋ ਜਾਵੇ, ਤਾਂ ਉਹ ਖ਼ੁਦਕਸ਼ੀ ਕਰ ਲੈਂਦਾ ਹੈ। ਤੁਸੀਂ ਭੀ ਹੁਣ ਖ਼ੁਦਕਸ਼ੀ ਕਰਕੇ ਆਪਣੀ ਗ਼ਲਤੀ ਦਾ ਕਪਾਰਾ ਕਰ ਸਕਦੇ ਹੋ। ਮੇਰੇ ਇਸ ਕਥਨ ਨੇ ਇਨ੍ਹਾਂ ਦੋਹਾਂ ਸੱਜਣਾਂ ਨੂੰ ਚੁੱਪ ਕਰਾਇਆ।

ਮੈਨੂੰ ਅਕਾਲੀ ਲਹਿਰ ਵਿਚ ਇਹ ਤਜਰਬਾ ਹੋਇਆ ਹੈ ਕਿ ਸਭ ਤੋਂ ਵੱਧ ਖ਼ਤਰਨਾਕ ਗ਼ੈਰ-ਜ਼ਿੰਮੇਂਵਾਰ ਆਗੂ ਹੁੰਦਾ ਹੈ। ਜਿਸ ਵਿਚ ਜ਼ਿੰਮੇਂਵਾਰੀ ਸਿਰ ਲੈਣ ਦਾ ਸੁਭਾ ਨਹੀਂ ਜਾਂ ਲਿਆਕਤ ਨਹੀਂ ਹੈ; ਉਸ ਦੇ ਦੂਜੇ ਗੁਣ ਕਈ ਵੇਰਾਂ ਪੁੱਠੇ ਪੈ ਜਾਂਦੇ ਹਨ। ਗ਼ੈਰ-ਜ਼ਿੰਮੇਂਵਾਰ ਆਗੂ ਬਹੁਤ ਨੁਕਸਾਨ ਕਰਦਾ ਹੈ ਤੇ ਜਦ ਉਹ ਨੁਕਸਾਨ ਵਲ ਟੁਰ ਪਵੇ ਤਾਂ ਜਿਤਨੇ ਗੁਣ ਉਸ ਵਿਚ ਵੱਧ ਹੁੰਦੇ ਹਨ, ਉਤਨਾ ਹੀ ਵੱਧ ਉਹ ਨੁਕਸਾਨ ਕਰਦਾ ਹੈ। ਸ: ਸਰਮੁਖ ਸਿੰਘ ਜੀ ਬਹੁਤ ਗੁਣਵਾਨ ਤੇ ਚੰਗੇ ਚਾਲ-ਚਲਨ ਵਾਲੇ ਹਨ, ਪਰ ਉਨ੍ਹਾਂ ਵਿਚ ਗ਼ੈਰ-ਜ਼ਿੰਮੇਂਵਾਰੀ ਇਸ ਹੱਦ ਦੀ ਹੈ ਕਿ ਜਿਸ ਸੋਸਾਇਟੀ ਵਿਚ ਉਹ ਹੋਣ ਉਸ ਨੂੰ ਖ਼ਤਰਾ ਹੀ ਹੈ। ਸ: ਗੋਪਾਲ ਸਿੰਘ ਜੀ ਤਾਂ ਜਦ ਮੁੰਡੇ ਸਨ ਤਦ ਹੀ ਗ਼ੈਰ-ਜ਼ਿੰਮੇਂਵਾਰ ਸਨ, ਹੁਣ ਤਾਂ ਉਹ ਜਿੰਮੇਂਵਾਰੀ ਸਿੱਖ ਗਏ ਹਨ ਪਰ ਸਰਦਾਰ ਸਰਮੁੱਖ ਸਿੰਘ ਜੀ ਦਾ ਮੇਰੇ ਨਾਲ ਕੁਝ ਸਾਲਾਂ ਤੋਂ ਵਾਹ ਨਹੀਂ ਹੈ; ਇਸ ਕਰਕੇ ਮੈਨੂੰ ਠੀਕ ਪਤਾ ਨਹੀਂ ਹੈ, ਪਰ ਦਿਲ ਵਿਚ ਇਹੋ ਖ਼ਿਆਲ ਹੈ ਕਿ ਉਹ ਆਪਣੇ ਗ਼ੈਰ-ਜ਼ਿੰਮੇਂਵਾਰ ਸੁਭਾ ਨੂੰ ਬਦਲ ਨਹੀਂ ਸਕਦੇ। ਪਬਲਿਕ ਕੰਮਾਂ ਤੇ ਐਜੀਟੇਸ਼ਨਾਂ ਵਿਚ ਗ਼ਲਤੀਆਂ ਭੀ ਹੋਇਆ ਕਰਦੀਆਂ ਹਨ, ਪਰ ਜ਼ਿੰਮੇਂਵਾਰ ਲੋਕੀਂ ਇਕ ਦੂਜੇ ਦੀ ਮਦਦ ਲੈ ਕੇ ਤੇ ਇਕ ਦੂਜੇ ਨੂੰ ਮਦਦ ਦੇ ਕੇ ਗ਼ਲਤੀ ਵਿੱਚੋਂ ਨਿਕਲ ਜਾਂਦੇ ਹਨ। ਗ਼ੈਰ-ਜ਼ਿੰਮੇਂਵਾਰ ਇਕ ਦੂਜੇ ਦੇ ਸਿਰ ਭਾਂਡਾ ਭੰਨ ਕੇ ਫੁੱਟ

Academy of the Punjab in North America: http://www.apnaorg.com

ਪਾ ਲੈਂਦੇ ਹਨ।

ਨਾਭਾ ਮੋਰਚਾ ਲੱਗਾ। ਇਹ ਇਸ ਤਰ੍ਹਾਂ ਲੱਗ ਗਿਆ ਕਿ ਸ਼੍ਰੋਮਣੀ ਕਮੇਟੀ ਨੇ ਨਾਭਾ ਦਿਨ ਮਨਾਣ ਲਈ ਐਲਾਨ ਕੀਤਾ। ਰਿਆਸਤ ਨਾਭਾ ਵਿਚ ਭੀ ਪਾਠ ਹੋਏ। ਜੈਤੋ ਮੰਡੀ ਵਿਚ ਰਿਆਸਤੀ ਕਰਮਚਾਰੀਆਂ ਨੇ ਪਾਠ ਵਿਚ ਕੁਝ ਰੋਕ ਪਾਈ, ਜਿਸ ਕਰਕੇ ਉੱਥੇ ਸਿੰਘਾਂ ਨੇ ਹੋਰ ਪਾਠ ਰੱਖਣੇ ਸ਼ੁਰੂ ਕਰ ਦਿੱਤੇ। ਇਸ ਤਰ੍ਹਾਂ ਪਾਠ ਜਾਰੀ ਸਨ ਕਿ ਰਿਆਸਤੀ ਕਰਮਚਾਰੀਆਂ ਨੇ ਪਾਠੀ ਨੂੰ ਧੂਹ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆਂ ਤੋਂ ਉਠਾ ਦਿੱਤਾ ਤੇ ਪਾਠ ਖੰਡਨ ਹੋ ਗਿਆ। (ਮਗਰੋਂ ਇਹ ਭੀ ਖ਼ਬਰ ਨਿਕਲੀ ਸੀ ਕਿ ਪਾਠ ਖੰਡਨ ਨਹੀਂ ਸੀ ਹੋਇਆ ਪਾਠੀ ਨੂੰ ਤਾਬਿਆ ਤੋਂ ਉਠਾ ਕੇ ਨਾਲ ਨਵਾਂ ਪਾਠੀ ਬਿਠਾ ਦਿੱਤਾ ਗਿਆ ਸੀ, ਜਿਸ ਨੇ ਠੀਕ ਤੁਕ ਲੈ ਲਈ ਸੀ)। ਇਸ ਤੋਂ ਜੋਸ਼ ਵਧਿਆ। ਪੰਜਾਬ ਵਿਚ ਸਰਕਾਰ ਨੇ ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਕਾਨੂੰਨ ਵਿਰੁੱਧ ਜਮਾਤਾਂ ਕਰਾਰ ਦੇ ਕੇ ਸਭ ਆਗੂਆਂ ਨੂੰ ਫੜ ਲਿਆ। ੫੦੦ ਸਿੰਘਾਂ ਦਾ ਇਕ ਸ਼ਹੀਦੀ ਜੱਥਾ ਸ਼ਹੀਦੀ ਬਾਣੇ ਵਿਚ ਜੈਤੋ ਵੱਲ ਟੁਰ ਪਿਆ। ਰਾਹ ਵਿਚ ਉਸ ਜਥੇ ਦੀ ਬਹੁਤ ਆਓ ਭਾਗਤ ਹੋਈ ਤੇ ਜ਼ਿਲ੍ਹਾ ਫ਼ਿਰੋਜ਼ਪੁਰ ਦੀਆਂ ਬਹੁਤ ਸੰਗਤਾਂ ਜਥੇ ਨਾਲ ਹੋ ਤੁਰੀਆਂ। ਜਥੇ ਨੂੰ ਹੁਕਮ ਸੀ ਕਿ ਅਖ਼ੀਰਲੇ ਪੜਾਅ ਉੱਤੇ ਕਿਸੇ ਹੋਰ ਆਦਮੀ ਨੂੰ ਨਾਲ ਨਾ ਜਾਣ ਦੇਣ ਤੇ ਕੇਵਲ ਜਥਾ ਹੀ ਜਾਵੇ ਪਰ ਹਜ਼ਾਰਾਂ ਲੋਕੀਂ ਜਮਾਂ ਹੋ ਗਏ ਤੇ ਜਥਾ ਤਕੜੀ ਭੀੜ-ਭਾੜ ਨਾਲ ਜੈਤੋ ਪੁੱਜਾ। ਜਥੇ ਦੇ ਨਾਲ ਕੁਝ ਪਟਾਕੇ ਚਲਾਣ ਵਾਲੇ ਭੀ ਸਨ, ਜੋ ਲੋਹੇ ਦੀ ਨਾਲੀ ਵਿਚ ਚਲਦੇ ਸਨ। ਲੋਹੇ ਦੀ, ਫੁੱਟ, ਡੇਢ ਫੁੱਟ ਦੀ ਨਾਲੀ ਜਿਹੀ ਹੁੰਦੀ ਹੈ, ਜਿਸ ਵਿਚ ਪਟਾਕਾ ਪਾ ਕੇ ਵਿਚ ਇਕ ਸੀਖ ਜਿਹੀ ਮਾਰਦੇ ਹਨ ਤੇ ਪਟਾਕੇ ਦੀ ਅਵਾਜ਼ ਦੂਰ ਤੱਕ ਜਾਂਦੀ ਹੈ। ਇਹੋ ਜਿਹੇ ਪਟਾਕੇ ਜਥੇ ਨਾਲ ਸਾਰੇ ਰਾਹ ਚਲਦੇ ਰਹੇ ਸਨ ਤੇ ਜੈਤੋ ਭੀ ਚੱਲੇ। ਉਸ ਵੇਲੇ ਉੱਥੇ ਨਾਭੇ ਦਾ ਐਡਮਿਨਿਸਟ੍ਰੇਟਰ ਮਿਸਟਰ ਵਿਲਸਨ ਜਾਨਸਨ ਸੀ। ਉਹ ਭੀੜ-ਭਾੜ ਵੇਖ ਕੇ ਤੇ ਪਟਾਕਿਆਂ ਦੀ ਅਵਾਜ਼ ਸੁਣ ਕੇ ਘਬਰਾ ਗਿਆ ਤੇ ਉਸ ਨੇ ਆਪਣੀ ਪੁਲਿਸ ਨੂੰ ਗੋਲੀ ਚਲਾਣ ਦਾ ਹੁਕਮ ਦੇ ਦਿੱਤਾ। ਜਥੇ ਉੱਤੇ ਤੇ ਨਾਲ ਜਾ ਰਹੇ ਲੋਕਾਂ ਉੱਤੇ ਬੇਤਹਾਸ਼ਾ ਗੋਲੀ ਚਲਾਈ ਗਈ। ਕੋਈ ਚਾਲੀ-ਪੰਜਾਹ ਸਿੰਘ ਸ਼ਹੀਦ ਹੋਏ ਹੋਣਗੇ ਤੇ ਬਹੁਤ ਸਾਰੇ ਜ਼ਖਮੀ। ਗੋਲੀ ਚੱਲਣ ਉੱਤੇ ਜਥੇ ਦੇ ਨਾਲ ਦੇ ਲੋਕ ਤਾਂ ਭੱਜੇ, ਪਰ ਜਥਾ ਬਾਕਾਇਦਾ ਅੱਗੇ ਵਧਦਾ ਗਿਆ ਤੇ ਗੁਰਦੁਆਰਾ ਟਿੱਬੀ ਸਾਹਿਬ ਜਾ ਪਹੁੰਚਿਆ।

ਮਗਰੋਂ ਕਈ ਜਥੇ ਜੈਤੋ ਗਏ ਤੇ ਗ੍ਰਿਫ਼ਤਾਰ ਹੋਏ। ਸਾਰੇ ਪੰਜਾਬ ਵਿਚ ਇਹ ਜਥੇ ਪੈਦਲ ਫਿਰੇ ਸਨ ਤੇ ਸਿੱਖਾਂ ਵਿਚ ਬਹੁਤ ਜੋਸ਼ ਉੱਠਿਆ ਸੀ। ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਦਾ ਕੰਮ ਬਾਕਾਇਦਾ ਚਲਦਾ ਰਿਹਾ। ਸਰਕਾਰ ਭੀ ਤੰਗ ਆ ਗਈ ਤੇ ਸਿੱਖ ਭੀ ਥੱਕ ਗਏ ਸਿੱਖਾਂ ਨਾਲ ਇਸ ਲੰਮੇ ਮੋਰਚੇ ਵਿਚ ਜੋ ੧੯੨੩ ਤੋਂ ਲੈ ਕੇ ੧੯੨੬ ਤੱਕ ਚਲਦਾ ਰਿਹਾ, ਬਹੁਤ ਵਧੀਕੀਆਂ ਹੋਈਆਂ ਸਨ ਪਰ ਸਭ ਤੋਂ ਵੱਧ ਅਫ਼ਸੋਸਨਾਕ ਗੱਲ ਜਿਸ ਦੀ ਰੜਕ ਅਜੇ ਭੀ ਮੇਰੇ ਦਿਲ ਵਿਚ ਹੈ, ਇਹ

Academy of the Punjab in North America: http://www.apnaorg.com

ਸੀ ਕਿ ਪਹਿਲੇ ਸ਼ਹੀਦੀ ਜਥੇ ਉੱਤੇ ਗੋਲੀਆਂ ਚਲਾਣ ਮਗਰੋਂ ਬਚੇ ਹੋਇਆਂ ਉੱਤੇ ਹਮਲਾ ਕਰਨ ਦਾ ਨਿਰੋਲ ਝੂਠਾ ਮੁਕੱਦਮਾ ਚਲਾਇਆ ਗਿਆ ਤੇ ਉਨ੍ਹਾਂ ਵਿੱਚੋਂ ਕਿਤਨਿਆਂ ਨੂੰ ਤਾਂ ਸੱਤ-ਸੱਤ ਸਾਲ ਦੀ ਕੈਦ ਦੀ ਸਜ਼ਾ ਦਿੱਤੀ ਗਈ, ਜੋ ਉਹ ਭੁਗਤ ਕੇ ਬਾਹਰ ਨਿਕਲੇ। ਗੁਰੂ ਕੇ ਬਾਗ਼ ਦੀਆਂ ਡਾਂਗਾਂ, ਜੈਤੋ ਦੀਆਂ ਗੋਲੀਆਂ, ਰਾਵਲਪਿੰਡੀ ਦੀ ਮਾਰ-ਕੁਟਾਈ ਤੇ ਜੇਲ੍ਹਾਂ ਦੀ ਹੱਦ ਦਰਜੇ ਦੀ ਸਖ਼ਤੀ ਦਾ ਮੈਨੂੰ ਹੁਣ ਦੁੱਖ ਨਹੀਂ ਹੈ। ਇਹ ਸਭ ਸਖ਼ਤੀਆਂ, ਜਿਸ ਹੱਦ ਤੱਕ ਸਿੱਖਾਂ ਨਾਲ ਹੋਈਆਂ ਸਨ, ਅੱਜ ਤਕ ਕਿਸੇ ਹੋਰ ਨਾਲ ਨਹੀਂ ਹੋਈਆਂ। ਜੇਲ੍ਹਾਂ ਦੀ ਅੱਜ-ਕਲ੍ਹ ਦੀ ਸਖ਼ਤੀ ਤਾਂ ਉਸ ਮੁਕਾਬਲੇ ਵਿਚ ਕੋਈ ਚੀਜ਼ ਭੀ ਨਹੀਂ ਹੈ ਪਰ ਇਨ੍ਹਾਂ ਦਾ ਦੁੱਖ ਇਸ ਲਈ ਭੁੱਲ ਗਿਆ ਹੈ ਕਿ ਇਸ ਵਿਚ ਛੱਲ ਇਤਨਾ ਨਹੀਂ ਹੋਇਆ। ਜੈਤੋ ਦੇ ਸਾਕੇ ਸਬੰਧੀ ਨਿਰੋਲ ਝੂਠਾ ਮੁਕੱਦਮਾ ਸ਼ਹੀਦੀ ਜਥੇ ਦੇ ਸਿੰਘਾਂ ਵਿਰੁੱਧ ਚਲਾਇਆ ਗਿਆ ਤੇ ਇਸ ਝੂਠੇ ਮੁਕੱਦਮੇ ਦੀ ਬਿਨਾ ਉੱਤੇ ਦਿੱਤੀ ਗਈ ਸਜ਼ਾ ਸਿੰਘਾਂ ਨੂੰ ਭੁਗਤਣੀ ਪਈ। ੧੯੨੪ ਦੇ ਅਖ਼ੀਰ ਜਨਰਲ ਸਰ ਬ੍ਰਡਵੁਡ ਸਿੱਖਾਂ ਨਾਲ ਸਮਝੌਤੇ ਲਈ ਮੁਕੱਰਰ ਹੋਏ। ਜਨਰਲ ਬ੍ਰਡਵੁਡ ਸਿੱਖ ਫ਼ੌਜ ਵਿਚ ਰਹਿ ਚੁੱਕੇ ਸਨ ਤੇ ਸਿੱਖਾਂ ਨੂੰ ਚੰਗੀ ਤਰ੍ਹਾਂ ਜਾਣਦੇ ਸਨ ਪਰ ਬਦਕਿਸਮਤੀ ਨਾਲ ਇਹ ਸਮਝੌਤਾ ਤੋੜ ਨਾ ਚੜ੍ਹ ਸਕਿਆ। ਇਹ ਸਮਝੌਤਾ ਕੇਵਲ ਗ਼ਲਤ-ਫਹਿਮੀ ਤੋਂ ਟੁੱਟਾ ਸੀ। ਜਿਸ ਸ਼ਰਤ ਤੋਂ ਸਮਝੌਤਾ ਟੁੱਟਾ ਸੀ, ਉਹ ਪਹਿਲੇ ਸ਼ਹੀਦੀ ਜਥੇ ਦੇ ਸਿੰਘਾਂ ਦੀ ਰਿਹਾਈ ਸਬੰਧੀ ਸੀ। ਸਰਕਾਰੀ ਤਜਵੀਜ਼ ਇਹ ਸੀ ਕਿ ਸ਼ਾਂਤਮਈ ਰਹਿਣ ਵਾਲੇ ਸਭ ਸਿੰਘਾਂ ਨੂੰ ਰਿਹਾ ਕੀਤਾ ਜਾਵੇਗਾ। ਅਸਾਂ ਸਮਝਿਆ ਕਿ ਸਰਕਾਰ ਸਾਨੂੰ ਬੇਇੱਜ਼ਤ ਕਰਨਾ ਚਾਹੁੰਦੀ ਹੈ ਤੇ ਪਹਿਲੇ ਸ਼ਹੀਦੀ ਜਥੇ ਦੇ ਸਿੰਘਾਂ ਨੂੰ ਅੰਦਰ ਰੱਖਣਾ ਚਾਹੁੰਦੀ ਹੈ। ਅਸਾਂ ਕਿਹਾ ਕਿ ਪਹਿਲੇ ਸ਼ਹੀਦੀ ਜਥੇ ਨੂੰ ਜ਼ਰੂਰ ਛੱਡਿਆ ਜਾਵੇ। ਸਰਕਾਰ ਨੇ ਇਸ ਵਿਚ ਆਪਣੀ ਬੇਇੱਜ਼ਤੀ ਸਮਝੀ ਤੇ ਸਮਝੌਤਾ ਟੁੱਟ ਗਿਆ। ਜੇਕਰ ਦੋਵੇਂ ਧਿਰਾਂ ਇਸ ਗੱਲ ਵਿਚ ਭੀ ਬ੍ਰਡਵੁਡ ਕਮੇਟੀ ਨੂੰ ਹੀ ਸਾਲਸ ਮੰਨ ਲੈਂਦੀਆਂ ਤਾਂ ਝਗੜਾ ਮੁੱਕ ਜਾਂਦਾ। ਜੇ ਇਹ ਗੱਲ ਕਿਸੇ ਧਿਰ ਨੂੰ ਭੀ ਸੁਝਦੀ ਤਾਂ ਉਸ ਵੇਲੇ ਸਮਝੌਤਾ ਹੋ ਗਿਆ ਸੀ ਪਰ ਬਦਕਿਸਮਤੀ ਸੀ। ਸਮਝੌਤਾ ਟੁੱਟ ਗਿਆ ਤੇ ਕੇਵਲ ਸਮਝ ਦੇ ਥੋੜ੍ਹੇ ਘਾਟੇ ਕਰਕੇ ਟੁੱਟਾ।

ਮਗਰੋਂ ਅਕਾਲੀ ਲਹਿਰ ਵਿਚ ਥਕਾਨ ਨਜ਼ਰ ਆਵਣ ਲੱਗ ਪਈ। ਇਸ ਦਾ ਕਾਰਨ ਇਹ ਭੀ ਸੀ ਕਿ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਵਿਚ ਗ਼ੈਰ-ਜ਼ਿੰਮੇਂਵਾਰ ਤੇ ਮਾੜੇ ਮੈਂਬਰ ਹੋ ਗਏ ਸਨ।

੧੯੨੫ ਵਿਚ ਸਰ ਮੈਲਕਮ ਹੇਲੀ ਗਵਰਨਰ ਬਣ ਕੇ ਪੰਜਾਬ ਵਿਚ ਆਏ। ਉਨ੍ਹਾਂ ਨੇ ਗੱਲ ਨੂੰ ਠੀਕ ਸਮਝਿਆ। ਪਹਿਲਾਂ ਸਖ਼ਤੀ ਕੀਤੀ ਤੇ ਫਿਰ ਅਕਾਲੀ ਆਗੂਆਂ ਦੀ ਸਲਾਹ ਨਾਲ ਗੁਰਦੁਆਰਾ ਐਕਟ ਪਾਸ ਕਰ ਦਿੱਤਾ। ਆਸ ਇਹ ਸੀ ਕਿ ਬੱਸ ਝਗੜਾ ਮੁੱਕ ਜਾਵੇਗਾ, ਪਰ ਗੁਰਦੁਆਰਾ ਐਕਟ ਪਾਸ ਹੋਣ ਉੱਤੇ ਜੈਤੋ ਅਖੰਡ ਪਾਠ ਤਾਂ ਖੁਲ੍ਹ ਗਿਆ ਤੇ ਨਾਭੇ ਤੋਂ ਪਹਿਲੇ ਸ਼ਹੀਦੀ ਜਥੇ ਬਿਨਾਂ ਸਭ ਕੈਦੀ ਰਿਹਾ ਹੋ ਗਏ ਪਰ ਪੰਜਾਬ ਵਿਚ ਸਰਕਾਰ ਨੇ ਇਹ ਸ਼ਰਤ ਲਾ ਦਿੱਤੀ ਕਿ ਜੋ

Academy of the Punjab in North America: http://www.apnaorg.com

ਗੁਰਦੁਆਰਾ ਐਕਟ ਉੱਤੇ ਅਮਲ ਕਰਨ ਦਾ ਬਚਨ ਦੇਵੇਗਾ ਉਹ ਰਿਹਾ ਹੋਵੇ। ਕਈਆਂ ਨੇ ਕੋਈ ਕਿਸੇ ਕਿਸਮ ਦਾ ਬਚਨ ਦੇ ਕੇ ਰਿਹਾਈ ਪ੍ਰਾਪਤ ਕਰਨ ਵਿਚ ਹੱਤਕ ਸਮਝੀ ਤੇ ਉਨ੍ਹਾਂ ਇਹ ਬਚਨ ਨਾ ਦਿੱਤਾ। ਕਈਆਂ ਨੇ ਇਹ ਬਚਨ ਦੇ ਦਿੱਤਾ ਤੇ ਉਹ ਰਿਹਾ ਹੋ ਗਏ। ਬੱਸ ਇਸ ਉੱਤੇ ਦੋ ਪਾਰਟੀਆਂ ਬਣ ਗਈਆਂ ਤੇ ਆਪੋ ਵਿਚ ਝਗੜਾ ਸ਼ੁਰੂ ਹੋ ਗਿਆ ਜੋ ਕਈ ਸਾਲਾਂ ਮਗਰੋਂ ਮੁੱਕਾ।

ਅਕਾਲੀ ਲਹਿਰ ਨੂੰ ਇਸ ਤਰ੍ਹਾਂ ਕਮਜ਼ੋਰ ਕਰਨ ਵਿਚ ਤਾਂ ਸਰ ਮੈਲਕਮ ਹੇਲੀ ਦੀ ਪਾਲਿਸੀ ਕਾਮਯਾਬ ਹੋਈ, ਉਹ ਸਿੱਖਾਂ ਦੇ ਦਿਲਾਂ ਵਿੱਚੋਂ ਰੜਕ ਨਾ ਕੱਢ ਸਕੇ।

ਕੁੰਜੀਆਂ ਦੇ ਮੋਰਚੇ ਮਗਰੋਂ ਤੇ ਗੁਰੂ ਕੇ ਬਾਗ਼ ਦੇ ਮੋਰਚੇ ਮਗਰੋਂ ਸਰਕਾਰ ਨੇ ਅਕਾਲੀਆਂ ਨੂੰ ਸਮੇਂ ਦੇ ਹਾਲਾਤ ਤੋਂ ਮਜ਼ਬੂਰ ਹੋ ਕੇ ਰਿਹਾ ਕੀਤਾ ਸੀ ਤੇ ਲਫ਼ਜ਼ਾਂ ਵਿਚ ਅਹਿਸਾਨ ਵਾਧੂ ਜਤਲਾਉਣ ਦਾ ਜਤਨ ਕੀਤਾ ਸੀ। ਠੀਕ ਅਹਿਸਾਨ ਦਾ ਸਮਾਂ ਹੁਣ ਆਇਆ ਸੀ; ਜਦ ਅਕਾਲੀ ਮੋਰਚਾ ਖ਼ਤਮ ਹੋ ਗਿਆ ਸੀ ਤੇ ਅਕਾਲੀ ਕੈਦੀ ਅੰਦਰ ਸਨ। ਜੇ ਸਰ ਮੈਲਕਮ ਹੇਲੀ ਇਸ ਗੱਲ ਨੂੰ ਭੀ ਸਮਝ ਲੈਂਦੇ ਤਾਂ ਉਹ ਪੂਰੇ ਕਾਮਯਾਬ ਰਹਿੰਦੇ। ਹੁਣ ਉਨ੍ਹਾਂ ਦੀ ਕਾਮਯਾਬੀ ਪੂਰੀ ਨਹੀਂ ਹੈ ਕਿਉਂਕਿ ਉਹ ਸਿੱਖਾਂ ਦੇ ਦਿਲਾਂ ਵਿੱਚੋਂ ਗੁੱਸਾ ਨਹੀਂ ਕੱਢ ਸਕੇ। ਇਸ ਤੋਂ ਪਹਿਲਾਂ ਦੋ ਵੇਰਾਂ ਸਰਕਾਰ ਨੇ ਅਕਾਲੀ ਕੈਦੀ ਛੱਡੇ ਸਨ ਤੇ ਦੋਵੇਂ ਵੇਰਾਂ ਇਹ ਖ਼ਿਆਲ ਖਿਲਰਿਆ ਸੀ ਕਿ ਸਰਕਾਰ ਨੇ ਕਮਜ਼ੋਰੀ ਕੀਤੀ ਹੈ ਤੇ ਹੈਸੀ ਭੀ ਇਹ ਗੱਲ ਠੀਕ। ਹੁਣ ਪਹਿਲੀ ਵਾਰੀ ਅਜੇਹੀ ਆਈ ਸੀ ਕਿ ਜੇ ਸਰਕਾਰ ਕੈਦੀ ਛਡਦੀ ਤਾਂ ਕੋਈ ਇਹੋ ਜਿਹਾ ਖ਼ਿਆਲ ਨਹੀਂ ਖਿੱਲਰ ਸਕਦਾ ਸੀ।

ਸਰਕਾਰ ਨੇ ਗੁਰਦੁਆਰਾ ਐਕਟ ਬਨਾਣ ਵਿਚ ਟਾਲਮਟੋਲੇ ਕਰਨ ਦੀ ਗ਼ਲਤੀ ਨਨਕਾਣਾ ਸਾਹਿਬ ਦੇ ਸਾਕੇ ਮਗਰੋਂ ਤੇ ਫਿਰ ਕੁੰਜੀਆਂ ਦੇ ਮੋਰਚੇ ਮਗਰੋਂ ਫਿਰ ਗੁਰੂ ਕੇ ਬਾਗ਼ ਦੇ ਮੋਰਚੇ ਮਗਰੋਂ ਤਿੰਨ ਵੇਰਾਂ ਕੀਤੀ, ਨਹੀਂ ਤਾਂ ਇਹ ਝਗੜਾ ਮੁੱਕ ਜਾਣਾ ਸੀ। ਹੁਣ ਸਰਕਾਰ ਨੇ ਗੁਰਦੁਆਰਾ ਐਕਟ ਪਾਸ ਹੋਣ ਮਗਰੋਂ ਜੋ ਸ਼ਰਤਾਂ ਅਕਾਲੀਆਂ ਉੱਤੇ ਰਿਹਾਈ ਸਬੰਧੀ ਲਾਈਆਂ, ਉਨ੍ਹਾਂ ਨੇ ਮੁੜ ਸਰਕਾਰ ਤੇ ਸਿੱਖਾਂ ਵਿਚ ਬੁਗਜ਼ ਬਣਾਈ ਰੱਖਿਆ। ਸਭ ਤੋਂ ਵੱਡੀ ਗੁੱਸੇ ਵਾਲੀ ਗੱਲ, 'ਜੋ ਮੇਰੇ ਮਨ ਵਿਚ ਹੈ ਤੇ ਜਿਸ ਦੀ ਰੜਕ ਉੱਚਰ ਤੱਕ ਨਹੀਂ ਨਿਕਲ ਸਕਦੀ, ਜਿੱਚਰ ਤੱਕ ਮੇਰਾ ਮਨ ਹੀ ਹਰ ਕਿਸਮ ਦੀਆਂ ਰੜਕਾਂ ਤੋਂ ਪਰੇ ਨਹੀਂ ਹੋ ਜਾਂਦਾ,' ਇਹ ਹੈ ਕਿ ਸਰਕਾਰ ਨੇ ਪਹਿਲੇ ਸ਼ਹੀਦੀ ਜਥੇ ਦੇ ਸਿੰਘਾਂ ਨੂੰ ਪੂਰੀ ਸਜ਼ਾ ਭੁਗਤਾ ਕੇ ਰਿਹਾ ਕੀਤਾ। ਇਨ੍ਹਾਂ ਉੱਤੇ ਗੋਲੀ ਚੱਲੀ, ਇਨ੍ਹਾਂ ਉੱਤੇ ਝੂਠਾ ਮੁਕੱਦਮਾ ਜ਼ਿੰਮੇਂਵਾਰ ਅਫ਼ਸਰਾਂ ਨੇ ਬਣਾਇਆ ਤੇ ਇਨ੍ਹਾਂ ਨੂੰ ਰਿਹਾ ਨਾ ਕੀਤਾ ਗਿਆ; ਜਿਸ ਵਿਚ ਮੈਂ ਆਪਣੀ ਬੇਇੱਜ਼ਤੀ, ਪੰਥ ਦੀ ਹੱਤਕ ਤੇ ਅੰਗ੍ਰੇਜ਼ੀ ਹਕੂਮਤ ਦੀ ਕਮੀਨਗੀ ਵੇਖ ਰਿਹਾ ਹਾਂ।

ਸ਼੍ਰੋਮਣੀ ਕਮੇਟੀ ਦੇ ਜ਼ਿੰਮੇਂਵਾਰ ਤੇ ਹੋਰ ਆਗੂ ਜਿਨ੍ਹਾਂ ਉੱਤੇ ਸਾਜ਼ਸ਼ ਦਾ ਮੁਕੱਦਮਾ ਬਣਾਇਆ ਗਿਆ ਸੀ, ਲਾਹੌਰ ਕਿਲ੍ਹੇ ਵਿਚ ਸਨ। ਉੱਥੇ ਮੁਕੱਦਮਾ ਚਲਦਾ ਸੀ। ਸਾਡੇ ਵਿੱਚੋਂ ੨੨ ਕੁ ਸ਼ਰਤਾਂ ਮੰਨ ਕੇ ਰਿਹਾ ਹੋ ਆਏ ਸਨ ਤੇ ਅਸੀਂ ਸੋਲਾਂ ਬਾਕੀ

Academy of the Punjab in North America: http://www.apnaorg.com

ਸਾਂ। ਸਾਡਾ ਮੁਕੱਦਮਾ ੬ ਮਹੀਨੇ ਹੋਰ ਚਲਦਾ ਰਿਹਾ ਤੇ ਅਖ਼ੀਰ ਮੁਕੱਦਮਾ ਵਾਪਸ ਲੈ ਲਿਆ ਗਿਆ ਤੇ ਅਸੀਂ ਰਿਹਾ ਹੋ ਗਏ। ਇਸ ਦਾ ਕਾਰਨ ਮੁਕੱਦਮੇ ਦੀ ਕਮਜ਼ੋਰੀ ਤੇ ਸਰਕਾਰੀ ਵਕੀਲ ਮਿਸਟਰ ਪਿਟਮੈਨ ਦੀ ਹਮਦਰਦੀ ਹੀ ਹੋ ਸਕਦੇ ਹਨ। ਖ਼ਾਸ ਸ਼ੋਕ ਦੀ ਗੱਲ ਇਹ ਹੈ ਕਿ ਸਾਡੇ ਆਗੂ ਸ: ਤੇਜਾ ਸਿੰਘ ਜੀ ਸਮੁੰਦਰੀ ਜੇਲ੍ਹ ਅੰਦਰ ਦਿਲ ਦੀ ਬੀਮਾਰੀ ਨਾਲ ਅਚਣਚੇਤ ਹੀ ਚੜ੍ਹਾਈ ਕਰ ਗਏ।

ਬਾਕੀ ਅਕਾਲੀ ਕੈਦੀ ਜੋ ਸ਼ਰਤਾਂ ਨਹੀਂ ਮੰਨੇ ਸਨ, ਆਪਣੀ ਆਪਣੀ ਕੈਦ ਦੀ ਮਿਆਦ ਭੁਗਤ ਕੇ ਰਿਹਾ ਹੁੰਦੇ ਰਹੇ। ਇਨ੍ਹਾਂ ਸ਼ਰਤਾਂ ਦੇ ਸਵਾਲ ਨੇ ਜੋ ਫੁੱਟ ਪਾਈ ਉਸ ਦਾ ਪੰਥ ਉੱਤੇ ਮਾੜਾ ਅਸਰ ਪਿਆ ਹੈ। ਕਈ ਪੰਥ ਸੇਵਕ ਤਾਂ ਕੰਮ ਛੱਡ ਕੇ ਲਾਂਭੇ ਹੋ ਗਏ ਤੇ ਆਪਣੇ ਆਪਣੇ ਘਰੋਗੀ ਕੰਮਾਂ ਵਿਚ ਲੱਗ ਪਏ। ਬਾਕੀ ਦੇ ਆਪੋ ਵਿਚ ਕਈ ਸਾਲ ਲੜਦੇ-ਝਗੜਦੇ ਰਹੇ। ਭਾਵੇਂ ਸ਼ਰਤਾਂ ਦਾ ਸਵਾਲ ਤਾਂ ਮੁੱਕ ਗਿਆ ਸੀ, ਪਰ ਇਕ ਵੇਰਾਂ ਜਦ ਧੜੇ ਬਣ ਜਾਣ ਤਾਂ ਉਨ੍ਹਾਂ ਦਾ ਮੁੱਕਣਾ ਔਖਾ ਹੋ ਜਾਂਦਾ ਹੈ। ਦੋਹਾਂ ਧੜਿਆਂ ਦੇ ਆਗੂਆਂ ਨੇ ਕਈ ਵੇਰਾਂ ਜਤਨ ਕੀਤੇ ਕਿ ਝਗੜਾ ਮੁੱਕੇ ਪਰ ਝਗੜਾ ਵਧਦਾ ਹੀ ਗਿਆ। ਆਖ਼ਰ ਇਸ ਝਗੜੇ ਵਿਚ ਪੋਲਿਟੀਕਲ ਅਸੂਲਾਂ ਦਾ ਫ਼ਰਕ ਭੀ ਪੈ ਗਿਆ ਤੇ ਦੋਵੇਂ ਧੜੇ ਪੋਲਿਟੀਕਲ ਅਸੂਲਾਂ 'ਤੇ ਜ਼ਾਤੀ ਮੱਤਭੇਦਾਂ ਦੀ ਬਿਨਾ ਉੱਤੇ ਝਗੜਦੇ ਰਹੇ। ਪੋਲਿਟੀਕਲ ਮੱਤਭੇਦਾਂ ਵਿਚ ਤਾਂ ਸਦਾ ਵਧਾ-ਘਟਾ ਹੁੰਦਾ ਰਹਿੰਦਾ ਹੈ। ਇਹੋ ਝਗੜੇ ਪਵਾਂਦੇ ਹਨ ਤੇ ਇਹੋ ਮਿਟਾਂਦੇ ਹਨ। ਨਵੀਂ ਕਿਸਮ ਦਾ ਝਗੜਾ ਨਿਕਲ ਆਵੇ ਤਾਂ ਪੁਰਾਣੀ ਕਿਸਮ ਦਾ ਦਬ ਜਾਂਦਾ ਹੈ।

ਇਥੇ ਇਹ ਕਹਿਣਾ ਭੀ ਜ਼ਰੂਰੀ ਹੈ ਕਿ ਜਿਸ ਵੇਲੇ ਗੁਰਦੁਆਰਾ ਐਕਟ ਬਣ ਗਿਆ ਸੀ ਤੇ ਅਕਾਲੀ ਆਪਣਾ ਜ਼ੋਰ ਲਾ ਕੇ ਥੱਕ ਗਏ ਸਨ, ਉਸ ਵੇਲੇ ਸਰਕਾਰ ਨੇ ਬੜੀ ਭੁੱਲ ਕੀਤੀ ਕਿ ਸਿੱਖਾਂ ਨੂੰ ਮੁੜ ਰਾਜ਼ੀ ਨਾ ਕਰ ਲਿਆ। ਮੇਰੀ ਸਮਝ ਵਿਚ ਸਰ ਮੈਲਕਮ ਹੇਲੀ (ਉਸ ਸਮੇਂ ਦੇ ਗਵਰਨਰ) ਦੀ ਪਾਲਿਸੀ ਕਾਮਯਾਬ ਭੀ ਹੋਈ ਤੇ ਨਾ-ਕਾਮਯਾਬ ਵੀ। ਉਸ ਸਮੇਂ ਸਰਕਾਰ ਲਈ ਇਹ ਜ਼ਰੂਰੀ ਹੋ ਗਿਆ ਸੀ ਕਿ ਅਕਾਲੀਆਂ ਨੂੰ ਨਿਸਚਾ ਕਰਾ ਦੇਵੇ ਕਿ ਸਰਕਾਰ ਤਾਕਤਵਰ ਹੈ ਤੇ ਕਾਫ਼ੀ ਡੱਟ ਸਕਦੀ ਹੈ ਪਰ ਜਦ ਸਰਕਾਰ ਇਹ ਸਾਬਤ ਕਰਨ ਵਿਚ ਕਾਮਯਾਬ ਹੋ ਗਈ ਸੀ ਤੇ ਸਿੱਖਾਂ ਵਿਚ ਧੜੇ ਭੀ ਬਣ ਗਏ ਸਨ ਤਾਂ ਸਰਕਾਰ ਲਈ ਇਹ ਭੀ ਜ਼ਰੂਰੀ ਸੀ ਕਿ ਉਹ ਸਾਬਤ ਕਰਦੀ ਕਿ ਇਹ ਕਿਸੇ ਨਾਲ ਜ਼ਿਦ ਜਾਂ ਦੁਸ਼ਮਣੀ ਨਹੀਂ ਰੱਖ ਦੀ ਤੇ ਸਮਾਂ ਆਉਣ ਉੱਤੇ ਮੇਹਰਬਾਨੀ ਭੀ ਕਰ ਸਕਦੀ ਹੈ। ਇਸ ਤੋਂ ਪਹਿਲਾਂ ਸਰਕਾਰ ਨੇ ਕੁੰਜੀਆਂ ਦੇ ਮੋਰਚੇ ਸਮੇਂ ਸਿੱਖ ਕੈਦੀ ਛੱਡੇ ਸਨ ਅਤੇ ਆਪਣੇ ਐਲਾਨ ਵਿਚ ਮਿਹਰਬਾਨੀ ਤੇ ਦੋਸਤੀ ਦੀ ਵਾਧੂ ਡੀਂਗ ਮਾਰੀ ਸੀ। ਉਸ ਵੇਲੇ ਹਿੰਦੁਸਤਾਨ ਦੀ ਸਿਵਲ ਨਾ-ਫ਼ਰਮਾਨੀ ਭੀ ਜ਼ੋਰਾਂ ਉੱਤੇ ਹੋ ਗਈ ਸੀ ਤੇ ਸਰਕਾਰ ਨੇ ਕੈਦੀ ਮਜ਼ਬੂਰ ਹੋ ਕੇ ਛੱਡੇ ਸਨ। ਫਿਰ ਗੁਰੂ ਕੇ ਬਾਗ਼ ਮਗਰੋਂ ਭੀ ਅਕਾਲੀ ਕੈਦੀ ਉਸ ਵੇਲੇ ਸਰਕਾਰ ਨੇ ਛੱਡੇ ਜਦ ਬਬਰ ਅਕਾਲੀ ਲਹਿਰ ਜ਼ੋਰ ਪਕੜ ਗਈ ਤੇ ਸਰਕਾਰ ਬਬਰ ਅਕਾਲੀਆਂ

Academy of the Punjab in North America: http://www.apnaorg.com

ਨਾਲੋਂ ਦੂਜੇ ਅਕਾਲੀਆਂ ਨੂੰ ਅੱਡਰਾ ਕਰਨਾ ਚਾਹੁੰਦੀ ਸੀ। ਇਸ ਵਿਚ ਸ਼ੱਕ ਨਹੀਂ ਕਿ ਦੋਹਾਂ ਮੌਕਿਆਂ ਉੱਤੇ ਸਰਕਾਰ ਨੇ ਅਕਾਲੀਆਂ ਨੂੰ ਮਜ਼ਬੂਰ ਹੋ ਕੇ ਛੱਡਿਆ ਸੀ ਤੇ ਮਿਹਰਬਾਨੀ ਦੀ ਡੀਂਗ ਬਿਲਕੁਲ ਬੇਮਤਲਬ ਸੀ। ਸਭ ਇਸ ਗੱਲ ਨੂੰ ਸਮਝਦੇ ਸਨ ਤੇ ਸਰਕਾਰ ਦੀ "ਮੇਹਰਬਾਨੀ" ਦਾ ਕੋਈ ਚੰਗਾ ਅਸਰ ਨਹੀਂ ਪੈ ਸਕਦਾ ਸੀ। ਇਕੋ ਸਮਾਂ ਆਇਆ ਸੀ ਜਦ ਕੈਦੀਆਂ ਨੂੰ ਛੱਡਣਾ ਮਜ਼ਬੂਰੀ ਵਿਚ ਨਹੀਂ ਸੀ। ਉਸ ਵੇਲੇ ਸਰਕਾਰ ਆਕੜ ਗਈ। ਇਹ ਹੈ ਸਰਕਾਰ ਦੀ ਨਾ-ਕਾਮਯਾਬੀ। ਸਰਕਾਰਾਂ ਆਪਣੀ ਤਾਕਤ ਤੇ ਆਪਣੇ ਉੱਤੇ ਲਏ ਭਰੋਸੇ ਨਾਲ ਹੀ ਰਾਜ ਕੀਤਾ ਕਰਦੀਆਂ ਹਨ। ਸਰਕਾਰ ਲਈ ਜਿੱਥੇ ਆਪਣੀ ਤਾਕਤ ਦਾ ਸਬੂਤ ਦੇਣਾ ਜ਼ਰੂਰੀ ਹੈ, ਉੱਥੇ ਆਪਣੀ ਹਮਦਰਦੀ ਦਾ ਸਬੂਤ ਦੇਣਾ ਭੀ ਉਤਨਾ ਹੀ ਜ਼ਰੂਰੀ ਹੈ, ਕਿਉਂਕਿ ਲੋਕਾਂ ਦੀ ਹਮਦਰਦੀ ਬਿਨਾਂ ਸਰਕਾਰੀ ਤਾਕਤ ਖ਼ਤਮ ਹੋ ਜਾਇਆ ਕਰਦੀ ਹੈ। ਅਕਾਲੀ ਲਹਿਰ ਵਿਚ ਸਰਕਾਰ ਸਦਾ ਉਸ ਵੇਲੇ "ਮਿਹਰਬਾਨੀ" ਕਰਦੀ ਸੀ, ਜਦ ਇਸ ਲਈ ਹੋਰ ਕੋਈ ਰਾਹ ਨਹੀਂ ਸੀ ਰਹਿੰਦਾ ਤੇ ਜਦ ਅਜੇਹੀ "ਮਿਹਰਬਾਨੀ" ਕਰਨ ਦਾ ਸਮਾਂ ਆਇਆ ਕਿ ਇਸ ਦੇ ਹੋਰ ਕੋਈ ਅਰਥ ਕੱਢੇ ਨਹੀਂ ਜਾ ਸਕਦੇ ਸਨ, ਤਾਂ ਸਰਕਾਰੀ "ਮਿਹਰਬਾਨੀ" ਮੁੱਕ ਗਈ। ਇਹ ਦੂਰ ਦੇਖਣ ਵਾਲੇ ਪਾਲਿਟੀਸ਼ਨ ਸਾਬਤ ਨਹੀਂ ਹੋਏ। ਇਸ ਪਾਲਿਸੀ ਦਾ ਨਤੀਜਾ ਹੈ ਕਿ ਬਥੇਰੇ ਸਿੱਖਾਂ ਦੇ ਦਿਲਾਂ ਵਿੱਚੋਂ ਗੁੱਸਾ ਤੇ ਨਰਾਜ਼ਗੀ ਨਿਕਲਦੇ ਨਹੀਂ ਹਨ।

✡ ✡ ✡

Academy of the Punjab in North America: http://www.apnaorg.com

# ਪਟਿਆਲਾ ਮੋਰਚਾ

੧੯੨੬ ਦੇ ਸਤੰਬਰ ਵਿਚ ਅਸੀਂ ਰਿਹਾ ਹੋਏ ਸਾਂ। ਸਾਡੀ ਰਿਹਾਈ ਤੋਂ ਕੋਈ ਦੋ ਕੁ ਮਹੀਨੇ ਪਹਿਲਾਂ ਸ: ਤੇਜਾ ਸਿੰਘ ਜੀ ਸਮੁੰਦਰੀ ਦਿਲ ਦੀ ਬੀਮਾਰੀ ਨਾਲ ਜੇਲ੍ਹ ਵਿਚ ਹੀ ਚੜ੍ਹਾਈ ਕਰ ਗਏ ਸਨ। ਇਹ ਇਕ ਕਾਰੀ ਸੱਟ ਪੰਥ ਨੂੰ ਤੇ ਅਕਾਲੀ ਪਾਰਟੀ ਨੂੰ ਪੁੱਜੀ ਸੀ। ਇੱਥੇ ਮੈਂ ਇਹ ਭੀ ਜ਼ਿਕਰ ਕਰ ਦੇਵਾਂ ਕਿ ਸਾਡੇ ਸਾਥੀ ਜੋ ਗੁਰਦੁਆਰਾ ਐਕਟ ਨੂੰ ਮੰਨਣ ਦਾ ਬਚਨ ਦੇ ਆਏ ਸਨ, ਬਾਹਰ ਆ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉੱਤੇ ਕਾਬਜ਼ ਹੋ ਗਏ ਸਨ। ਉਨ੍ਹਾਂ ਦੀ ਕਮੇਟੀ ਵਿਚ ਬਹੁ-ਸੰਮਤੀ ਸੀ, ਪਰ ਅਕਾਲੀ ਦਲ ਵਿਚ ਤੇ ਆਮ ਅਕਾਲੀਆਂ ਵਿਚ ਉਨ੍ਹਾਂ ਵਿਰੁੱਧ ਬਹੁਤ ਜੋਸ਼ ਸੀ। ਜਦ ਇਨ੍ਹਾਂ ਸੱਜਣਾਂ ਦੀ ਸ਼੍ਰੋਮਣੀ ਕਮੇਟੀ ਵਿਚ ਬਹੁ-ਸੰਮਤੀ ਹੋਈ ਤਾਂ ਸਾਡੇ ਖ਼ਿਆਲ ਦੇ ਲੋਕਾਂ ਨੇ ਅਕਾਲੀ ਪਾਰਟੀ ਬਣਾ ਲਈ। ਉਸ ਵੇਲੇ ਅਕਾਲੀ ਪਾਰਟੀ ਦੇ ਕੇਵਲ ਉਹੋ ਮੈਂਬਰ ਸਨ ਜੋ ਸ਼੍ਰੋਮਣੀ ਕਮੇਟੀ ਦੇ ਮੈਂਬਰ ਸਨ ਤੇ ਘਟ-ਸੰਮਤੀ ਵਿਚ ਸਨ। ਇਸ ਤਰ੍ਹਾਂ ਦੀ ਹਾਲਤ ਵਿਚ ਉਸ ਸਮੇਂ ਗੁਰਦੁਆਰਾ ਚੋਣ ਲੜੀ ਗਈ, ਨਵੀਂ ਚੋਣ ਦੀ ਇਕ ਇਕੱਤ੍ਰਤਾ ਹੋ ਚੁੱਕੀ ਸੀ ਤੇ ਉਸ ਵਿਚ ਅਕਾਲੀ ਪਾਰਟੀ ਭਾਰੀ ਬਹੁ-ਸੰਮਤੀ ਵਿਚ ਆਈ ਸੀ, ਭਾਵੇਂ ਰਿਆਸਤੀ ਮੈਂਬਰਾਂ ਤੇ ਹੋਰ ਸਰਕਾਰੀ ਆਦਮੀਆਂ ਨੇ ਭੀ ਅਕਾਲੀ ਪਾਰਟੀ ਦੇ ਵਿਰੁੱਧ ਹੀ ਵੋਟ ਕੀਤੇ ਸਨ। ਜਦ ਅਸੀਂ ਰਿਹਾ ਹੋਏ ਤਾਂ ਦੂਜੀ ਮੀਟਿੰਗ ਸੀ, ਜਿਸ ਵਿਚ ਅਹੁਦੇਦਾਰਾਂ ਤੇ ਅੰਤ੍ਰਿੰਗ ਕਮੇਟੀ ਦੀ ਚੋਣ ਹੋਈ ਸੀ। ਇਸ ਮੀਟਿੰਗ ਵਿਚ ਸ: ਖੜਕ ਸਿੰਘ ਜੀ ਪ੍ਰਧਾਨ ਚੁਣੇ ਗਏ ਤੇ ਮੈਂ ਮੀਤ ਪ੍ਰਧਾਨ ਚੁਣਿਆ ਗਿਆ। ਇਕੱਤ੍ਰਤਾ ਮਗਰੋਂ ਅਸਾਂ ਸ: ਖੜਕ ਸਿੰਘ ਜੀ ਤੇ ਹੋਰ ਅਕਾਲੀ ਕੈਦੀਆਂ ਦੀ ਰਿਹਾਈ ਲਈ ਐਜੀਟੇਸ਼ਨ ਕੀਤੀ ਤੇ ਸਾਰੇ ਪੰਜਾਬ ਵਿਚ ਫਿਰੇ। ਸ: ਖੜਕ ਸਿੰਘ ਜੀ ੧੯੨੭ ਦੇ ਮਾਰਚ ਜਾਂ ਅਪ੍ਰੈਲ ਵਿਚ ਰਿਹਾ ਹੋ ਗਏ। ਉਨ੍ਹਾਂ ਨੇ ਬਾਹਰ ਆ ਕੇ ਪਹਿਲਾਂ ਤਾਂ ਸਾਰੇ ਪੰਜਾਬ ਦਾ ਦੌਰਾ ਕੀਤਾ, ਜਿਸ ਵਿਚ ਉਨ੍ਹਾਂ ਦੀ ਬਹੁਤ ਇੱਜ਼ਤ ਹੋਈ। ਦੌਰੇ ਮਗਰੋਂ ਉਨ੍ਹਾਂ ਨੇ ਇਹ ਜ਼ੋਰ ਲਾਇਆ ਕਿ ਇਸ ਗੁਰਦੁਆਰਾ ਐਕਟ ਨੂੰ ਤੋੜਿਆ ਜਾਵੇ। ਇਸ ਵਿਚ ਵੱਡਾ ਨੁਕਸ ਉਹ ਇਹ ਕਹਿੰਦੇ ਸਨ ਕਿ ਇਸ ਵਿਚ ਸ਼੍ਰੋਮਣੀ ਕਮੇਟੀ ਦੀ ਤਾਕਤ ਤੋੜ ਕੇ ਥਾਂ-ਥਾਂ ਵੰਡੀ ਗਈ ਹੈ। ਸਾਨੂੰ ਗੁਰਦੁਆਰਾ ਐਕਟ ਦੇ ਤੋੜਨ ਦਾ ਕੋਈ ਰਾਹ ਨਾ ਲੱਭੇ। ਆਖ਼ਰ ਇਹ ਰਾਹ ਲੱਭਾ ਕਿ ੮੫ ਦਫ਼ਾ ਦੀਆਂ ਕਮੇਟੀਆਂ ਆਪਣੇ ਮਤੇ ਕਰ ਕੇ ਆਪਣੇ ਸਾਰੇ ਹੱਕ ਸ਼੍ਰੋਮਣੀ ਕਮੇਟੀ ਨੂੰ ਦੇਣ। ਅਜੇਹੇ ਮਤੇ ਬਹੁਤ ਸਾਰੀਆਂ ਕਮੇਟੀਆਂ ਨੇ ਕਰ ਭੀ ਦਿੱਤੇ, ਪਰ ਇਸ ਨਾਲ ਗੁਰਦੁਆਰਾ ਐਕਟ ਤਾਂ ਕੋਈ ਨਾ ਟੁੱਟਾ ਤੇ

Academy of the Punjab in North America: http://www.apnaorg.com

ਉਂਞ ਟਾਲ ਮਟੋਲਾ ਜਿਹਾ ਹੀ ਹੋ ਗਿਆ।

ਜਦ ਅਸੀਂ ੧੯੨੬ ਵਿਚ ਲਾਹੌਰ ਤੋਂ ਰਿਹਾ ਹੋਏ ਸਾਂ ਤਾਂ ਸਾਡੇ ਸਾਥੀ ਸ: ਸੇਵਾ ਸਿੰਘ ਜੀ ਠੀਕਰੀ ਵਾਲਾ ਤੇ ਸ: ਰਾਏ ਸਿੰਘ ਜੀ ਨੂੰ ਪਟਿਆਲੇ ਤੇ ਨਾਭੇ ਭੇਜ ਦਿੱਤਾ ਗਿਆ ਸੀ। ਸ: ਰਾਏ ਸਿੰਘ ਜੀ ਨੂੰ ਤਾਂ ਜਾਂਦਿਆਂ ਹੀ ਨਾਭੇ ਤੋਂ ਰਿਹਾ ਕਰ ਦਿੱਤਾ ਗਿਆ ਪਰ ਸ: ਸੇਵਾ ਸਿੰਘ ਜੀ ਨੂੰ ਪਟਿਆਲੇ ਨੇ ਰਿਹਾ ਨਾ ਕੀਤਾ। ਸਾਨੂੰ ਸਮਝ ਨਾ ਪਵੇ ਕਿ ਸ: ਸੇਵਾ ਸਿੰਘ ਜੀ ਨੂੰ ਕਿਉਂ ਰਿਹਾ ਨਹੀਂ ਕੀਤਾ ਜਾਂਦਾ ਜਦ ਕਿ ਨਾ ਉਨ੍ਹਾਂ ਨੂੰ ਕੋਈ ਸਜ਼ਾ ਮਿਲੀ ਹੋਈ ਹੈ ਤੇ ਨਾ ਕਿਸੇ ਕਿਸਮ ਦਾ ਹੋਰ ਸ਼ੱਕ ਹੈ। ਕੁਝ ਚਿਰ ਉਡੀਕ ਕੇ ਸ: ਮੰਗਲ ਸਿੰਘ ਜੀ ਤੇ ਮੈਂ ਮਹਾਰਾਜਾ ਸਾਹਿਬ ਪਟਿਆਲਾ ਨੂੰ ਜਾ ਮਿਲੇ ਤੇ ਉਨ੍ਹਾਂ ਨੂੰ ਸ: ਸੇਵਾ ਸਿੰਘ ਜੀ ਦੀ ਰਿਹਾਈ ਸਬੰਧੀ ਬੇਨਤੀ ਕੀਤੀ। ਉਨ੍ਹਾਂ ਅੱਗੋਂ ਨਾਂਹ ਕੀਤੀ। ਮੈਂ ਪੁੱਛਿਆ ਕਿ ਸ: ਸੇਵਾ ਸਿੰਘ ਜੀ ਦਾ ਕਸੂਰ ਕੀ ਹੈ। ਮਹਾਰਾਜਾ ਸਾਹਿਬ ਨੇ ਕਿਹਾ "ਕਿ ਸੇਵਾ ਸਿੰਘ ਮਾਫ਼ੀ ਨਹੀਂ ਮੰਗਦਾ। ਮੈਂ ਪੁੱਛਿਆ ਕਿ ਕਿਸ ਕਸੂਰ ਦੀ ਮਾਫ਼ੀ ਮੰਗੇ, ਤਾਂ ਮਹਾਰਾਜਾ ਸਾਹਿਬ ਨੇ ਉੱਤਰ ਦਿੱਤਾ ਕਿ "ਕਸੂਰ, ਊਰ ਦਾ ਕੀ ਸਵਾਲ ਹੈ। ਜਦ ਮੈਂ ਕਹਿੰਦਾ ਹਾਂ ਕਿ ਮਾਫ਼ੀ ਮੰਗ ਤੇ ਉਹ ਮਾਫ਼ੀ ਕਿਉਂ ਨਹੀਂ ਮੰਗਦਾ" ਮੈਂ ਸਾਰੀ ਗੱਲ ਸਮਝ ਲਈ ਕਿ ਇੱਥੇ ਤਾਂ ਟੱਕਰ ਹੀ ਹੋਵੇਗੀ, ਕਿਉਂਕਿ ਮਹਾਰਾਜ ਸਾਹਿਬ ਦੀ ਨੀਅਤ ਇਹ ਹੈ ਕਿ ਉਹ ਸਰਕਾਰ ਅੰਗ੍ਰੇਜ਼ੀ ਨੂੰ ਦੱਸਣ ਕਿ ਸਰਕਾਰ ਮਾਫ਼ੀ ਨਹੀਂ ਮੰਗਵਾ ਸਕੀ ਸੀ ਤੇ ਮਹਾਰਾਜਾ ਸਾਹਿਬ ਨੇ ਮੰਗਵਾ ਲਈ ਹੈ।

ਥੋੜ੍ਹੇ ਚਿਰ ਮਗਰੋਂ ਸ: ਖੜਕ ਸਿੰਘ ਜੀ ਜੇਲ੍ਹੋਂ ਆ ਗਏ ਸਨ ਤੇ ਉਨ੍ਹਾਂ ਭੀ ਇਰਾਦਾ ਕਰ ਲਿਆ ਕਿ ਸ: ਸੇਵਾ ਸਿੰਘ ਜੀ ਦੀ ਰਿਹਾਈ ਲਈ ਜ਼ੋਰ ਲਾਇਆ ਜਾਵੇ। ਸ਼੍ਰੋਮਣੀ ਅਕਾਲੀ ਦਲ ਵਿਚ ਫ਼ੈਸਲਾ ਹੋ ਗਿਆ ਕਿ ਪਟਿਆਲੇ ਵਿਚ ਥਾਂ-ਥਾਂ ਦੀਵਾਨ ਕੀਤੇ ਜਾਣ ਤੇ ਉਨ੍ਹਾਂ ਦੀਵਾਨਾਂ ਵਿਚ ਸ: ਖੜਕ ਸਿੰਘ ਜੀ ਤੇ ਹੋਰ ਆਗੂ ਪੁੱਜਣ। ਪ੍ਰੋਗਰਾਮ ਬਣ ਗਿਆ ਤੇ ਦੀਵਾਨ ਸ਼ੁਰੂ ਹੋ ਗਏ। ਪਹਿਲਾਂ ਦੀਵਾਨ ਕਾਮਯਾਬ ਹੋਇਆ। ਰਿਆਸਤ ਨੇ ਉਸ ਪਿੰਡ ਦੇ ਅਕਾਲੀਆਂ ਦੀਆਂ ਜਾਇਦਾਦਾਂ ਝੱਟਪੱਟ ਜ਼ਬਤ ਕਰ ਲਈਆਂ ਤੇ ਉਨ੍ਹਾਂ ਦੇ ਬਾਲ ਬੱਚੇ ਨੂੰ ਘਰਾਂ ਤੋਂ ਕੱਢ ਦਿੱਤਾ। ਦੂਜੇ ਦੀਵਾਨ ਉੱਤੇ ਆਵਣ ਵਾਲੇ ਸਭ ਰਸਤਿਆਂ ਉੱਤੇ ਪੁਲਿਸ ਦੇ ਪਹਿਰੇ ਲੱਗ ਗਏ ਤੇ ਜੋ ਆਵੇ ਸੋ ਗ੍ਰਿਫ਼ਤਾਰ। ਸਾਰੀ ਰਿਆਸਤ ਵਿਚ ਸਭ ਕਾਲੀਆਂ ਪੱਗਾਂ ਵਾਲੇ ਗ੍ਰਿਫ਼ਤਾਰ ਕਰ ਲਏ ਗਏ ਅਤੇ ਜਾਇਦਾਦਾਂ ਜ਼ਬਤ ਹੋ ਗਈਆਂ। ਕਈਆਂ ਨੇ ਕਾਲੀਆਂ ਪੱਗਾਂ ਲਾਹ ਦਿੱਤੀਆਂ ਤੇ ਕਈ ਰਿਆਸਤ ਛੱਡ ਕੇ ਅੰਗਰੇਜ਼ੀ ਇਲਾਕੇ ਵਿਚ ਆ ਗਏ। ਸ: ਖੜਕ ਸਿੰਘ ਜੀ ਨੇ ਆਪਣੇ ਪ੍ਰੋਗਰਾਮ ਅਨੁਸਾਰ ਦੌਰਾ ਤਾਂ ਪੂਰਾ ਕੀਤਾ ਪਰ ਦੀਵਾਨ ਕਿਧਰੇ ਭੀ ਨਾ ਹੋ ਸਕਿਆ। ਉੱਧਰ ਪੰਜਾਬ ਵਿਚ ਰਈਸਾਂ ਤੇ ਹੋਰ ਪਟਿਆਲਵੀ ਏਜੰਟਾਂ ਨੇ ਇਸ਼ਤਿਹਾਰਾਂ ਤੇ ਅਖ਼ਬਾਰਾਂ ਰਾਹੀਂ ਸਾਡੇ ਵਿਰੁੱਧ ਪ੍ਰਾਪੇਗੰਡਾ ਜ਼ੋਰ ਨਾਲ ਕੀਤਾ। ਇਸ ਪ੍ਰਾਪੇਗੰਡੇ ਦਾ ਇਕ ਕਾਰਨ ਇਹ ਭੀ ਸੀ ਕਿ ਸਾਡੇ ਵਿੱਚੋਂ ਇਕ ਸੱਜਣ ਪਾਟ ਗਏ ਸਨ। ਉਹ ਨਾ ਕੇਵਲ ਫ਼ੈਸਲਾ ਕਰਨ ਵਿਚ ਸ਼ਾਮਲ ਸਨ,

Academy of the Punjab in North America: http://www.apnaorg.com

ਸਗੋਂ ਪਟਿਆਲੇ ਦੇ ਕੁਝ ਦੀਵਾਨਾਂ ਵਿਚ ਭੀ ਗਏ ਸਨ, ਪਰ ਦੋ ਤਿੰਨ ਦਿਨ ਮਗਰੋਂ ਉਹ ਮੁੜ ਆਏ ਸਨ ਤੇ ਉਨ੍ਹਾਂ ਨੇ ਆਉਂਦਿਆਂ ਹੀ ਇਸ ਮੋਰਚੇ ਵਿਰੁੱਧ ਬਿਆਨ ਦਿੱਤਾ, ਜਿਸ ਤੋਂ ਕਈਆਂ ਹੋਰਾਂ ਨੂੰ ਹੌਂਸਲਾ ਹੋਇਆ।

ਇਸ ਤਰ੍ਹਾਂ ਨਾਲ ਸਾਨੂੰ ਇਸ ਮੋਰਚੇ ਵਿਚ ਪੂਰੀ ਨਾ-ਕਾਮਯਾਬੀ ਹੋਈ। ਅਸੀਂ ਸੋਚੀਂ ਪਏ ਕਿ ਹੁਣ ਕੀਤਾ ਕੀ ਜਾਵੇ। ਆਖ਼ਰ ਅਸੀਂ ਇਸ ਨਤੀਜੇ ਉੱਤੇ ਅਪੜੇ ਕਿ ਪੰਜਾਬ ਵਿਚ ਸਾਡੇ ਵਿਰੁੱਧ ਹੋ ਰਹੇ ਪ੍ਰਾਪੇਗੰਡੇ ਦਾ ਮੂੰਹ ਬੰਦ ਕਰਕੇ ਫਿਰ ਕੋਈ ਕਦਮ ਚੁੱਕਿਆ ਜਾਵੇ। ਆਪਣੇ ਵਿਰੋਧੀ ਕੁਝ ਨੇਕ ਨੀਅਤ ਆਦਮੀਆਂ ਦੀ ਸਲਾਹ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਅਸਾਂ ਇਕ ਪੰਥਕ ਇਕੱਠ ਸੱਦਿਆ। ਪਹਿਲਾਂ ਹੋ ਚੁੱਕੀ ਸਲਾਹ ਮੁਤਾਬਕ ਉੱਥੇ ਸ: ਖੜਕ ਸਿੰਘ ਜੀ ਪ੍ਰਧਾਨ ਵੱਲੋਂ ਇਕ ਬਿਆਨ ਪੜ੍ਹਿਆ ਗਿਆ, ਜਿਸ ਵਿਚ ਮਹਾਰਾਜਾ ਸਾਹਿਬ ਪਟਿਆਲਾ ਨੂੰ ਪੰਥ ਵੱਲੋਂ ਅਪੀਲ ਕੀਤੀ ਗਈ ਕਿ ਉਹ ਅਕਾਲੀ ਕੈਦੀ ਰਿਹਾ ਕਰ ਦੇਣ ਤੇ ਉਨ੍ਹਾਂ ਦੀਆਂ ਜਾਇਦਾਦਾਂ ਵਾਪਸ ਕਰ ਦੇਣ। ਸਲਾਹ ਇਹ ਸੀ ਕਿ ਇਹ ਬਿਆਨ ਪੜ੍ਹ ਕੇ ਇਕੱਠ ਖਤਮ ਕੀਤਾ ਜਾਵੇ ਤੇ ਹੋਰ ਬਹਿਸ ਨਾ ਹੋਣ ਦਿੱਤੀ ਜਾਵੇ ਕਿਉਂਕਿ ਇਹ ਨਿਸਚਾ ਸੀ ਕਿ ਆਮ ਅਕਾਲੀ ਤੇ ਹੋਰ ਸੱਜਣ ਇਸ ਦੇ ਵਿਰੁੱਧ ਹੋਣਗੇ ਤੇ ਜੇ ਕੋਈ ਮਤਾ ਪੇਸ਼ ਹੋ ਗਿਆ ਤਾਂ ਇਸ ਬਿਆਨ ਦੇ ਵਿਰੁੱਧ ਹੀ ਪਾਸ ਹੋਵੇਗਾ, ਪਰ ਸ: ਖੜਕ ਸਿੰਘ ਜੀ ਝਿਜਕਦੇ ਸਨ। ਉਨ੍ਹਾਂ ਵੱਲੋਂ ਬਿਆਨ ਭੀ ਮੈਂ ਹੀ ਪੜ੍ਹਿਆ ਸੀ ਤੇ ਮੈਂ ਹੀ ਕਹਿ ਦਿੱਤਾ ਸੀ ਕਿ ਸਮਾਗਮ ਖ਼ਤਮ ਹੈ ਪਰ ਮੇਰੇ ਇਹ ਕਹਿਣ ਉੱਤੇ ਰੌਲਾ ਪੈ ਗਿਆ ਤੇ ਸ: ਖੜਕ ਸਿੰਘ ਜੀ ਨੇ ਬਹਿਸ ਦੀ ਆਗਿਆ ਦੇ ਦਿੱਤੀ। ਜੋ ਬੋਲਿਆ ਉਕਤ ਬਿਆਨ ਦੇ ਵਿਰੁੱਧ ਬੋਲਿਆ ਤੇ ਸਭ ਨੇ ਇਹੋ ਹੀ ਕਿਹਾ ਕਿ ਇਸ ਬਿਆਨ ਨਾਲ ਮਹਾਰਾਜਾ ਪਟਿਆਲਾ ਹੋਰ ਭੂਏ ਹੋ ਜਾਵੇਗਾ। ਮੈਂ ਭੀ ਇਸ ਗੱਲ ਨੂੰ ਚੰਗੀ ਤਰਾਂ ਸਮਝਦਾ ਸਾਂ ਪਰ ਹੋਰ ਕੋਈ ਰਾਹ ਨਜ਼ਰ ਨਹੀਂ ਸੀ ਆਉਂਦਾ। ਲੋਕੀਂ ਇਸ ਰਾਹ ਨੂੰ ਭੀ ਕੋਈ ਰਾਹ ਨਹੀਂ ਸਮਝਦੇ ਸਨ ਪਰ ਮੇਰਾ ਸਦਾ ਨਿਸਚਾ ਰਿਹਾ ਹੈ ਕਿ ਨਾ-ਕਾਮਯਾਬੀ ਨੂੰ ਕਾਮਯਾਬੀ ਵਿਚ ਪਲਟਣ ਦਾ ਢੰਗ ਆਪਣੀ ਨਾ-ਕਾਮਯਾਬੀ ਨੂੰ ਮੰਨ ਕੇ ਪੈਂਤੜਾ ਪਲਟਣਾ ਹੀ ਹੁੰਦਾ ਹੈ। ਮੈਂ ਇਸ ਥਾਂ ਆਪਣੀ ਸਾਰੀ ਉਮਰ ਦੇ ਤਜ਼ਰਬੇ ਦੀ ਬਿਨਾ ਉੱਤੇ ਕਹਿੰਦਾ ਹਾਂ ਕਿ ਜੋ ਆਦਮੀ ਜਿੱਤ ਪਚਾ ਨਹੀਂ ਸਕਦਾ ਉਹ ਜ਼ਰੂਰ ਹਾਰ ਲੈਂਦਾ ਹੈ ਤੇ ਜੋ ਹਾਰ ਸਮੇਂ ਹਾਰ ਦਾ ਇਕਬਾਲ ਕਰਕੇ ਨਵਾਂ ਰਾਹ ਨਹੀਂ ਲੱਭ ਸਕਦਾ, ਉਹ ਮੌਤ ਲੈਂਦਾ ਹੈ। ਜੇ ਅਗਲੇ ਮੋਰਚੇ ਉੱਤੇ ਵਿਰੋਧੀ ਗੋਲਾਬਾਰੀ ਸਹਾਰੀ ਨਾ ਜਾ ਸਕਣ ਵਾਲੀ ਹੋ ਜਾਵੇ ਤਾਂ ਪਿੱਛੇ ਹਟ ਕੇ ਨਵਾਂ ਮੋਰਚਾ ਕਾਇਮ ਕਰਨਾ ਹੀ ਠੀਕ ਰਾਹ ਹੈ।

ਆਖ਼ਰ ਜਦ ਚੋਖਾ ਚਿਰ ਵਿਰੋਧਤਾ ਹੋ ਚੁੱਕੀ ਤਾਂ ਮੈਂ ਅਪੀਲ ਕੀਤੀ ਕਿ ਮੈਨੂੰ ਮੌਕਾ ਦਿੱਤਾ ਜਾਵੇ। ਜੇ ਇਕ ਮਹੀਨੇ ਵਿਚ ਕੁਝ ਨਾ ਬਣਿਆ ਤਾਂ ਸਭ ਜ਼ਿੰਮੇਵਾਰੀ ਮੇਰੇ ਜ਼ਿੰਮੇ ਮੜ੍ਹਨੀ। ਇਸ ਗੱਲ ਉੱਤੇ ਸਾਰੇ ਮੰਨ ਗਏ ਕਿਉਂਕਿ ਹੋਰ ਕਿਸੇ ਨੇ ਹੋਰ ਰਾਹ ਭੀ ਤਾਂ ਕੋਈ ਨਹੀਂ ਦੱਸਿਆ ਸੀ; ਹਰ ਇਕ ਨੇ ਨਿਰੀ ਵਿਰੋਧਤਾ ਹੀ ਕੀਤੀ

Academy of the Punjab in North America: http://www.apnaorg.com

ਸੀ। ਪਟਿਆਲੇ ਦੇ ਅਕਾਲੀਆਂ ਦੀ ਇਸ ਨਾਲ ਤਸੱਲੀ ਨਹੀਂ ਹੋਈ ਸੀ। ਉੱਥੇ ਤਾਂ ਉਹ ਚੁੱਪ ਕਰ ਗਏ, ਪਰ ਬਾਹਰ ਜਾ ਕੇ ਉਹ ਮੇਰੇ ਵਿਰੁੱਧ ਕਈ ਤਰ੍ਹਾਂ ਦੀਆਂ ਗੱਲਾਂ ਕਰਨ ਲੱਗ ਪਏ। ਉੱਧਰ ਮਹਾਰਾਜਾ ਪਟਿਆਲਾ ਆਪਣੇ ਸੁਭਾ ਅਨੁਸਾਰ ਆਕੜ ਗਏ। ਉਨ੍ਹਾਂ ਨੇ ਉਨ੍ਹਾਂ ਸਿੱਖ ਆਗੂਆਂ ਨੂੰ ਭੀ ਗੱਲਬਾਤ ਕਰਨ ਦਾ ਮੌਕਾ ਦੇਣੋਂ ਨਾਂਹ ਕਰ ਦਿੱਤੀ ਜਿਨ੍ਹਾਂ ਨੇ ਕਿ ਪਿਛਲੇ ਮੋਰਚੇ ਵਿਚ ਉਨ੍ਹਾਂ ਦਾ ਸਾਥ ਦਿੱਤਾ ਸੀ। ਮੇਰੇ ਲਈ ਬਹੁਤ ਨਾਜ਼ਕ ਵਕਤ ਆ ਗਿਆ, ਪਰ ਪੰਥ ਦੇ ਸਿਆਣੇ ਸੱਜਣ ਮਹਾਰਾਜਾ ਸਾਹਿਬ ਦੇ ਵਿਰੁੱਧ ਹੋ ਗਏ ਤੇ ਜੋ ਖ਼ੁਦਗਰਜ਼ ਕਿਸੇ ਆਪਣੇ ਮਤਲਬ ਲਈ ਮਹਾਰਾਜਾ ਸਾਹਿਬ ਦਾ ਸਾਥ ਦੇਂਦੇ ਸਨ, ਉਨ੍ਹਾਂ ਦੇ ਭੀ ਮੂੰਹ ਕਾਫ਼ੀ ਹੱਦ ਤੱਕ ਬੰਦ ਹੋ ਗਏ। ਬੱਸ ਡਰ ਵਾਲੀ ਗੱਲ ਇਹੋ ਸੀ ਕਿ ਪਟਿਆਲਾ ਦੇ ਅਕਾਲੀ ਕਿਧਰੇ ਮੇਰੇ ਉੱਤੇ ਸ਼ੱਕ ਨਾ ਕਰ ਲੈਣ, ਕਿਉਂਕਿ ਮੈਂ ਇਕ ਮਹੀਨੇ ਦੀ ਥਾਂ ਡੇਢ ਮਹੀਨਾ ਉਡੀਕਦਾ ਰਿਹਾ ਸਾਂ। ਪਟਿਆਲੇ ਦੇ ਅਕਾਲੀਆਂ ਵਿੱਚੋਂ ਮੈਨੂੰ ਪੂਰੀ ਤਰ੍ਹਾਂ ਜਾਣਨ ਵਾਲੇ ਕੇਵਲ ਸ: ਸੇਵਾ ਸਿੰਘ ਜੀ ਹੀ ਸਨ ਤੇ ਉਹ ਜੇਲ੍ਹ ਵਿਚ ਸਨ। ਜੇਲ੍ਹ ਵਿਚ ਬੈਠਿਆਂ ਹੀ ਸ: ਸੇਵਾ ਸਿੰਘ ਜੀ ਨੇ ਮੇਰੀ ਮਦਦ ਕੀਤੀ ਤੇ ਮੇਰੇ ਉੱਤੇ ਬੇਇਤਬਾਰੀ ਨਾ ਹੋਣ ਦਿੱਤੀ। ਉਨ੍ਹਾਂ ਨੇ ਪਟਿਆਲੇ ਦੇ ਸਭ ਅਕਾਲੀਆਂ ਨੂੰ ਚੰਗੀ ਤਰ੍ਹਾਂ ਅਖਵਾ ਭੇਜਿਆ ਕਿ ਉਹ ਮੇਰੇ ਉੱਤੇ ਪੂਰਾ ਇਤਬਾਰ ਰੱਖਣ। ਜੇਕਰ ਪਟਿਆਲੇ ਦੇ ਅਕਾਲੀ ਮੇਰੀ ਪਬਲਿਕ ਵਿਰੋਧਤਾ ਕਰ ਦੇਂਦੇ ਤਾਂ ਮੈਂ ਭੀ ਮੁੱਕ ਜਾਂਦਾ ਤੇ ਕੰਮ ਭੀ ਮੁੱਕ ਜਾਂਦਾ। ਪਬਲਿਕ ਜੀਵਨ ਵਾਲਿਓ ! ਚੇਤਾ ਰੱਖੋ ਕਿ ਸਾਰਾ ਕੰਮ ਆਗੂਆਂ ਦੇ ਆਪੋ ਵਿਚ ਇਤਬਾਰ ਨਾਲ ਚਲਦਾ ਹੈ। ਜੇਕਰ ਸ: ਸੇਵਾ ਸਿੰਘ ਜੀ ਨੂੰ ਮੇਰੇ ਉੱਤੇ ਜ਼ਰਾ ਭੀ ਸ਼ੱਕ ਪੈਂਦਾ ਤਾਂ ਕੰਮ ਸਭ ਖ਼ਤਮ ਸੀ। ਸਾਡਾ ਆਪੋ ਵਿਚ ਇਤਨਾ ਇਤਬਾਰ ਸੀ, ਜੋ ਅਜੇਹੀ ਨਾਜ਼ਕ ਤੇ ਪੇਚੀਦਾ ਹਾਲਤ ਵਿਚ ਭੀ ਕਾਇਮ ਰਿਹਾ ਤੇ ਇਸੇ ਇਤਬਾਰ ਕਰਕੇ ਕਾਮਯਾਬੀ ਹੋਈ। ਪੰਥ ਸੇਵਕੋ ! ਆਪੋ ਵਿਚ ਹਰ ਤਰ੍ਹਾਂ ਦਾ ਮੇਲ-ਜੋਲ ਵਧਾਓ ਤੇ ਆਪੋ ਵਿਚ ਇਤਬਾਰ ਜਮਾਓ। ਇਸ ਬਿਨਾਂ ਕਦੀ ਤੁਸੀਂ ਕਾਮਯਾਬ ਨਹੀਂ ਹੋਵੋਗੇ।

ਉਧਰ ਮਹਾਰਾਜਾ ਸਾਹਿਬ ਪਟਿਆਲਾ ਆਪਣੇ ਸੁਭਾ ਮੁਤਾਬਕ ਖ਼ੂਬ ਆਕੜੇ ਤੇ ਇੱਧਰ ਮੈਂ ਆਪਣੇ ਵਿਰੋਧੀਆਂ ਵਿੱਚੋਂ ਭੀ ਕੁਝ ਨੇਕ ਨੀਅਤਾਂ ਤੋਂ ਪੁੱਛ ਲਿਆ ਤੇ ਉਨ੍ਹਾਂ ਕਹਿ ਦਿੱਤਾ ਕਿ ਉਨ੍ਹਾਂ ਦੀ ਭੀ ਕੋਈ ਨਹੀਂ ਸੁਣੀਂਦੀ; ਇਸ ਕਰਕੇ ਅਸੀਂ ਜੋ ਚਾਹੀਏ ਕਰੀਏ, ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਹੈ। ਇਸ ਤਰ੍ਹਾਂ ਸਾਰੇ ਪਾਸਿਆਂ ਤੋਂ ਵਿਰੋਧਤਾ ਹਟਵਾ ਕੇ ਮੈਂ ਸਿੱਧਾ ਹੋ ਕੇ ਮਹਾਰਾਜਾ ਪਟਿਆਲਾ ਦੇ ਵਿਰੁੱਧ ਪੂਰੇ ਜ਼ੋਰ ਤੇ ਪੂਰੇ ਜੋਸ਼ ਨਾਲ ਬਿਲਕੁਲ ਨਿਧੜਕ ਹੋ ਕੇ ਆਪਣੀਆਂ ਅਖ਼ਬਾਰਾਂ ਵਿਚ ਡਹਿ ਪਿਆ। ਉਸ ਵੇਲੇ ਮੈਂ ਉਰਦੂ ਤੇ ਗੁਰਮੁਖੀ ਦੋਹਾਂ ਜ਼ਬਾਨਾਂ ਵਿਚ ਨਿਕਲ ਰਹੇ ਅਕਾਲੀ ਦਾ ਐਡੀਟਰ ਸਾਂ। ਮੈਂ ਨੀਅਤ ਕਰ ਲਈ ਕਿ ਕੈਦ ਹੋ ਜਾਣਾ ਹੈ ਤੇ ਮਹਾਰਾਜੇ ਨੂੰ ਚੰਗੀ ਤਰ੍ਹਾਂ ਨੰਗਾ ਕਰ ਦੇਣਾ ਹੈ। ਪ੍ਰੈਸ ਐਕਟ ਉਸ ਵੇਲੇ ਸੀ ਨਹੀਂ। ਇਸ ਕਰ ਕੇ ਅਖ਼ਬਾਰਾਂ ਦਾ ਫ਼ਿਕਰ ਨਹੀਂ ਸੀ ਤੇ ਆਪਣਾ ਫ਼ਿਕਰ ਮੈਂ ਲਾਹ ਦਿੱਤਾ ਸੀ। ਮਹਾਰਾਜਾ ਪਟਿਆਲਾ ਦੀਆਂ ਕਾਲੀਆਂ ਕਰਤੂਤਾਂ ਤੇ ਜ਼ੁਲਮਾਂ ਦੀਆਂ

Academy of the Punjab in North America: http://www.apnaorg.com

ਕਹਾਣੀਆਂ ਤੇ ਆਪਣੇ ਨਿਧੜਕ ਲੇਖਾਂ ਨਾਲ ਮੈਂ ਤਾਂ ਹਲਚਲੀ ਮਚਾਣ ਤੇ ਘਬਰਾਹਟ ਖਿਲਾਰਣ ਵਿਚ ਕਾਮਯਾਬ ਹੋ ਗਿਆ। ਇਸ ਹਲਚਲੀ ਦਾ ਇਕ ਕਾਰਨ ਇਹ ਭੀ ਸੀ ਕਿ ਉਸ ਵੇਲੇ ਤੱਕ ਅਖ਼ਬਾਰ-ਨਵੀਸ ਮਹਾਰਾਜਿਆਂ ਤੋਂ ਬਹੁਤ ਡਰਦੇ ਸਨ। ਸਰਕਾਰ ਅੰਗਰੇਜ਼ੀ ਦੇ ਵਿਰੁੱਧ ਲਿਖਣ ਤੋਂ ਡਰ ਨਹੀਂ ਸੀ ਲੱਗਦਾ ਪਰ ਮਹਾਰਾਜਿਆਂ ਤੋਂ ਸਭ ਧਮਕਦੇ ਸਨ ਕਿਉਂਕਿ ਮਹਾਰਾਜੇ ਬਹੁਤ ਤਰ੍ਹਾਂ ਨਾਲ ਵੈਰ ਲਿਆ ਕਰਦੇ ਸਨ। ਮੇਰੇ ਨਿਧੜਕ ਲਿਖਣ ਨਾਲ ਤੇ ਆਪਣੇ ਉੱਤੇ ਮੁਕੱਦਮਾ ਚਲਾਣ ਲਈ ਚੈਲੰਜ ਕਰਨ ਨਾਲ ਲੋਕਾਂ ਦੀਆਂ ਅੱਖਾਂ ਖੁਲ੍ਹ ਗਈਆਂ। ਇਹੋ ਜਿਹੇ ਲੇਖ ਕਈ ਮਹੀਨੇ ਲਗਾਤਾਰ ਜਾਰੀ ਰਹੇ ਤੇ ਆਖ਼ਰ ਮਹਾਰਾਜਾ ਸਾਹਿਬ ਨੇ ਘਬਰਾ ਕੇ ਅਕਾਲੀ ਕੈਦੀ ਛੱਡ ਦਿੱਤੇ, ਉਨ੍ਹਾਂ ਦੀਆਂ ਜਾਇਦਾਦਾਂ ਵਾਪਸ ਕਰ ਦਿੱਤੀਆਂ; ਪਰ ਸ: ਹਰਚੰਦ ਸਿੰਘ ਜੇਜੀ ਨੂੰ ਨਾ ਛੱਡਿਆ ਤੇ ਨਾ ਉਨ੍ਹਾਂ ਦੀ ਜਾਇਦਾਦ ਛੱਡੀ। ਮੇਰੇ ਲੇਖਾਂ ਨਾਲ ਵਾਯੂ-ਮੰਡਲ ਚੰਗਾ ਬਣ ਚੁੱਕਾ ਸੀ ਤੇ ਮੈਂ ਇਹ ਲੇਖ ਜਾਰੀ ਰੱਖੇ। ਆਲ ਇੰਡੀਆ ਸਟੇਟਸ ਪੀਪਲਜ਼ ਕਾਨਫ਼ਰੰਸ ਨੇ ਮੇਰੇ ਲਾਏ ਇਲਜ਼ਾਮਾਂ ਦੀ ਤਹਿਕੀਕਾਤ ਕੀਤੀ ਤੇ ਆਪਣੀ ਰਿਪੋਟ ਛਾਪੀ। ਇਸ ਉੱਤੇ ਸਰਕਾਰ ਅੰਗਰੇਜ਼ੀ ਨੇ ਰੈਜ਼ੀਡੈਂਟ ਨੂੰ ਹੀ ਤਹਿਕੀਕਾਤ ਕਰਨ ਉੱਤੇ ਲਾ ਦਿੱਤਾ। ਬੇਸ਼ੱਕ ਰੈਜ਼ੀਡੈਂਟ ਨਾਲ ਮਹਾਰਾਜਾ ਸਾਹਿਬ ਦਾ ਗੂੜ੍ਹਾ ਤਅੱਲੁਕ ਸੀ, ਜਿਸ ਕਰਕੇ ਸਾਨੂੰ ਇਤਬਾਰ ਨਹੀਂ ਸੀ, ਪਰ ਇਸ ਤਰ੍ਹਾਂ ਦੀ ਤਹਿਕੀਕਾਤ ਕਿਸੇ ਮਹਾਰਾਜੇ ਵਿਰੁੱਧ ਪਬਲਿਕ ਐਜੀਟੇਸ਼ਨ ਕਰਕੇ ਪਹਿਲੀ ਵੇਰਾਂ ਹੋਈ ਸੀ ਪਰ ਮਹਾਰਾਜਾ ਸਾਹਿਬ ਪਟਿਆਲਾ ਬਹੁਤ ਉਸਤਾਦ ਸੀ। ਉਸ ਨੇ ਅਜੇਹੀ ਚਾਲ ਕੀਤੀ ਕਿ ਸਾਡੇ ਕੋਲੋਂ ਇਹ ਤਹਿਕੀਕਾਤ ਬਾਈਕਾਟ ਕਰਵਾ ਦਿੱਤੀ। ਇਸ ਸਮੇਂ ਮੈਂ ਤਾਂ ਸਿਵਲ ਨਾ-ਫ਼ੁਰਮਾਨੀ ਦੀ ਲਹਿਰ ਵਿਚ ਜੇਲ੍ਹ ਵਿਚ ਚਲਾ ਗਿਆ ਸਾਂ ਤੇ ਮੇਰੇ ਮਗਰੋਂ ਤਹਿਕੀਕਾਤ ਬਾਈਕਾਟ ਕੀਤੀ ਗਈ। ਸਾਡੇ ਵਿੱਚੋਂ ਕਈ ਸ਼ੱਕ ਕਰਦੇ ਹਨ ਕਿ ਮਹਾਰਾਜਾ ਪਟਿਆਲਾ ਨੇ ਸਾਡੇ ਇਕ ਬੰਦੇ ਨੂੰ ਹੱਥ ਵਿਚ ਲੈ ਕੇ ਤਹਿਕੀਕਾਤ ਬਾਈਕਾਟ ਕਰਵਾ ਦਿੱਤੀ। ਇਸ ਤਰ੍ਹਾਂ ਮਹਾਰਾਜੇ ਲਈ ਤਾਂ ਮੈਦਾਨ ਖੁਲ੍ਹ ਗਿਆ। ਤਹਿਕੀਕਾਤ ਵਿਚ ਮਹਾਰਾਜਾ ਪਟਿਆਲਾ ਦੇ ਜ਼ਿੰਮੇਂ ਕੋਈ ਜ਼ੁਰਮ ਸਾਬਤ ਨਾ ਹੋਇਆ; ਭਾਵੇਂ ਅਸਲ ਵਿਚ ਉਹ ਸਭ ਜ਼ੁਰਮਾਂ ਦਾ ਭਾਗੀ ਸੀ।

☆ ☆ ☆

Academy of the Punjab in North America: http://www.apnaorg.com

# ਸਿਵਲ ਨਾ-ਫ਼ਰਮਾਨੀ

ਇਹ ਤਹਿਕੀਕਾਤ ੧੯੩੦ ਵਿਚ ਹੋਈ ਸੀ ਜਦ ਦੂਜੇ ਪਾਸੇ ਕਾਂਗਰਸ ਨੇ ਸਿਵਲ ਨਾ-ਫ਼ੁਰਮਾਨੀ ਸ਼ੁਰੂ ਕੀਤੀ ਹੋਈ ਸੀ। ਕਾਂਗਰਸ ਦੀ ਸਿਵਲ ਨਾ-ਫ਼ੁਰਮਾਨੀ ੧੯੩੦ ਦੇ ਸ਼ੁਰੂ ਵਿਚ ਹੀ ਸ਼ੁਰੂ ਹੋਈ ਸੀ। ਪਿਸ਼ਾਵਰ ਦੇ ਪਠਾਣਾਂ ਵਿਚ ਬਹੁਤ ਜੋਸ਼ ਸੀ ਤੇ ਉਨ੍ਹਾਂ ਉੱਤੇ ਬਹੁਤ ਸਖ਼ਤੀ ਹੋਈ। ਜਦ ਸਖ਼ਤੀ ਹੋ ਰਹੀ ਸੀ ਤਾਂ ਮੈਂ ਇਕ ਸੌ ਅਕਾਲੀ ਸਿੰਘਾਂ ਦਾ ਜਥਾ ਲੈ ਕੇ ਅੰਮ੍ਰਿਤਸਰੋਂ ਪਿਸ਼ਾਵਰ ਵੱਲ ਤੁਰਿਆ ਸਾਂ ਪਰ ਰਾਹ ਵਿਚ ਹੀ ਗ੍ਰਿਫ਼ਤਾਰ ਹੋ ਗਿਆ ਸਾਂ ਤੇ ਮੈਨੂੰ ਗੁਜਰਾਤ ਜੇਲ੍ਹ ਵਿਚ ਘੱਲ ਦਿੱਤਾ ਗਿਆ ਸੀ; ਜਿੱਥੇ ਸਿਵਲ ਨਾ-ਫ਼ੁਰਮਾਨੀ ਦੇ ਬਹੁਤ ਸਾਰੇ ਲੀਡਰ ਰੱਖੇ ਹੋਏ ਸਨ। ਇੱਥੇ ਹੀ ਮੇਰੀ ਬਹੁਤ ਸਾਰੇ ਹਿੰਦੂ ਮੁਸਲਮਾਨ ਲੀਡਰਾਂ ਨਾਲ ਵਾਕਫ਼ੀ ਹੋਈ ਸੀ। ਸੰਨ ੧੯੩੧ ਵਿਚ 'ਗਾਂਧੀ-ਇਰਵਨ' ਸਮਝੌਤਾ ਹੋ ਗਿਆ ਤੇ ਅਸੀਂ ਸਭ ਰਿਹਾ ਹੋ ਗਏ। ਸਾਡੀ ਰਿਹਾਈ ਨਾਲ ਹੀ ਗੋਲਮੇਜ਼ ਕਾਨਫ਼ਰੰਸ ਉੱਤੇ ਜਾਣ ਦਾ ਸਿੱਖ ਪ੍ਰਤੀਨਿਧਤਾ ਲਈ ਝਗੜਾ ਪਿਆ। ਪੰਥ ਵਿਚ ਪਾਰਟੀਆਂ ਸਨ। ਨਤੀਜਾ ਇਹ ਨਿਕਲਿਆ ਕਿ ਸਰਕਾਰ ਨੇ ਆਪਣੀ ਮਰਜ਼ੀ ਦੇ ਪ੍ਰਤੀਨਿਧ ਘੱਲੇ। ਜੋ ਫ਼ੈਸਲਾ ਹੋਇਆ, ਉਹ ਅਜੇਹਾ ਸੀ, ਜਿਸ ਨਾਲ ਪੰਜਾਬ ਵਿਚ ਮੁਸਲਮ ਰਾਜ ਕਾਇਮ ਹੋ ਗਿਆ ਤੇ ਇਸ ਵੇਲੇ ਚੱਲ ਰਿਹਾ ਹੈ। ਇਸ ਦਾ ਇਹ ਭਾਵ ਨਹੀਂ ਹੈ ਕਿ ਸਿੱਖ ਪ੍ਰਤੀਨਿਧਾਂ ਨੇ ਵਲੈਤ ਜਾ ਕੇ ਕੋਈ ਕਮਜ਼ੋਰੀ ਕੀਤੀ ਸੀ। ਉਨ੍ਹਾਂ ਨੇ ਆਪਣੇ ਵਿਤ ਅਨੁਸਾਰ ਪੂਰਾ ਜ਼ੋਰ ਲਾਇਆ ਸੀ ਤੇ ਜੋ ਫ਼ੈਸਲਾ ਹੋਇਆ, ਉਨ੍ਹਾਂ ਦੀ ਮਰਜ਼ੀ ਦੇ ਵਿਰੁੱਧ ਹੀ ਹੋਇਆ ਸੀ।

੧੯੨੬ ਦੇ ਸਤੰਬਰ ਵਿਚ ਅਸੀਂ ਰਿਹਾ ਹੋਏ ਸਾਂ। ਰਿਹਾ ਹੋ ਕੇ ਅਸੀਂ ਸਾਰੇ ਸਿੱਧੇ ਅੰਮ੍ਰਿਤਸਰ ਆਏ ਸਾਂ। ਸਾਡੀ ਰਿਹਾਈ ਤੋਂ ਪਹਿਲਾਂ ਇਕ ਇਕੱਤ੍ਰਤਾ ਨਵੀਂ ਸ਼੍ਰੋਮਣੀ ਕਮੇਟੀ (ਜਾਂ ਸੈਂਟ੍ਰਲ ਬੋਰਡ) ਦੀ ਹੋ ਚੁੱਕੀ ਸੀ ਤੇ ਉਸ ਇਕੱਤ੍ਰਤਾ ਵਿਚ ਅਕਾਲੀ ਪਾਰਟੀ ਦੀ ਬੜੀ ਬਹੁ-ਸੰਮਤੀ ਸਿੱਧ ਹੋਈ ਸੀ। ਜਦ ਅਸੀਂ ਰਿਹਾ ਹੋਏ ਤਾਂ ਦੂਜੀ ਇਕੱਤ੍ਰਤਾ ਸੀ, ਜਿਸ ਵਿਚ ਔਹਦੇਦਾਰ ਚੁਣੇ ਜਾਣੇ ਸਨ। ਪਹਿਲੀ ਇਕੱਤ੍ਰਤਾ ਵਿਚ ਮੈਂ ਵਾਈਸ ਪ੍ਰੈਜ਼ੀਡੈਂਟ ਚੁਣਿਆ ਗਿਆ, ਸ: ਖੜਕ ਸਿੰਘ ਜੀ ਅਜੇ ਜੇਲ੍ਹ ਵਿਚ ਹੀ ਸਨ ਤੇ ਉਹ ਪ੍ਰਧਾਨ ਚੁਣੇ ਗਏ ਸਨ। ਇਸ ਕਰਕੇ ਬਤੌਰ ਮੀਤ ਪ੍ਰਧਾਨ ਸ਼੍ਰੋਮਣੀ ਕਮੇਟੀ ਦੇ ਕੰਮ ਦਾ ਸਭ ਤੋਂ ਵੱਡਾ ਜ਼ਿੰਮੇਂਵਾਰ ਮੈਂ ਹੀ ਸਾਂ। ਉਸ ਵੇਲੇ ਸ਼੍ਰੋਮਣੀ ਕਮੇਟੀ ਦਾ ਕੰਮ ਗੁਰਦੁਆਰਿਆਂ ਦੇ ਮੁਕੱਦਮੇ ਲੜਨਾ ਤੇ ਸਮਝੌਤੇ ਕਰਨਾ ਹੀ ਸੀ। ੧੯੨੨ ਦੀ ਹਾਰ ਮਗਰੋਂ ਕਾਂਗਰਸ ਦੀ ਲਹਿਰ ਭੀ ਕਮਜ਼ੋਰ ਹੋ ਗਈ ਸੀ।

Academy of the Punjab in North America: http://www.apnaorg.com

ਸੀ. ਆਰ. ਦਾਸ ਜੀ ਤੇ ਪੰਡਿਤ ਮੋਤੀ ਲਾਲ ਜੀ ਨਹਿਰੂ ਨੇ ਸ੍ਵੈਰਾਜ ਪਾਰਟੀ ਬਣਾ ਕੇ ਪਾਰਲੀਮੈਂਟਰੀ ਪ੍ਰੋਗਰਾਮ ਕੁਝ ਚਲਾਇਆ ਸੀ, ਪਰ ਹਿੰਦੂ-ਮੁਸਲਮ ਫਸਾਦਾਂ ਨੇ ਦੇਸ਼ ਦਾ ਵਾਯੂ-ਮੰਡਲ ਖ਼ਰਾਬ ਕੀਤਾ ਹੋਇਆ ਸੀ। ੧੯੨੯ ਵਿਚ ਕੁਝ ਆਗੂਆਂ ਨੇ ਮਿਲ ਕੇ ਹਿੰਦੂ-ਮੁਸਲਮ ਝਗੜੇ ਦਾ ਹੱਲ ਕੱਢਣ ਦਾ ਜਤਨ ਕੀਤਾ। ਪੰਡਿਤ ਮੋਤੀ ਲਾਲ ਨਹਿਰੂ ਦੀ ਪ੍ਰਧਾਨਗੀ ਹੇਠਾਂ ਇਕ ਕਮੇਟੀ ਬਣੀ, ਜਿਸ ਨੇ ਹਿੰਦੂ ਮੁਸਲਮ ਸਮਝੌਤੇ ਦਾ ਹੱਲ ਆਪਣੀ ਸਮਝ ਅਨੁਸਾਰ ਕੱਢਿਆ। ਸਿੱਖਾਂ ਵੱਲੋਂ ਉਸ ਕਮੇਟੀ ਵਿਚ ਸ: ਮੰਗਲ ਸਿੰਘ ਜੀ ਸਨ। ਇਸ ਰਿਪੋਟ ਦੇ ਨਿਕਲਣ ਉੱਤੇ ਮੈਂ ਵਿਰੋਧਤਾ ਕੀਤੀ ਤੇ ਸਿੱਖਾਂ ਵਿੱਚੋਂ ਸਭ ਤੋਂ ਪਹਿਲਾਂ ਪੰਡਿਤ ਨਹਿਰੂ ਜੀ ਵੱਲ ਪ੍ਰੋਟੈਸਟ ਦੀ ਤਾਰ ਦਿੱਤੀ। ਸ: ਮੰਗਲ ਸਿੰਘ ਜੀ ਇਸ ਰਿਪੋਟ ਉੱਤੇ ਦਸਖ਼ਤ ਕਰ ਆਏ ਸਨ। ਅਕਾਲੀ ਪਾਰਟੀ ਵਿਚ ਦੋ ਰਾਵਾਂ ਹੋ ਗਈਆਂ। ਗਿਆਨੀ ਸ਼ੇਰ ਸਿੰਘ ਜੀ ਸਾਡੀ ਵਿਰੋਧੀ ਪਾਰਟੀ ਦੇ ਲੀਡਰ ਸਨ। ਉਨ੍ਹਾਂ ਨੇ ਭੀ ਨਹਿਰੂ ਰਿਪੋਟ ਦੇ ਵਿਰੁੱਧ ਪ੍ਰੋਟੈਸਟ ਕੀਤਾ। ਸੈਂਟਰਲ ਸਿੱਖ ਲੀਗ ਦੀ ਅੰਤ੍ਰਿੰਗ ਕਮੇਟੀ ਦੀ ਇਕੱਤ੍ਰਤਾ ਸਿੱਖ ਮਿਸ਼ਨਰੀ ਕਾਲਜ ਵਿਚ ਹੋਈ। 'ਨਹਿਰੂ ਰਿਪੋਟ' ਦੇ ਹੱਕ ਵਾਲੇ ਤੇ ਵਿਰੋਧੀ ਦੋਵੇਂ ਧੜੇ ਤੁਲੇ ਹੋਏ ਸਨ ਤੇ ਸ: ਖੜਕ ਸਿੰਘ ਜੀ ਉਸ ਵੇਲੇ ਤੱਕ ਗ਼ੈਰ-ਜਾਨਬਦਾਰ ਸਨ। ਮੀਟਿੰਗ ਵਿਚ ਸਪੀਚਾਂ ਹੋਈਆਂ ਤੇ ਸਪੀਚਾਂ ਨੇ ਸ: ਖੜਕ ਸਿੰਘ ਜੀ ਉੱਤੇ ਅਸਰ ਕੀਤਾ ਤੇ ਉਹ ਸਾਡੇ ਵੱਲ ਹੋ ਗਏ। ਉਨ੍ਹਾਂ ਦੇ ਸਾਡੇ ਵੱਲ ਰਾਏ ਪ੍ਰਗਟ ਕਰਨ ਨਾਲ ਸਾਡਾ ਪਲੜਾ ਭਾਰੀ ਹੋ ਗਿਆ ਤੇ ਅਸੀਂ ਜਿੱਤ ਗਏ। ਫਿਰ ਸੈਂਟਰਲ ਸਿੱਖ ਲੀਗ ਦਾ ਸਾਲਾਨਾ ਸਮਾਗਮ ਗੁਜਰਾਂਵਾਲੇ ਵਿਚ ਕੀਤਾ ਗਿਆ ਤੇ ਉਸ ਵਿਚ ਨਹਿਰੂ ਰਿਪੋਟ ਨੂੰ ਨਾ-ਮਨਜ਼ੂਰ ਕੀਤਾ ਗਿਆ। ਸਾਰੇ ਪੰਥ ਵਿਚ ਨਹਿਰੂ ਰਿਪੋਟ ਦੀ ਵਿਰੋਧਤਾ ਸ਼ੁਰੂ ਹੋ ਗਈ।

੧੯੨੯ ਦਾ ਕਾਂਗਰਸ ਦਾ ਸਾਲਾਨਾ ਸਮਾਗਮ ਲਾਹੌਰ ਹੋਣਾ ਸੀ। ਹੁਣ ਤਾਂ ਸ: ਖੜਕ ਸਿੰਘ ਜੀ ਨਹਿਰੂ ਰਿਪੋਟ ਦੇ ਵਿਰੁੱਧ ਸਖ਼ਤ ਹੋ ਗਏ ਸਨ। ਸ: ਖੜਕ ਸਿੰਘ ਜੀ ਦੀ ਰਾਏ ਸੀ ਕਿ ਨਹਿਰੂ ਰਿਪੋਟ ਦੇ ਕਾਰਨ ਕਾਂਗਰਸ ਦਾ ਬਾਈਕਾਟ ਕੀਤਾ ਜਾਵੇ ਤੇ ਮੇਰੀ ਰਾਏ ਸੀ ਕਿ ਰਿਪੋਟ ਦੀ ਵਿਰੋਧਤਾ ਕਰੋ ਪਰ ਕਾਂਗਰਸ ਦਾ ਬਾਈਕਾਟ ਨਹੀਂ ਕਰਨਾ ਚਾਹੀਦਾ। ਸ: ਖੜਕ ਸਿੰਘ ਜੀ ਦੀ ਇਹ ਰਾਏ ਲਾਇਲਪੁਰ ਸੈਂਟਰਲ ਸਿੱਖ ਲੀਗ ਦੇ ਸਮਾਗਮ ਦੇ ਸਮੇਂ ਤੋਂ ਕੁਝ ਦਿਨ ਪਹਿਲਾਂ ਸਾਨੂੰ ਪਤਾ ਲੱਗੀ ਸੀ। ਸ: ਖੜਕ ਸਿੰਘ ਜੀ ਦੀ ਉਸ ਸਮਾਗਮ ਵਿਚ ਘੱਟ-ਸੰਮਤੀ ਸੀ। ਇਸ ਕਰਕੇ ਉਨ੍ਹਾਂ ਦੇ ਹਮਾਇਤੀਆਂ ਨੇ ਸਮਾਗਮ ਵਿਚ ਰੌਲਾ ਪਾਣਾ ਸ਼ੁਰੂ ਕਰ ਦਿੱਤਾ। ਮੈਂ ਸਮਾਗਮ ਦਾ ਪ੍ਰਧਾਨ ਸਾਂ। ਇਸ ਰੌਲੇ ਵਿਚ ਮਹਾਰਾਜਾ ਪਟਿਆਲਾ ਦੇ ਏਜੰਟਾਂ ਦਾ ਭੀ ਹੱਥ ਸੀ। ਮਹਾਰਾਜੇ ਦੀ ਉਸ ਵੇਲੇ ਮੇਰੇ ਨਾਲ ਖ਼ਾਸ ਤੌਰ 'ਤੇ ਜ਼ਿਦ ਸੀ ਕਿਉਂਕਿ ਉਨ੍ਹਾਂ ਦਿਨਾਂ ਵਿਚ ਮੈਂ ਮਹਾਰਾਜੇ ਨੂੰ ਤਕੜੀ ਹਾਰ ਦੇ ਚੁੱਕਾ ਸਾਂ। ਇਸ ਦਾ ਜ਼ਿਕਰ ਮੈਂ ਅੱਗੇ ਚੱਲ ਕੇ ਵਿਸਥਾਰ ਨਾਲ ਕਰਾਂਗਾ। ਮੈਂ ਸ: ਖੜਕ ਸਿੰਘ ਜੀ ਨੂੰ ਬੇਨਤੀ ਕੀਤੀ ਕਿ ਉਹ ਸਮਾਗਮ ਅੱਗੇ ਅਪੀਲ ਕਰਨ ਕਿ ਰੌਲਾ ਨਹੀਂ ਚਾਹੀਦਾ, ਪਰ ਸ: ਖੜਕ

Academy of the Punjab in North America: http://www.apnaorg.com

ਸਿੰਘ ਜੀ ਨੇ ਕੁਝ ਕਹਿਣੋ ਨਾਂਹ ਕਰ ਦਿੱਤੀ। ਰੌਲਾ ਪੈਂਦਾ ਰਿਹਾ ਤੇ ਰੌਲੇ ਵਿਚ ਹੀ ਸਮਾਗਮ ਖ਼ਤਮ ਕਰ ਦਿੱਤਾ ਗਿਆ। ਮੈਂ ਨਹੀਂ ਚਾਹੁੰਦਾ ਸਾਂ ਕਿ ਇਸ ਨੁਕਤੇ ਉੱਤੇ ਸਿੱਖਾਂ ਵਿਚ ਪਾਰਟੀਆਂ ਬਣ ਜਾਣ। ਇਸ ਕਰਕੇ ਮੈਂ ਸ: ਖੜਕ ਸਿੰਘ ਜੀ ਕੋਲ ਸਿਆਲਕੋਟ ਪੁੱਜਾ ਤੇ ਉਨ੍ਹਾਂ ਨਾਲ ਸਮਝੌਤਾ ਕਰ ਲਿਆ। ਹੋਰ ਤਾਂ ਬਥੇਰੇ ਝਗੜਾ ਪਾਉਂਦੇ ਸਨ, ਪਰ ਬੇਸ਼ੱਕ ਕਾਂਗਰਸ ਦਾ ਬਾਈਕਾਟ ਰੱਖਣ ਪਰ ਮੈਨੂੰ ਕਾਂਗਰਸ ਦੇ ਸਮਾਗਮ ਵਿਚ ਜਾਣ ਦੀ ਖੁਲ੍ਹ ਹੋਵੇਗੀ।

ਕਾਂਗਰਸ ਦੇ ਸਮਾਗਮ ਉੱਤੇ ਮਹਾਤਮਾ ਗਾਂਧੀ ਜੀ ਪੰਡਿਤ ਨਹਿਰੂ ਜੀ ਤੇ ਡਾਕਟਰ ਅਨੁਸਾਰੀ ਜੀ ਲਾਹੌਰ ਆਏ ਤੇ ਇਨ੍ਹਾਂ ਸਭ ਦਾ ਮੇਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫ਼ਤਰ ਲਾਹੌਰ ਵਿਚ ਹੋਇਆ। ਕਾਂਗਰਸ ਨੇ ਨਹਿਰੂ ਰਿਪੋਟ ਵਾਪਸ ਲੈਣੀ ਭੀ ਮੰਨ ਲਈ ਤੇ ਅੱਗੋਂ ਲਈ ਸਿੱਖਾਂ ਨੂੰ ਇਹ ਭਰੋਸਾ ਦੇਣਾ ਭੀ ਮੰਨ ਲਿਆ ਕਿ ਕਾਂਗਰਸ ਕੋਈ ਅਜੇਹਾ ਫ਼ਿਰਕੇਦਾਰਨਾਂ ਸਮਝੌਤਾ ਨਹੀਂ ਕਰੇਗੀ, ਜਿਸ ਨਾਲ ਮੁਸਲਮਾਨਾਂ, ਸਿੱਖਾਂ ਤੇ ਹੋਰ ਘੱਟ-ਸੰਮਤੀਆਂ ਦੀ ਪੂਰੀ ਤਸੱਲੀ ਨਾ ਹੋਵੇ। ਜਦ ਇਹ ਫ਼ੈਸਲਾ ਹੋ ਗਿਆ ਤਾਂ ਦੂਜੇ ਦਿਨ ਸ: ਖੜਕ ਸਿੰਘ ਜੀ ਨੇ ਇਹ ਕਹਿ ਦਿੱਤਾ ਕਿ ਉਹ ਕਾਂਗਰਸ ਦਾ ਤਦ ਤੱਕ ਕੋਈ ਕੰਮ ਨਹੀਂ ਕਰਨਗੇ, ਜਦ ਤੱਕ ਕਿ ਕੌਮੀ ਝੰਡੇ ਵਿਚ ਸਿੱਖਾਂ ਦਾ ਕੇਸਰੀ ਰੰਗ ਨਾ ਪੈ ਜਾਵੇ। ਕੇਸਰੀ ਰੰਗ ਭੀ ਕਾਂਗਰਸ ਨੇ ਪਾਣਾ ਮਗਰੋਂ ਮੰਨ ਲਿਆ ਪਰ ਸ: ਖੜਕ ਸਿੰਘ ਜੀ ਕ਼ਹਿਣ ਲੱਗੇ ਕਿ ਉਨ੍ਹਾਂ ਨਾਲ ਧੋਖਾ ਹੋਇਆ ਹੈ, ਕੇਸਰੀ ਰੰਗ ਖ਼ਾਲਸੇ ਦਾ ਨਹੀਂ ਹੈ; ਇਸ ਲਈ ਜਦ ਤੱਕ ਪੀਲਾ ਜਾਂ ਕਾਲਾ ਰੰਗ ਝੰਡੇ ਵਿਚ ਨਾ ਪਵੇ ਉਹ ਕਿਸੇ ਕੰਮ ਵਿਚ ਸ਼ਾਮਲ ਨਹੀਂ ਹੋ ਸਕਦੇ ਹਨ।

ਪਰ ਚੂੰਕਿ ਝੰਡੇ ਦੇ ਰੰਗ ਦਾ ਫ਼ੌਰੀ ਫ਼ੈਸਲਾ ਨਹੀਂ ਸੀ ਹੋ ਸਕਦਾ ਤੇ ਕਾਂਗਰਸ ਸਿਵਲ ਨਾ-ਫ਼ੁਰਮਾਨੀ ਸ਼ੁਰੂ ਹੋਣ ਵਾਲੀ ਸੀ; ਇਸ ਕਰਕੇ ਅਸਾਂ ਤਾਂ ਸਿਵਲ ਨਾ-ਫ਼ੁਰਮਾਨੀ ਵਿਚ ਸ਼ਾਮਲ ਹੋਣ ਦਾ ਇਰਾਦਾ ਕਰ ਲਿਆ ਤੇ ਸਰਦਾਰ ਖੜਕ ਸਿੰਘ ਜੀ ਅੱਡਰੇ ਹੀ ਬੈਠੇ ਰਹੇ।

੧੯੩੦ ਦੀ ਚੋਣ ਵਿਚ ਅਕਾਲੀ ਪਾਰਟੀ ਪਹਿਲਾਂ ਨਾਲੋਂ ਵਧੇਰੇ ਤਾਕਤ ਵਿਚ ਆਈ। ੧੯੩੩ ਵਿਚ ਹੋਰ ਵਧੇਰੇ ਤਾਕਤ ਵਿਚ ਆਈ। ਮਹਾਰਾਜਾ ਪਟਿਆਲਾ ਨਾਲ ਝਗੜਾ ਲੱਗਾ ਹੀ ਰਿਹਾ। ੧੯੩੪ ਵਿਚ ਸਰਦਾਰ ਸੇਵਾ ਸਿੰਘ ਜੀ ਠੀਕਰੀ ਵਾਲੇ (ਪਟਿਆਲਾ ਦੇ ਅਕਾਲੀਆਂ ਦੇ ਲੀਡਰ) ਜੇਲ੍ਹ ਵਿਚ ਭੁੱਖ ਹੜਤਾਲ ਕਰਕੇ ਚਲਾਣਾ ਕਰ ਗਏ। ਮੈਂ ਉਸ ਵੇਲੇ ਕੁਝ ਮਹੀਨਿਆਂ ਤੋਂ ਕੰਮ ਕਾਜ ਛੱਡ ਕੇ ਪੰਜਾਬੋਂ ਬਾਹਰ ਗਿਆ ਹੋਇਆ ਸਾਂ। ਮੈਨੂੰ ਸ: ਸੇਵਾ ਸਿੰਘ ਜੀ ਦੇ ਚੜ੍ਹਾਈ ਕਰ ਜਾਣ ਦੀ ਖ਼ਬਰ ਦਿੱਲੀ ਮਿਲੀ। ਫਿਰ ਮਹਾਰਾਜੇ ਨਾਲ ਝਗੜਾ ਸ਼ੁਰੂ ਹੋਇਆ। ਆਖ਼ਰ ਸਮਝੌਤਾ ਹੋ ਗਿਆ। ਉਸ ਵੇਲੇ ਥੋੜ੍ਹੇ ਹੀ ਅਕਾਲੀ ਕੈਦੀ ਜੇਲ੍ਹ ਵਿਚ ਸਨ। ਉਹ ਰਿਹਾ ਹੋ ਗਏ ਤੇ ਜਿਸ ਇਕ ਅੱਧ ਦੀ ਜਾਇਦਾਦ ਵਾਪਸ ਹੋਣੀ ਰਹਿੰਦੀ ਸੀ, ਉਹ ਭੀ ਵਾਪਸ ਹੋ ਗਈ ਤੇ ਸਮਝੌਤਾ ਹੋ ਗਿਆ। ਸ: ਖੜਕ ਸਿੰਘ ਜੀ ਇਸ ਸਮਝੌਤੇ

Academy of the Punjab in North America: http://www.apnaorg.com

ਤੋਂ ਪਹਿਲਾਂ ਹੀ ਸਾਡੇ ਨਾਲੋਂ ਨਿੱਖੜ ਚੁੱਕੇ ਸਨ। ੧੯੩੦ ਦੀ ਸਿਵਲ ਨਾ-ਫ਼ੁਰਮਾਨੀ ਵਿਚ ਤਾਂ ਉਹ ਇਸ ਵਾਸਤੇ ਸ਼ਾਮਲ ਨਹੀਂ ਸਨ ਹੋਏ ਕਿ ਉਸ ਵੇਲੇ ਤੱਕ ਸਿੱਖਾਂ ਦਾ ਰੰਗ ਕੌਮੀ ਝੰਡੇ ਵਿਚ ਅਮਲੀ ਤੌਰ 'ਤੇ ਨਹੀਂ ਸੀ ਪਿਆ; ਭਾਵੇਂ ਇਸ ਦੇ ਪੈਣ ਦਾ ਇਕਰਾਰ ਹੋ ਚੁੱਕਾ ਸੀ ਪਰ ਮਗਰੋਂ ਉਹ ਪੱਕੇ ਕਾਂਗਰਸ ਦੇ ਵਿਰੋਧੀ ਹੋ ਚੁੱਕੇ ਸਨ ਅਤੇ ਗੁਰਦੁਆਰਾ ਸੀਸ ਗੰਜ ਉੱਤੇ ਗੋਲੀ ਚੱਲਣ ਦੀ ਐਜੀਟੇਸ਼ਨ ਦੀ ਭੀ ਵਿਰੋਧਤਾ ਕਰਦੇ ਸਨ। ਉਨ੍ਹਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇ ਛੱਡਿਆ ਸੀ ਤੇ ਮੈਨੂੰ ਜੇਲ੍ਹ ਵਿਚ ਬੈਠੇ ਨੂੰ ਹੀ ਪ੍ਰਧਾਨ ਚੁਣ ਲਿਆ ਗਿਆ ਸੀ।

ਸ: ਖੜਕ ਸਿੰਘ ਜੀ ਦਾ ਪੁੱਤ ਤੇ ਦੋ ਭਤੀਜੇ ਪਟਿਆਲੇ ਮੁਲਾਜ਼ਮ ਹੋ ਚੁੱਕੇ ਸਨ। ਜਦ ਸ: ਸੇਵਾ ਸਿੰਘ ਜੀ ਜੇਲ੍ਹ ਵਿਚ ਸ਼ਹੀਦ ਹੋਏ ਤਾਂ ਅਕਾਲੀ ਜਥਾ ਪਟਿਆਲਾ ਦੇ ਕੁਝ ਸੇਵਕ ਸਰਦਾਰ ਜੀ ਕੋਲ ਪੁੱਜੇ ਤੇ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਮਹਾਰਾਜਾ ਪਟਿਆਲਾ ਦੇ ਇਸ ਜ਼ੁਲਮ ਵਿਰੁੱਧ ਕੋਈ ਬਿਆਨ ਤਾਂ ਦੇਣ ਪਰ ਸਰਦਾਰ ਜੀ ਨੇ ਇਸ ਮਹਾਂ ਜ਼ੁਲਮ ਉੱਤੇ ਰੋਸ ਪ੍ਰਗਟ ਕਰਨੋਂ ਭੀ ਨਾਂਹ ਕਰ ਦਿੱਤੀ। ਸਾਡੇ ਸਮਝੌਤੇ ਮਗਰੋਂ ਮਹਰਾਜਾ ਪਟਿਆਲਾ ਨੇ ਸ: ਖੜਕ ਸਿੰਘ ਜੀ ਦਾ ਪੁੱਤਰ ਤੇ ਦੋਵੇਂ ਭਤੀਜੇ ਕੱਢ ਦਿੱਤੇ।

✡ ✡ ✡

Academy of the Punjab in North America: http://www.apnaorg.com

# ੧੯੩੦ ਦੀ ਸਿਵਲ ਨਾ-ਫ਼ੁਰਮਾਨੀ

ਪਿੱਛੇ ਮੈਂ ਲਿਖ ਚੁੱਕਾ ਹਾਂ ਕਿ ੧੯੩੦ ਵਿਚ ਕਾਂਗਰਸ ਨੇ ਸਿਵਲ ਨਾ-ਫ਼ੁਰਮਾਨੀ ਸ਼ੁਰੂ ਕੀਤੀ। ਸ਼੍ਰੋਮਣੀ ਅਕਾਲੀ ਦਲ ਨੇ ਇਸ ਵਿਚ ਹਿੱਸਾ ਲੈਣ ਦਾ ਫ਼ੈਸਲਾ ਕੀਤਾ। ਉਨ੍ਹਾਂ ਦਿਨਾਂ ਵਿਚ ਸਭ ਤੋਂ ਵੱਧ ਜੋਸ਼ ਸਰਹੱਦੀ ਸੂਬੇ ਵਿਚ ਉੱਠਿਆ ਸੀ। ਪਠਾਣਾਂ ਉੱਤੇ ਬਹੁਤ ਸਖ਼ਤੀ ਹੋਈ ਸੀ। ਸ਼੍ਰੋਮਣੀ ਕਮੇਟੀ ਦੀ ਚੋਣ ਹੋ ਚੁੱਕੀ ਸੀ ਤੇ ਮੈਂ ਇਕ ਸੌ ਸਿੰਘਾਂ ਦਾ ਜਥਾ ਲੈ ਕੇ ਪਠਾਣਾਂ ਦੀ ਮਦਦ ਲਈ ਪੈਦਲ ਤੁਰਿਆ। ਮੈਂ ਤਾਂ ਲਾਹੌਰ ਪੁੱਜਣ ਤੋਂ ਪਹਿਲਾਂ ਹੀ ਗ੍ਰਿਫ਼ਤਾਰ ਹੋ ਗਿਆ ਸਾਂ ਬਾਕੀ ਜਥੇ ਨੂੰ ਜਿਹਲਮ ਸ਼ਹਿਰ ਲੰਘ ਕੇ ਬਹੁਤ ਮਾਰ-ਕੁਟਾਈ ਕੀਤੀ ਗਈ ਸੀ ਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਜਦ ਮੈਂ ਜਥਾ ਲੈ ਕੇ ਪਿਸ਼ਾਵਰ ਵੱਲ ਤਿਆਰ ਸਾਂ ਤਦ ਦਿੱਲੀ ਤੋਂ ਖ਼ਬਰ ਪੁੱਜੀ ਕਿ ਗੁਰਦੁਆਰਾ ਸੀਸ ਗੰਜ ਉੱਤੇ ਗੋਲੀ ਚੱਲ ਗਈ ਹੈ। ਕਾਂਗਰਸ ਵਾਲੰਟੀਅਰਾਂ ਉੱਤੇ ਬਾਜ਼ਾਰ ਵਿਚ ਲਾਠੀ ਚੱਲੀ ਤੇ ਉਹ ਭੱਜ ਕੇ ਗੁਰਦੁਆਰੇ ਵਿਚ ਆ ਵੜੇ। ਮਲੂਮ ਹੁੰਦਾ ਹੈ ਕਿ ਗੁਰਦੁਆਰੇ ਵਿੱਚੋਂ ਕੋਈ ਇੱਟ-ਵੱਟਾ ਪੁਲਿਸ ਉੱਤੇ ਸੁੱਟਿਆ ਗਿਆ ਸੀ। ਪੁਲਿਸ ਨੇ ਬੇਤਹਾਸ਼ਾ ਗੋਲੀ ਚਲਾਈ ਸੀ। ਕੁਝ ਮੌਤਾਂ ਹੋਈਆਂ ਸਨ, ਕੁਝ ਜ਼ਖ਼ਮੀ ਹੋਏ ਸਨ ਤੇ ਗੁਰਦੁਆਰੇ ਦੀਆਂ ਅੰਦਰਲੀਆਂ ਕੰਧਾਂ ਵਿਚ ਗੋਲੀਆਂ ਧਸ ਗਈਆਂ ਸਨ। ਇਹ ਬੜੀ ਹੱਤਕ ਵਾਲੀ ਗੱਲ ਹੋਈ ਸੀ। ਇਸ ਖ਼ਬਰ ਉੱਤੇ ਪਹਿਲਾਂ ਤਾਂ ਇਹ ਖ਼ਿਆਲ ਹੋਇਆ ਕਿ ਮੈਂ ਜਥਾ ਲੈ ਕੇ ਦਿੱਲੀ ਵੱਲ ਹੀ ਤੁਰ ਪਵਾਂ, ਪਰ ਆਖ਼ਰੀ ਵੇਲੇ ਪ੍ਰੋਗਰਾਮ ਬਦਲਣ ਨਾਲ ਕਾਂਗਰਸੀ ਹਲਕਿਆਂ ਵਿਚ ਗ਼ਲਤ-ਫ਼ਹਿਮੀ ਖਿਲਰਨ ਦਾ ਡਰ ਸੀ; ਇਸ ਲਈ ਮੈਂ ਤਾਂ ਪਿਛਲੇ ਪ੍ਰੋਗਰਾਮ ਅਨੁਸਾਰ ਹੀ ਟੁਰ ਗਿਆ।

ਮਗਰੋਂ ਕਿਸੇ ਪ੍ਰੋਗਰਾਮ ਉੱਤੇ ਇਤਫ਼ਾਕ ਨਾ ਹੋਵੇ। ਆਖ਼ਰ ਪ੍ਰੋਗਰਾਮ ਇਹ ਬਣਿਆ ਕਿ ਰੋਸ ਵਜੋਂ ਬਿਦੇਸ਼ੀ ਦੁਕਾਨਾਂ ਉੱਤੇ ਪਿਕਟਿੰਗ ਕੀਤੀ ਜਾਵੇ। ਇਸ ਪ੍ਰੋਗਰਾਮ ਨਾਲ ਸ: ਖੜਕ ਸਿੰਘ ਜੀ ਅਸਹਿਮਤ ਸਨ ਪਰ ਨਿਰੇ ਉਹ ਅਸਹਿਮਤ ਹੀ ਨਾ ਰਹੇ, ਉਨ੍ਹਾਂ ਇਸ ਪ੍ਰੋਗਰਾਮ ਦੇ ਵਿਰੁੱਧ ਲੈਕਚਰ ਭੀ ਕੀਤੇ। ਨਤੀਜਾ ਇਹ ਨਿਕਲਿਆ ਕਿ ਪ੍ਰੋਗਰਾਮ ਫ਼ੇਹਲ ਹੋ ਗਿਆ ਤੇ ਸ: ਖੜਕ ਸਿੰਘ ਜੀ ਨਾਲ ਅਕਾਲੀਆਂ ਦਾ ਵਿਰੋਧ ਪੱਕਾ ਹੋ ਗਿਆ।

ਕਾਂਗਰਸ ਦੀ ਇਹ ਸਿਵਲ ਨਾ-ਫ਼ਰਮਾਨੀ ਕਾਮਯਾਬ ਹੋਈ, ਕਿਉਂਕਿ ਸਰਕਾਰ ਨੇ ਗਾਂਧੀ ਜੀ ਨਾਲ ਸਮਝੌਤਾ ਕੀਤਾ ਤੇ ਸਾਰੇ ਕਾਂਗਰਸੀ ਕੈਦੀ ਰਿਹਾ ਕਰ ਦਿੱਤੇ ਗਏ। ਇਸ ਸਮਝੌਤੇ ਅਨੁਸਾਰ ਗਾਂਧੀ ਜੀ ਨੇ ਗੋਲਮੇਜ਼ ਕਾਨਫ਼ਰੰਸ ਉੱਤੇ ਜਾਣਾ ਮੰਨਿਆ

Academy of the Punjab in North America: http://www.apnaorg.com

ਸੀ। ਗੋਲਮੇਜ਼ ਕਾਨਫ਼ਰੰਸ ਹੋਈ। ਉਸ ਵਿਚ ਆਪੋ ਵਿਚ ਕੋਈ ਫ਼ੈਸਲਾ ਨਾ ਹੋ ਸਕਿਆ। ਵਜ਼ੀਰ ਹਿੰਦ ਨੇ ਫ਼ਿਰਕੂ ਫੈਸਲਾ ਕਰ ਦਿੱਤਾ ਜੋ ਅੱਜ-ਕਲ੍ਹ ਚੱਲ ਰਿਹਾ ਹੈ। ਇਸ ਫ਼ੈਸਲੇ ਅਨੁਸਾਰ ਪੰਜਾਬ ਵਿਚ ਪੱਕੀ ਮੁਸਲਮ ਬਹੁ-ਸੰਮਤੀ ਕਰ ਦਿੱਤੀ ਗਈ। ਇਸ ਗੱਲ ਕਰਕੇ ਸਿੱਖਾਂ ਵਿਚ ਬਹੁਤ ਜੋਸ਼ ਉੱਠਿਆ। ਸਿੱਖ ਰਈਸਾਂ ਵਿਚ ਭੀ ਗੁੱਸਾ ਭੜਕਿਆ, ਜੋ ਸਦਾ ਸਰਕਾਰ ਨਾਲ ਰਿਹਾ ਕਰਦੇ ਸਨ। ਉਨ੍ਹਾਂ ਨੇ ਇਕ ਕਰੜਾ ਬਿਆਨ ਅਖ਼ਬਾਰਾਂ ਵਿਚ ਛਪਵਾਇਆ। ਉਨ੍ਹਾਂ ਦੀ ਕਰੜਾਈ ਨੇ ਸਿੰਘਾਂ ਦੇ ਹੋਰ ਹੌਂਸਲੇ ਵਧਾ ਦਿੱਤੇ। ਮਹਾਰਾਜਾ ਰਣਜੀਤ ਸਿੰਘ ਜੀ ਦੀ ਸਮਾਧ ਉੱਤੇ ਸਭ ਸਿੱਖ ਪਾਰਟੀਆਂ ਦਾ ਇਕੱਠ ਹੋਇਆ ਤੇ ਉਸ ਵਿਚ ਫ਼ਿਰਕੂ ਫੈਸਲੇ ਦੀ ਵਿਰੋਧਤਾ ਉੱਤੇ ਡਟਣ ਦੇ ਪ੍ਰਣ ਕੀਤੇ ਗਏ। ਉੱਧਰ ਸ਼ਿਮਲੇ ਤੋਂ ਸਿੱਖ ਰਈਸਾਂ ਵੱਲੋਂ ਸੁਨੇਹਾ ਪੁੱਜਾ ਕਿ ਮੁਸਲਮਾਨਾਂ ਨਾਲ ਸਮਝੌਤਾ ਹੋ ਸਕਦਾ ਹੈ। ਅਸੀਂ ਉੱਥੇ ਪੁੱਜੇ। ਉੱਥੇ ਸਮਝੌਤੇ ਦੀਆਂ ਗੱਲਾਂਬਾਤਾਂ ਹੋਈਆਂ ਤਾਂ ਸਾਨੂੰ ਸਮਝ ਪਈ ਕਿ ਸਿੱਖ ਰਈਸ ਤਕੜਾ ਬਿਆਨ ਕੱਢ ਤਾਂ ਚੁੱਕੇ ਹਨ ਪਰ ਆਪਣੀ ਗੱਲ ਉੱਤੋਂ ਖਿਸਕੇ ਹੋਏ ਹਨ। ਮੁਸਲਮਾਨਾਂ ਨੇ ਸਰਕਾਰ ਤੱਕ ਇਹ ਖ਼ਬਰ ਪੁਚਾਈ ਕਿ ਸਿੱਖ ਫ਼ਿਰਕੂ ਫੈਸਲਾ ਮੰਨ ਗਏ ਹਨ। ਇਹ ਗੱਲ ਵਲੈਤੀ ਅਖ਼ਬਾਰਾਂ ਵਿਚ ਛਪ ਗਈ। ਪਤਾ ਨਹੀਂ ਇਹ ਉਸਤਾਦੀ ਮੁਸਲਮ ਆਗੂਆਂ ਨੇ ਕੀਤੀ ਕਿ ਕਿਸੇ ਸਿੱਖ ਰਈਸ ਦੀ ਕਮਜ਼ੋਰੀ ਕਰ ਕੇ ਇਹੋ ਜੇਹੀ ਖ਼ਬਰ ਛਪੀ। ਇਤਨੀ ਗੱਲ ਠੀਕ ਹੈ ਕਿ ਸਿੱਖ ਰਈਸ ਪਹਿਲੀ ਭੱਬਕੀ ਮਗਰੋਂ ਐਵੇਂ ਹੀ ਝੱਗ ਵਾਂਗੂੰ ਬਹਿ ਗਏ ਸਨ। ਇਤਨੇ ਦਿਨਾਂ ਲਈ ਸਮਝੌਤੇ ਦੀਆਂ ਗੱਲਾਂਬਾਤਾਂ ਨੇ ਸਿੱਖਾਂ ਵਿਚ ਜੋਸ਼ ਠੰਢਾ ਕਰ ਦਿੱਤਾ। ਫ਼ਿਰਕੂ ਫੈਸਲਾ ਦਿੱਤਾ ਗਿਆ ਤੇ ਇਸ ਦੀ ਕਾਨੂੰਨੀ ਵਿਰੋਧਤਾ ਹੀ ਹੁੰਦੀ ਰਹੀ।

ਇਸ ਥਾਂ ਵਿਚਾਰ ਵਾਲੀ ਗੱਲ ਇਹ ਹੈ ਕਿ ਸਿੱਖਾਂ ਨੂੰ ਤਾਂ ਪਿਛਲੀ ਰਾਜ ਬਣਤਰ ਨਾਲ ਭੀ ਰੋਸ ਸੀ ਕਿ ਉਨ੍ਹਾਂ ਦੇ ਹੱਕਾਂ ਦੀ ਪੂਰੀ ਤਰ੍ਹਾਂ ਰਾਖੀ ਨਹੀਂ ਕੀਤੀ ਗਈ। ਉਸ ਤੋਂ ਪਹਿਲਾਂ ਆਮ ਤੌਰ 'ਤੇ ਸਿੱਖਾਂ ਨੂੰ ਪੰਜਾਬ ਵਿਚ ਤੀਜਾ ਹਿੱਸਾ ਮਿਲਦਾ ਸੀ। ਸਰਕਾਰ ਨੂੰ ਇਸ ਗੱਲ ਦਾ ਪਤਾ ਸੀ ਤੇ ਕਈ ਅਫ਼ਸਰ ਮੰਨਦੇ ਭੀ ਰਹੇ ਸਨ ਕਿ ਸਿੱਖਾਂ ਨਾਲ ਇਨਸਾਫ਼ ਨਹੀਂ ਹੋਇਆ। ਫਿਰ ਇੱਥੇ ਪੱਕੀ ਮੁਸਲਮ ਬਹੁ-ਸੰਮਤੀ ਕਾਇਮ ਕਰਕੇ ਕਿਉਂ ਸਿੱਖਾਂ ਨੂੰ ਪੱਕਾ ਗ਼ੁਲਾਮ ਬਣਾਇਆ ਗਿਆ। ਇਸ ਦੇ ਦੋ ਕਾਰਨ ਹੋ ਸਕਦੇ ਹਨ। ਇਕ ਤਾਂ ਇਹ ਕਿ ਸਰਕਾਰ ਸਿੱਖਾਂ ਤੋਂ ਅਕਾਲੀ ਲਹਿਰ ਵਿਚ ਬਹੁਤ ਔਖੀ ਹੋਈ ਸੀ ਤੇ ਸਿੱਖਾਂ ਨੂੰ ਹੋਰ ਕਮਜ਼ੋਰ ਕਰਨਾ ਚਾਹੁੰਦੀ ਸੀ। ਇਸ ਗੱਲ ਦਾ ਸਬੂਤ ਇਹ ਭੀ ਹੈ ਕਿ ਇਕ ਵੇਰਾਂ ਸਰਕਾਰ ਨੇ ਇਕ ਮਾੜਾ ਜਿਹਾ ਗੁਰਦੁਆਰਾ ਕਾਨੂੰਨ ਬਣਾ ਦਿੱਤਾ ਤੇ ਉਹ ਸਿੱਖਾਂ ਦੇ ਗਲ ਮੜ੍ਹਨਾ ਚਾਹੁੰਦੀ ਸੀ। ਸਿੱਖਾਂ ਨੇ ਸਖ਼ਤ ਵਿਰੋਧਤਾ ਕੀਤੀ ਸੀ। ਇਹ ਕਾਨੂੰਨ ਮੁਸਲਮਾਨਾਂ ਦੀ ਮਦਦ ਨਾਲ ਪਾਸ ਕੀਤਾ ਗਿਆ ਸੀ। ਹਿੰਦੂਆਂ ਨੇ ਇਸ ਮੌਕੇ ਉੱਤੇ ਸਿੱਖਾਂ ਦਾ ਸਾਥ ਦਿੱਤਾ ਸੀ। ਮੁਸਲਮਾਨ ਭੀ ਉਸ ਸਮੇਂ ਸਿੱਖਾਂ ਨਾਲ ਵਿਗਾੜਨਾ ਨਹੀਂ ਚਾਹੁੰਦੇ ਸਨ ਪਰ ਸਰ ਫ਼ਜ਼ਲ ਹੁਸੈਨ ਨੇ ਮੁਸਲਮਾਨ ਮੈਂਬਰਾਂ ਨੂੰ ਕਿਹਾ ਸੀ ਕਿ ਇਸ ਵੇਲੇ ਸਰਕਾਰ

Academy of the Punjab in North America: http://www.apnaorg.com

ਦਾ ਸਾਥ ਦਿਓ ਤੇ ਫਿਰ ਸਭ ਕੁਝ ਲਵੋ। ਇਸ ਤੋਂ ਸ਼ੱਕ ਪੈਂਦਾ ਹੈ ਕਿ ਉਸ ਵੇਲੇ ਦੇ ਜ਼ਿੰਮੇਂਵਾਰ ਸਰ ਜਾਨ ਮੇਨਾਰਡ ਨੇ ਸਰ ਫਜ਼ਲ ਹੁਸੈਨ ਨਾਲ ਕੋਈ ਇਹੋ ਜਿਹਾ ਇਕਰਾਰ ਕਰ ਦਿੱਤਾ ਸੀ। ਇਹ ਤਾਂ ਠੀਕ ਹੈ ਕਿ ਉਸ ਵੇਲੇ ਤੋਂ ਪੰਜਾਬ ਵਿਚ ਮੁਸਲਮਾਨਾਂ ਦਾ ਵਧੇਰੇ ਲਿਹਾਜ਼ ਹੋਣ ਲੱਗ ਗਿਆ ਤੇ ਸਿੱਖਾਂ ਨੂੰ ਪਿੱਛੇ ਸੁੱਟਣਾ ਸ਼ੁਰੂ ਹੋ ਗਿਆ। ਦੂਜਾ ਕਾਰਨ ਇਹ ਭੀ ਹੋ ਸਕਦਾ ਹੈ ਕਿ ਦੁਨੀਆਂ ਦੀ ਕੌਮਾਂਤਰੀ ਪੋਜ਼ੀਸ਼ਨ ਤੇ ਹਿੰਦੁਸਤਾਨ ਦੀ ਪੋਲਿਟੀਕਲ ਹਾਲਤ ਅਜੇਹੀ ਹੋ ਗਈ ਸੀ ਕਿ ਅੰਗਰੇਜ਼ਾਂ ਲਈ ਮੁਸਲਮਾਨਾਂ ਨੂੰ ਨਾਲ ਰੱਖਣਾ ਜ਼ਰੂਰੀ ਹੋ ਗਿਆ ਸੀ। ਭਾਵੇਂ ਇਹ ਕਾਰਨ ਹੋਵੇ ਕਿ ਮੁਸਲਮਾਨਾਂ ਨੂੰ ਰਾਜ਼ੀ ਰੱਖਣ ਲਈ ਸਿੱਖਾਂ ਨੂੰ ਕਮਜ਼ੋਰ ਕੀਤਾ ਜਾ ਰਿਹਾ ਹੋਵੇ। ਭਾਵੇਂ ਸਿੱਖਾਂ ਤੋਂ ਅਕਾਲੀ ਲਹਿਰ ਦਾ ਬਦਲਾ ਲਿਆ ਜਾ ਰਿਹਾ ਹੋਵੇ ਤੇ ਅੱਗੇ ਲਈ ਸਿੱਖਾਂ ਨੂੰ ਕਮਜ਼ੋਰ ਰੱਖਣ ਵਿਚ ਹੀ ਸਰਕਾਰ ਆਪਣੀ ਹਕੂਮਤ ਦੀ ਮਜ਼ਬੂਤੀ ਦੇਖ ਰਹੀ ਹੋਵੇ, ਪਰ ਗੱਲ ਇਹ ਸਪੱਸ਼ਟ ਹੈ ਕਿ ਇਸ ਜੰਗ ਦੇ ਸ਼ੁਰੂ ਤੱਕ ਸਿੱਖਾਂ ਨੂੰ ਸਰਕਾਰ ਦੇ ਅਸਰ ਰੱਖਣ ਵਾਲੇ ਹਰ ਪਾਸੇ ਵਿਚ ਕਮਜ਼ੋਰੀ ਪੁੱਜੀ। ਜੰਗ ਸ਼ੁਰੂ ਹੋਣ ਉੱਤੇ ਕੁਝ ਅਫ਼ਸਰਾਂ ਦਾ ਰਵੱਈਆਂ ਬਦਲਿਆ ਹੈ ਤੇ ਸਿੱਖਾਂ ਦੀਆਂ ਅੱਖਾਂ ਪੂੰਝਣ ਲਈ ਕੁਝ ਲੱਲੋ-ਪੱਤੋ ਕੀਤੀ ਭੀ ਗਈ ਹੈ, ਪਰ ਅਜੇ ਤਕ ਅੰਗਰੇਜ਼ਾਂ ਦੀ ਦਿਮਾਗ਼ੀ ਦਸ਼ਾ ਬਦਲੀ ਨਹੀਂ ਹੈ। ਅੰਗੇਰਜ਼ਾਂ ਨੂੰ ਸਿੱਖਾਂ ਉੱਤੇ ਸ਼ੱਕ ਹੈ। ਇਸ ਸ਼ੱਕ ਦਾ ਇਕ ਕਾਰਨ ਇਹ ਭੀ ਹੋ ਸਕਦਾ ਹੈ ਕਿ ਪੰਜਾਬ ਵਿਚ ਮੁਸਲਮ ਰਾਜ ਹੈ ਤੇ ਪੁਲਿਸ ਦੇ ਮਹਿਕਮੇ ਵਿਚ ਮੁਸਲਮਾਨਾਂ ਦਾ ਬਹੁਤ ਜ਼ੋਰ ਹੈ। ਪਿੱਛੇ ਜਿਹੇ ਕਲਕੱਤੇ, ਕਾਨਪੁਰ, ਨਾਗਪੁਰ, ਕਰਾਚੀ ਆਦਿਕ ਸਬੰਧੀ ਇਹ ਅਫ਼ਵਾਹਾਂ ਮਸ਼ਹੂਰ ਹੋਈਆਂ ਕਿ ਉੱਥੇ ਸਿੱਖ ਫ਼ੌਜੀਆਂ ਤੇ ਗੋਰਾ ਫ਼ੌਜੀਆਂ ਦੀਆਂ ਆਪੋ ਵਿਚ ਗੋਲੀਆਂ ਚੱਲ ਗਈਆਂ ਹਨ ਤੇ ਸੈਂਕੜੇ ਮਾਰੇ ਗਏ ਹਨ। ਇਹੋ ਜਿਹੀ ਅਫ਼ਵਾਹ ਫਿਰ ਮੇਰਠ ਸਬੰਧੀ ਮਸ਼ਹੂਰ ਹੋਈ। ਮੇਰਠ ਦੀ ਅਫ਼ਵਾਹ ਤਾਂ ਬਹੁਤ ਖਿਲਰੀ। ਮੈਨੂੰ ਕਿਸੇ ਨੇ ਸ਼ੱਕ ਪਾਇਆ ਕਿ ਇਹ ਅਫ਼ਵਾਹਾਂ ਪੰਜਾਬ ਦੀ ਸੀ. ਆਈ. ਡੀ. ਦੇ ਕੁਝ ਚਲਾਕ ਅਫ਼ਸਰ ਫੈਲਾ ਰਹੇ ਹਨ। ਮੈਂ ਮੇਰਠ ਆਦਮੀ ਘੱਲ ਕੇ ਪਤਾ ਲਿਆ ਤੇ ਇਹ ਅਫ਼ਵਾਹ ਭੀ ਦੂਜੀਆਂ ਵਾਂਗੂੰ ਹੀ ਬਿਲਕੁਲ ਝੂਠੀ ਤੇ ਬੇ-ਬੁਨਿਆਦ ਸੀ। ਮੈਂ ਤਰਦੀਦ ਕੀਤੀ ਤੇ ਮੁੜ ਕੋਈ ਅਫ਼ਵਾਹ ਇਸ ਤਰ੍ਹਾਂ ਦੀ ਨਹੀਂ ਖਿਲਰੀ। ਇਸ ਤੋਂ ਮੈਨੂੰ ਨਿਸਚਾ ਹੋ ਗਿਆ ਕਿ ਸਾਡੇ ਕੁਝ ਵੈਰੀ ਇਹ ਅਫ਼ਵਾਹਾਂ ਇਸ ਮਤਲਬ ਲਈ ਉਡਾ ਰਹੇ ਹਨ ਕਿ ਸਿੱਖਾਂ ਤੇ ਗੋਰਿਆਂ ਦੀ ਕਿਧਰੇ ਲੜਾਈ ਕਰਾ ਦਿੱਤੀ ਜਾਵੇ ਤਾਂ ਕਿ ਸਿੱਖ, ਅੰਗਰੇਜ਼ ਸ਼ੱਕ ਤੇ ਵੈਰ ਵਧੇ।

ਖ਼ੈਰ ਜੋ ਸ਼ੱਕ ਇਸ ਵੇਲੇ ਸਿੱਖਾਂ ਤੇ ਅੰਗਰੇਜ਼ਾਂ ਵਿਚ ਪੈ ਗਿਆ ਹੈ, ਇਹ ਕਾਫ਼ੀ ਡੂੰਘਾ ਹੈ ਤੇ ਇਸ ਦੇ ਕੱਢਣ ਲਈ ਖ਼ਾਸ ਉੱਦਮ ਦੀ ਲੋੜ ਹੈ। ਮੈਨੂੰ ਇਕ ਅੰਗਰੇਜ਼ ਦੋਸਤ ਨੇ (ਜੋ ਸਿੱਖਾਂ ਦਾ ਖ਼ਾਸ ਹਮਦਰਦ ਹੈ) ਕਿਹਾ ਕਿ ਅੰਗਰੇਜ਼ਾਂ ਵਿਚ ਇਹ ਗੱਲਬਾਤ ਹੁੰਦੀ ਹੈ ਕਿ ਸਿੱਖ ਆਗੂ ਆਪਣਾ ਕੰਮ ਕਢਵਾ ਤਾਂ ਲੈਂਦੇ ਹਨ ਤੇ ਜੰਗ ਵਿਚ ਕੋਈ ਮਦਦ ਨਹੀਂ ਦੇਂਦੇ। ਉਧਰੋਂ ਬਥੇਰੇ ਸਿੱਖ ਸੱਜਣ ਰੋਜ਼ ਮੇਰੇ ਨਾਲ ਗੱਲਬਾਤ

Academy of the Punjab in North America: http://www.apnaorg.com

ਕਰਦੇ ਹਨ ਕਿ ਅੰਗਰੇਜ਼ ਆਪਣਾ ਮਤਲਬ ਕੱਢ ਲੈਂਦੇ ਹਨ ਤੇ ਸਿੱਖਾਂ ਨੂੰ ਦੇਂਦੇ ਦਿਵਾਂਦੇ ਕੁਝ ਭੀ ਨਹੀਂ। ਇਹੋ ਜਿਹੀਆਂ ਗੱਲਾਂ ਦਾ ਕਾਰਨ ਕੇਵਲ ਸ਼ੱਕ ਹੀ ਹੈ। ਨਹੀਂ ਤਾਂ ਕੋਈ ਪੁੱਛੇ ਕਿ ਜਦ ਕਿਸੇ ਗੱਲ ਵਿਚ ਮਫਾਦ ਸਾਂਝੇ ਹੋਣ ਤਾਂ ਦੂਜੇ ਦੇ ਰਵੱਈਏ ਸਬੰਧੀ ਵਿਚਾਰ ਦੀ ਲੋੜ ਹੀ ਕੀ ਹੈ। ਸਿੱਖ ਆਪਣੀ ਫ਼ੌਜੀ ਤਾਕਤ ਕਾਇਮ ਰੱਖਣਾ ਚਾਹੁੰਦੇ ਹਨ। ਇਹ ਤਦ ਹੀ ਹੋ ਸਕਦਾ ਹੈ ਕਿ ਜੇ ਇਹ ਫ਼ੌਜ ਵਿਚ ਬਹਾਦਰੀ ਕਰਨ ਤੇ ਭਰੋਸੇਯੋਗ ਸਾਬਤ ਹੋਣ। ਇਸ ਗੱਲ ਵਿਚ ਸਿੱਖਾਂ ਦਾ ਆਪਣਾ ਮਤਲਬ ਹੈ। ਅੰਗਰੇਜ਼ ਸਿੱਖਾਂ ਕੋਲੋਂ ਫ਼ੌਜੀ ਕੰਮ ਲੈਣਾ ਚਾਹੁੰਦੇ ਹਨ। ਜਦ ਦੋਹਾਂ ਦੇ ਮਤਲਬ ਮਿਲ ਗਿਆ ਤਾਂ ਫਿਰ ਸ਼ੱਕ ਕੇਹੇ! ਜੇ ਅੰਗਰੇਜ਼ ਆਪਣਾ ਮਤਲਬ ਕੱਢ ਕੇ ਸਾਨੂੰ ਧੱਕ ਭੀ ਦੇਣਗੇ ਤਾਂ ਭੀ ਤਾਂ ਅਸਾਂ ਆਪਣੀ ਤਾਕਤ ਬਣਾ ਲਈ, ਜਿਸ ਨਾਲ ਉਨ੍ਹਾਂ ਨੂੰ ਇਕ ਹੱਦ ਤੱਕ ਅਸੀਂ ਭੀ ਔਖਾ ਕਰ ਸਕਾਂਗੇ। ਜੇ ਅਸੀਂ ਫ਼ੌਜੀ ਤਾਕਤ ਖੋ ਬੈਠੇ ਤਾਂ ਨਾ ਕਿਸੇ ਨੂੰ ਸਾਡਾ ਲਿਹਾਜ਼ ਤੇ ਨਾ ਡਰ। ਫ਼ੌਜੀ ਤਾਕਤ ਤੇ ਇਕ ਹੋਰ ਪਾਸੇ ਉੱਤੇ ਕੁਝ ਹੋਰ ਚਾਨਣਾ ਮੈਂ ਅੱਗੇ ਚੱਲ ਕੇ ਪਾਵਾਂਗਾ।

ਜਦ ਫ਼ਿਰਕੂ ਫੈਸਲਾ ਦਿੱਤਾ ਗਿਆ ਤਾਂ ਅਕਾਲੀ ਪਾਰਟੀ ਤੇ ਸਰਦਾਰ ਬਹਾਦਰ ਪਾਰਟੀ (ਦੂਜੀ ਪਾਰਟੀ ਨੂੰ ਅਸੀਂ ਸਰਦਾਰ ਬਹਾਦਰ ਪਾਰਟੀ ਕਹਿੰਦੇ ਸਾਂ) ਦੋਹਾਂ ਨੇ ਰਲ ਕੇ ਖ਼ਾਲਸਾ ਦਰਬਾਰ ਬਣਾਇਆ ਤੇ ਐਜੀਟੇਸ਼ਨ ਕਰਨ ਉੱਤੇ ਲੱਕ ਬੱਧਾ ਪਰ ਇਹ ਮੇਲ ਬਾਹਲਾ ਚਿਰ ਨਾ ਨਿਭਿਆ ਤੇ ਦੋਵੇਂ ਪਾਰਟੀਆਂ ਅੱਡੋ-ਅੱਡਰੇ ਜਲਸੇ ਹੀ ਕਰਦੀਆਂ ਰਹੀਆਂ। ਸਰਿਆ ਕੁਝ ਭੀ ਨਾ। ਹਾਲਤ ਖ਼ਰਾਬ ਹੀ ਹੁੰਦੀ ਗਈ। ਕੁਝ ਸੱਜਣਾਂ ਨੇ ਸਮਝੌਤਾ ਕਰਨ ਦਾ ਜਤਨ ਕੀਤਾ ਪਰ ਜਦ ਉਹ ਮਾਯੂਸ ਹੋ ਗਏ ਤਾਂ ਉਨ੍ਹਾਂ ਨੇ ਮੈਨੂੰ ਤੇ ਗਿਆਨੀ ਸ਼ੇਰ ਸਿੰਘ ਜੀ ਨੂੰ ਲਿਖਿਆ ਕਿ ਅਸੀਂ ਦੋਵੇਂ ਕੁਝ ਚਿਰ ਲਈ ਪਬਲਿਕ ਕੰਮਾਂ ਤੋਂ ਅੱਡਰੇ ਹੋ ਜਾਈਏ। ਗਿਆਨੀ ਜੀ ਨੇ ਤਾਂ ਇਸ ਗੱਲ ਦੀ ਕੋਈ ਕੀਮਤ ਨਾ ਸਮਝੀ ਤੇ ਮੈਂ ਕੁਝ ਚਿਰ ਲਈ ਪੰਜਾਬੋਂ ਬਾਹਰ ਬਿਲਕੁਲ ਅੱਡਰਾ ਰਹਿਣ ਦਾ ਫ਼ੈਸਲਾ ਕਰ ਲਿਆ, ਇਸ ਤੋਂ ਪਹਿਲਾਂ ਮੈਂ ਬਰਮਾ ਜਾ ਰਿਹਾ ਸਾਂ ਤੇ ਬਰਮਾ ਤੋਂ ਮੁੜ ਕੇ ਰਾਹ ਵਿੱਚੋਂ ਹੀ ਮੈਂ ਅੱਡਰਾ ਹੋਇਆ ਸਾਂ। ਬਰਮਾ ਤੋਂ ਮੁੜਦੇ ਹੋਏ ਪਹਿਲਾਂ ਤਾਂ ਮੈਂ ਇਕ ਦਿਨ ਸਹਾਰਨਪੁਰ ਰਿਹਾ, ਉੱਥੋਂ ਦੂਜੇ ਦਿਨ ਮੈਂ ਅਬਦੁੱਲਾਪੁਰ ਦੇ ਰਾਹ ਪਾਉਂਟੇ ਸਾਹਿਬ ਨੂੰ ਤੁਰ ਪਿਆ। ਇਕ ਰਾਤ ਮੈਂ ਅਬਦੁੱਲਾਪੁਰ ਹੀ ਕੱਟੀ ਤੇ ਦੂਜੀ ਰਾਤ ਮੈਂ ਤਾਜੇ ਵਾਲੇ ਜਾ ਰਿਹਾ। ਤਾਜੇ ਵਾਲੇ ਤੋਂ ਜਮਨਾ ਦਰਿਆ ਵਿੱਚੋਂ ਨਹਿਰ ਨਿਕਲਦੀ ਹੈ। ਪਾਣੀ ਖ਼ੂਬ ਠੰਢਾ ਹੈ ਤੇ ਉੱਥੇ ਇਸ਼ਨਾਨ ਦਾ ਖ਼ੂਬ ਅਨੰਦ ਆਇਆ। ਹੁਣ ਮੈਂ ਤਾਜੇ ਵਾਲੇ ਤੋਂ ਪਾਉਂਟੇ ਸਾਹਿਬ ਨੂੰ ਤੁਰ ਪਿਆ। ਮਹੀਨਾ ਜੁਲਾਈ ਦਾ ਸੀ। ਰਾਹ ਜੰਗਲ ਵਿੱਚੋਂ ਸੀ। ਰਾਹ ਵਿਚ ਬਾਰਸ਼ ਲੱਗ ਪਈ ਤੇ ਰਾਹ ਵਿਚ ਇਕ ਥਾਂ ਜੰਗਲ ਦੇ ਅਫ਼ਸਰ ਦੇ ਰਹਿਣ ਦੀ ਕੋਠੀ ਬਣੀ ਹੋਈ ਸੀ। ਇਹ ਕੋਠੀ ਕੁਲੇਸਰ ਦੇ ਜੰਗਲ ਵਿਚ ਸੀ। ਬਾਰਸ਼ ਲੱਗਣ ਉੱਤੇ ਮੈਂ ਕੋਠੀ ਦੇ ਬਰਾਂਡੇ ਵਿਚ ਇਕ ਮੇਜ਼ ਉੱਤੇ ਚੜ੍ਹ ਕੇ ਬਹਿ ਗਿਆ। ਕੁਝ ਚਿਰ ਮੈਂ ਉੱਥੇ ਬੈਠਾ ਸਾਂ ਕਿ ਜੰਗਲ ਦਾ ਅਫ਼ਸਰ ਉੱਥੇ ਆ ਗਿਆ। ਇਹ ਅਫ਼ਸਰ ਇਕ

Academy of the Punjab in North America: http://www.apnaorg.com

ਰਾਜਪੂਤ ਸੀ ਤੇ ਉਸ ਦਾ ਨਾਮ ਰਣਬੀਰ ਸਿੰਘ ਸੀ। ਮੀਆਂ ਰਣਬੀਰ ਸਿੰਘ ਨੇ ਮੈਨੂੰ ਪ੍ਰਸ਼ਾਦ ਭੀ ਛਕਾਇਆ। ਉੱਥੇ ਹੀ ਮੈਂ ਉਰਦੂ ਦਾ ਅਖ਼ਬਾਰ ਮਿਲਾਪ ਪਿਆ ਵੇਖਿਆ, ਜਿਸ ਵਿਚ ਮੇਰੀ ਉਹ ਚਿੱਠੀ ਛਪੀ ਸੀ, ਜਿਸ ਵਿਚ ਮੈਂ ਪਬਲਿਕ ਤੋਂ ਅੱਡਰੇ ਹੋਣ ਦਾ ਐਲਾਨ ਕੀਤਾ ਸੀ। ਮੀਆਂ ਰਣਬੀਰ ਸਿੰਘ ਜੀ ਨੇ ਮੇਰੇ ਕੋਲੋਂ ਪਤਾ ਪੁੱਛਿਆ ਪਰ ਉਹ ਇਹ ਨਾ ਸਮਝ ਸਕੇ ਕਿ ਮੈਂ ਉਹੋ ਹਾਂ, ਜਿਸ ਦੀ ਚਿੱਠੀ ਅਖ਼ਬਾਰਾਂ ਵਿਚ ਛਪੀ ਸਾਹਮਣੇ ਪਈ ਸੀ। ਰੋਟੀ ਬਣਨ ਤੇ ਖਾਣ ਵਿਚ ਕਿਤਨਾ ਹੀ ਵਕਤ ਲੱਗ ਗਿਆ। ਮੈਂ ਉੱਥੋਂ ਆਪਣੀ ਗੁੱਥੀ ਚੁੱਕ ਕੇ ਟੁਰ ਪਿਆ। ਧੁੱਪ ਤੇਜ਼ ਹੋ ਗਈ। ਹਵਾ ਬੰਦ ਹੋ ਗਈ ਤੇ ਡਾਢਾ ਵੱਟ ਲੱਗਾ। ਕੁਲੇਸਰ ਦੇ ਬੰਗਲੇ ਤੋਂ ਅਜੇ ਮੈਂ ਦੋ ਕੁ ਮੀਲ ਹੀ ਗਿਆ ਹੋਵਾਂਗਾ ਕਿ ਮੈਂ ਬਹੁਤ ਥੱਕ ਗਿਆ। ਜੰਗਲ ਵਿਚ ਦੀ ਜਮਨਾ ਦਰਿਆ ਤੋਂ ਨਿਕਲੀ ਇਕ ਧਾਰਾ ਰਾਹ ਵਿਚ ਆਉਂਦੀ ਹੈ। ਇਹ ਧਾਰਾ ਟੱਪ ਕੇ ਮੈਂ ਉੱਥੇ ਛਾਂਵੇਂ ਲੇਟ ਗਿਆ। ਉੱਥੇ ਦੋ ਮੁੰਡੇ ਜੋ ਭਰਾ ਸਨ ਤੇ ਸਿੱਖ ਸਨ, ਮੈਨੂੰ ਮਿਲੇ। ਮੈਂ ਬਹੁਤ ਥੱਕਿਆ ਹੋਇਆ ਸਾਂ ਤੇ ਵੱਲ ਫੇਰ ਨਾਲ ਅਜੇਹੀਆਂ ਗੱਲਾਂ ਕਰਦਾ ਸਾਂ ਕਿ ਉਹ ਮੁੰਡੇ ਮੈਨੂੰ ਰਾਤ ਰਹਿਣ ਲਈ ਕਹਿਣ। ਉਹ ਮੁੰਡੇ ਲਾਗੇ ਹੀ ਇਕ ਪਿੰਡ ਦੇ ਸਨ। ਉਨ੍ਹਾਂ ਨੇ ਮੈਨੂੰ ਰਹਿਣ ਲਈ ਨਾ ਕਿਹਾ। ਉੱਧਰੋਂ ਕਪੂਰਥਲੇ ਦੇ ਜਥੇਦਾਰ ਪਿਆਰਾ ਸਿੰਘ ਜੀ ਸਾਹਮਣਿਓਂ ਆਉਂਦੇ ਮਿਲ ਪਏ। ਮੈਂ ਉਨ੍ਹਾਂ ਨੂੰ ਸਮਝਾਇਆ ਕਿ ਮੇਰੇ ਇੱਧਰ ਜਾਣ ਦੀ ਖ਼ਬਰ ਕਿਸੇ ਨੂੰ ਨਾ ਦੇਣ। ਥੋੜ੍ਹਾ ਚਿਰ ਉਹਨਾਂ ਨਾਲ ਗੱਲਬਾਤ ਕਰਕੇ ਮੈਂ ਟੁਰ ਪਿਆ ਤੇ ਅੱਗੇ ਰਾਹ ਵਿਚ ਇਕ ਅੰਬ ਦਾ ਦਰਖ਼ਤ ਵੇਖਿਆ, ਜਿਸ ਦੀ ਛਾਂ ਹੇਠ ਲੱਕੜਾਂ ਗੱਡ ਕੇ ਤੇ ਉੱਤੇ ਫੱਟੇ ਜੋੜ ਕੇ ਮੇਜ਼ ਜਿਹਾ ਬਣਿਆ ਹੋਇਆ ਸੀ। ਮੈਂ ਤਿਹਾਇਆ ਭੀ ਸਾਂ। ਮੈਂ ਉਸ ਮੇਜ਼ ਉੱਤੇ ਚੜ੍ਹ ਕੇ ਲੇਟ ਗਿਆ। ਲਾਗੇ ਹੀ ਇਕ ਛੱਪਰੀ ਜਿਹੀ ਸੀ; ਜਿਸ ਵਿਚ ਇਕ ਛੋਟਾ ਜਿਹਾ ਸਿੱਖ ਮੁੰਡਾ ਤੇ ਦੋ ਕੁੜੀਆਂ ਖੇਡ ਰਹੀਆਂ ਸਨ। ਮੈਂ ਮੁੰਡੇ ਨੂੰ ਸੱਦ ਕੇ ਆਪਣੀ ਗੜਵੀ ਉਸ ਨੂੰ ਦਿੱਤੀ ਕਿ ਮੈਨੂੰ ਪਾਣੀ ਲਿਆ ਦੇਹ। ਪਿੰਡ ਨਾਲ ਹੀ ਸੀ। ਮੁੰਡਾ ਗੜਵੀ ਵਿਚ ਪਾਣੀ ਭਰ ਲਿਆਇਆ, ਪਰ ਉਸ ਦੇ ਨਾਲ ਵੱਡਾ ਬੰਦਾ ਕੋਈ ਨਾ ਆਇਆ। ਪਾਣੀ ਪੀ ਕੇ ਮੁੰਡੇ ਤੋਂ ਮੈਂ ਪਾਉਂਟੇ ਸਾਹਿਬ ਦਾ ਰਾਹ ਪੁੱਛਿਆ। ਮੁੰਡਾ ਕੁਝ ਨਹੀਂ ਦੱਸ ਸਕਦਾ ਸੀ ਤੇ ਉਸ ਨੇ ਮੈਨੂੰ ਇਕ ਹੋਰ ਛੱਪਰੀ ਦੱਸੀ ਤੇ ਕਿਹਾ ਉਥੋਂ ਪੁੱਛ। ਮੈਂ ਉਸ ਛੱਪਰੀ ਵੱਲ ਗਿਆ ਤੇ ਅੱਗੇ ਉਸ ਛੱਪਰੀ ਵਿਚ ਲੰਗਰ ਲੱਗਾ ਹੋਇਆ ਸੀ ਤੇ ਇਕ ਸਿੱਖ ਸੰਤ ਬੈਠਾ ਸੀ। ਮੈਂ ਉਸ ਤੋਂ ਮੁੜ ਪਾਣੀ ਮੰਗਿਆ, ਉਸ ਸੰਤ ਨੇ ਮੈਨੂੰ ਕਿਹਾ ਕਿ ਅੱਜ ਇੱਥੇ ਹੀ ਠਹਿਰੋ ਤੇ ਸਵੇਰੇ ਚਲੇ ਜਾਣਾ। ਮੈਂ ਭਾਲਦਾ ਹੀ ਇਹੋ ਗੱਲ ਸਾਂ ਕਿਉਂਕਿ ਬਹੁਤ ਥੱਕਿਆ ਪਿਆ ਸਾਂ। ਮੈਂ ਰਾਤ ਉੱਥੇ ਹੀ ਠਹਿਰ ਗਿਆ।

ਦੂਜੇ ਦਿਨ ਸਵੇਰੇ ਮੈਂ ਪਾਉਂਟੇ ਸਾਹਿਬ ਪੁੱਜ ਗਿਆ। ਗੁਰਦੁਆਰਾ ਜਮਨਾ ਦੇ ਕੰਢੇ ਹੈ। ਹੁਣ ਮੈਨੂੰ ਗੁਰਦੁਆਰੇ ਵੱਲ ਜਾਣੋਂ ਝੱਕ ਆਵੇ ਕਿਉਂਕਿ ਮੈਨੂੰ ਪਤਾ ਸੀ ਕਿ ਮਹੰਤ ਲਹਿਣਾ ਸਿੰਘ ਜੀ ਮੈਨੂੰ ਪਛਾਣ ਲੈਣਗੇ। ਮੈਂ ਦਰਿਆ ਕੰਢੇ ਬਹਿ ਕੇ

Academy of the Punjab in North America: http://www.apnaorg.com

ਇਸ਼ਨਾਨ ਕੀਤਾ। ਉੱਥੇ ਹੀ ਇਕ ਬੰਦਰ ਆ ਗਿਆ। ਮੇਰੇ ਕੋਲ ਭੁੱਜੇ ਛੋਲਿਆਂ ਦੇ ਕੁਝ ਦਾਣੇ ਸਨ ਜੋ ਮੈਂ ਅਬਦੁੱਲਾਪੁਰ ਤੋਂ ਲਏ ਸਨ। ਮੈਂ ਇਹ ਦਾਣੇ ਉਸ ਬੰਦਰ ਨੂੰ ਦਿੱਤੇ।

ਆਖ਼ਰ ਕੁਝ ਚਿਰ ਉੱਥੇ ਠਹਿਰ ਕੇ ਮੈਂ ਗੁਰਦੁਆਰੇ ਵੱਲ ਗਿਆ। ਗੁਰਦੁਆਰੇ ਦੇ ਦੁਆਲੇ ਕੰਧ ਸੀ ਤੇ ਵਿਚ ਇਕ ਰਾਹ ਸੀ। ਮੈਂ ਉਸ ਰਾਹ ਲੰਘਣ ਲੱਗਾ ਤਾਂ ਵੇਖਿਆ ਕਿ ਸਾਹਮਣੇ ਅੰਬ ਹੇਠਾਂ ਸ: ਅਮਰ ਸਿੰਘ ਜੀ ਖਾਲਸਾ ਬੈਠੇ ਹੋਏ ਸਨ। ਉਨ੍ਹਾਂ ਭੀ ਮੈਨੂੰ ਵੇਖ ਲਿਆ ਤੇ ਵੇਖਦੇ ਸਾਰ ਮੁਸਕਰਾਂਦੇ ਹੋਏ, ਉਹ ਮੇਰੇ ਵੱਲ ਆਏ। ਮੈਂ ਸਮਝ ਲਿਆ ਕਿ ਉਨ੍ਹਾਂ ਨੂੰ ਪਤਾ ਹੈ ਕਿ ਮੈਂ ਕਿਸ ਤਰ੍ਹਾਂ ਆ ਰਿਹਾ ਹਾਂ। ਮੈਂ ਉਨ੍ਹਾਂ ਨੂੰ ਪੱਕਾ ਕੀਤਾ ਕਿ ਕਿਸੇ ਨੂੰ ਨਾ ਦੱਸਣ। ਮੈਂ ਉੱਥੇ ਕੁਝ ਮਹੀਨੇ ਠਹਿਰਿਆ। ਇਹ ਸਮਾਂ ਮੈਂ ਬੜੀ ਸ਼ਾਂਤੀ ਨਾਲ ਕੱਟਿਆ। ਲਿਖਣ ਪੜ੍ਹਨ ਜਾਂ ਭਜਨ ਪਾਠ ਬਿਨਾਂ ਮੈਨੂੰ ਹੋਰ ਕੋਈ ਕੰਮ ਹੀ ਨਹੀਂ ਸੀ। ਇਕ ਪਿੰਡ ਵਿਚ ਮੈਂ ਇਕ ਦਿਨ ਗਿਆ ਤੇ ਉੱਥੇ ਵੇਲੇ ਸਿਰ ਰੋਟੀ ਨਾ ਖਾਧੀ ਕਿਉਂਕਿ ਮੈਨੂੰ ਕਿਸੇ ਪੁੱਛਿਆ ਨਾ ਤੇ ਮੰਗ ਮੈਂ ਨਹੀਂ ਸੀ ਸਕਦਾ। ਇਹ ਪਿੰਡ ਸਿੱਖਾਂ ਦਾ ਸੀ। ਕੁਝ ਜ਼ਨਾਨੀਆਂ ਨੂੰ ਪਤਾ ਲੱਗਾ ਤੇ ਸ਼ਾਮ ਨੂੰ ਉਹ ਮਿੱਠੇ ਚਾਵਲ ਆਦਿ ਕਈ ਚੀਜ਼ਾਂ ਬਣਾ ਕੇ ਲੈ ਆਈਆਂ। ਇਤਨੀ ਕੁਝ ਗੱਲ ਵਿਚ ਮੈਨੂੰ ਸੰਤ ਸਮਝਿਆ ਜਾਣ ਲੱਗਾ। ਮੈਂ ਇਸ ਗੱਲ ਤੋਂ ਘਬਰਾਇਆ ਤੇ ਦੂਜੇ ਦਿਨ ਹਨ੍ਹੇਰੇ ਹੀ ਉੱਥੋਂ ਖਿਸਕ ਗਿਆ। ਇਕ ਵੇਰਾਂ ਮੈਂ ਪਾਉਂਟੇ ਸਾਹਿਬ ਤੋਂ ਹਰਪਟ ਬਾਜ਼ਾਰ ਆਇਆ ਤੇ ਦੋ ਤਿੰਨ ਦਿਨ ਉੱਥੇ ਠਹਿਰਿਆ। ਇਕ ਦਿਨ ਮੈਂ ਇਕ ਬਰਸਾਤੀ ਨਾਲੇ ਵਿਚ ਇਕ ਦਰਖ਼ਤ ਦੀ ਛਾਵੇਂ ਬੈਠਾ ਸਾਂ ਪਹਿਲਾਂ ਤਾਂ ਉੱਥੋਂ ਇਕ ਛੋਟਾ ਜਿਹਾ ਸੱਪ ਡਿੱਗਾ ਜੋ ਪੱਥਰ ਮਾਰ ਕੇ ਮੈਂ ਮਾਰ ਦਿੱਤਾ। ਦਿਨ ਗਰਮੀ ਦੇ ਸਨ ਤੇ ਮੈਂ ਪੱਗ ਲਾਹ ਕੇ ਬੈਠਾ ਸਾਂ। ਤਲਵਾਰ ਮੇਰੇ ਗੋਡਿਆਂ ਉੱਤੇ ਰੱਖੀ ਸੀ। ਫੇਰ ਇਕ ਮੁੰਡਾ ਨਾਲ ਦੀ ਛੱਪੜੀ ਵਿੱਚੋਂ ਮਹੀਆਂ ਮੋੜਨ ਆਇਆ। ਉਹ ਮਹੀਆਂ ਮੋੜ ਕੇ ਲੈ ਗਿਆ ਤੇ ਮੈਂ ਕੋਈ ਧਿਆਨ ਨਾ ਕੀਤਾ। ਉੱਥੇ ਅੱਗੇ ਉਸ ਨਾਲੇ ਸਬੰਧੀ ਇਹ ਮਸ਼ਹੂਰ ਸੀ ਕਿ ਉੱਥੇ ਦੇਉ ਪੈਂਦਾ ਹੈ। ਉਹ ਮੁੰਡਾ ਘਰ ਗਿਆ ਤੇ ਜਾ ਕੇ ਉਸ ਨੂੰ ਤਾਪ ਚੜ੍ਹ ਗਿਆ। ਉਸ ਨੇ ਘਰ ਵਾਲਿਆਂ ਨੂੰ ਕਿਹਾ ਕਿ ਮੈਂ ਦੇਉ ਵੇਖ ਆਇਆ ਹਾਂ ਤੇ ਉਸ ਦੀ ਵੱਡੀ-ਵੱਡੀ ਦਾੜ੍ਹੀ ਹੈ ਤੇ ਤਲਵਾਰ ਲਈ ਬੈਠਾ ਹੈ। ਮੁੰਡੇ ਦਾ ਪਿਉ ਆ ਗਿਆ। ਉਸ ਨੇ ਮੇਰੇ ਨਾਲ ਗੱਲਬਾਤ ਕਰਕੇ ਤਸੱਲੀ ਕਰ ਲਈ ਤੇ ਕਹਿਣ ਲੱਗਾ ਕਿ ਮੇਰਾ ਮੁੰਡਾ ਡਰ ਗਿਆ ਹੈ ਤੇ ਚੱਲੋ ਉਸ ਨੂੰ ਚੱਲ ਕੇ ਤਸੱਲੀ ਦੇਵੋ ਕਿ ਤੁਸੀਂ ਦੇਉ ਨਹੀਂ। ਪਹਿਲਾਂ ਤਾਂ ਮੈਂ ਉਸ ਨਾਲ ਟੁਰ ਪਿਆ। ਥੋੜ੍ਹੇ ਕਦਮ ਜਾ ਕੇ ਮੈਂ ਉਸ ਆਦਮੀ ਨੂੰ ਕਿਹਾ ਕਿ ਕਿਧਰੇ ਮੁੰਡਾ ਮੈਨੂੰ ਵੇਖ ਕੇ ਵਧੇਰੇ ਹੀ ਨਾ ਘਬਰਾ ਜਾਏ ਤੇ ਹੋਰ ਨਾ ਡਰ ਜਾਏ ਕਿ ਦੇਉ ਮੇਰੇ ਮਗਰ ਹੀ ਘਰ ਭੀ ਆ ਪੁੱਜਾ ਹੈ। ਜਾਓ ਪਹਿਲਾਂ ਮੁੰਡੇ ਨੂੰ ਤਸੱਲੀ ਦਿਓ ਤੇ ਪੁੱਛੋ, ਜੇ ਉਹ ਕਹੇ ਤਾਂ ਮੈਨੂੰ ਫਿਰ ਬੁਲਾ ਲੈ ਜਾਣਾ ਤੇ ਮੈਂ ਹਾਲਾਂ ਸੜਕਾਂ ਦੇ ਮੇਲ ਵਾਲੀ ਦੁਕਾਨ ਉੱਤੇ ਬੈਠਦਾ ਹਾਂ। ਉਹ ਆਦਮੀ ਚਲਾ ਗਿਆ ਤੇ ਮੁੜ ਮੇਰੇ ਕੋਲ ਨਾ

Academy of the Punjab in North America: http://www.apnaorg.com

ਆਇਆ।

ਦੂਜੇ ਦਿਨ ਮੈਂ ਉਸ ਨਾਲੇ ਵੱਲ ਨਾ ਗਿਆ ਤੇ ਉੱਥੋਂ ਪਾਉਂਟੇ ਸਾਹਿਬ ਵੱਲ ਜਾਂਦੀ ਕੱਚੀ ਸੜਕ ਦੇ ਕੰਢੇ ਇਕ ਦਰਖ਼ਤ ਦੀ ਛਾਂ ਹੇਠਾਂ ਜਾ ਬੈਠਾ। ਉੱਥੋਂ ਇਕ ਸਿੰਘ ਤੇ ਉਸ ਦੀ ਸਿੰਘਣੀ ਆ ਲੰਘੇ। ਸਿੰਘ ਪੈਦਲ ਸੀ, ਸਿੰਘਣੀ ਘੋੜੀ ਉੱਤੇ ਸੀ। ਮੈਂ ਤਾਂ ਧਿਆਨ ਨਾ ਕੀਤਾ। ਸਿੰਘ ਆਪਣੀ ਸਿੰਘਣੀ ਨੂੰ ਪਰੇ ਦਰਖ਼ਤ ਦੀ ਛਾਵੇਂ ਬਿਠਾ ਕੇ ਮੇਰੇ ਕੋਲ ਆ ਗਿਆ ਤੇ ਮੈਨੂੰ ਕਹਿਣ ਲੱਗਾ ਕਿ ਮੇਰੀ ਸਿੰਘਣੀ ਨੂੰ ਸ਼ਹੀਦ ਸਿੰਘ ਪੈਂਦਾ ਹੈ ਤੇ ਇਸ ਵੇਲੇ ਪਿਆ ਹੋਇਆ ਹੈ; ਤੁਸੀਂ ਚੱਲੋ ਤੇ ਉਸ ਨੂੰ ਰਾਜ਼ੀ ਕਰੋ। ਮੈਂ ਕਿਹਾ ਮੈਂ ਤਾਂ ਕੁਝ ਨਹੀਂ ਜਾਣਦਾ ਪਰ ਉਹ ਜ਼ੋਰ ਦੇਵੇ ਕਿ ਚੱਲੋ ਤਾਂ ਸਹੀ। ਮੈਂ ਉਸ ਕੋਲੋਂ ਸਿੰਘਣੀ ਦਾ ਸੁਭਾ ਪੁੱਛ ਲਿਆ ਤੇ ਉਸ ਦੇ ਨਾਲ ਚਲਾ ਗਿਆ। ਉੱਥੇ ਜਾ ਕੇ ਉਸ ਸਿੰਘ ਆਪਣੀ ਸਿੰਘਣੀ ਨੂੰ "ਸ਼ਹੀਦ ਸਿੰਘ" ਕਹਿ ਕੇ ਸੰਬੋਧਨ ਕਰਨ ਲੱਗਾ ਤੇ ਲੱਗਾ ਗੱਲਾਂ ਕਰਨ। ਮੈਂ ਭੀ ਗੱਲਾਂ ਕਰਨ ਵਿਚ ਸ਼ਾਮਲ ਹੋ ਗਿਆ। ਮੇਰੇ ਕਹਿਣ ਉੱਤੇ "ਸ਼ਹੀਦ ਸਿੰਘ" ਨੇ ਹਰ ਸਾਲ ਪੰਜਾਂ ਸਿੰਘਾਂ ਨੂੰ ਪ੍ਰਸ਼ਾਦ ਛਕਾਣ ਦਾ ਪ੍ਰਣ ਉਸ ਸਿੰਘ ਕੋਲੋਂ ਲੈ ਕੇ ਸਿੰਘਣੀ ਨੂੰ ਛੱਡ ਦਿੱਤਾ। ਗੱਲਾਂ ਪੁੱਛਣ ਤੋਂ ਮੈਨੂੰ ਸਮਝ ਪੈ ਗਈ ਕਿ ਉਹ ਸਿੰਘਣੀ ਕੋਈ ਫਰੇਬ ਨਹੀਂ ਕਰ ਰਹੀ ਸੀ। ਉਸ ਦਾ ਸੁਭਾ ਹੀ ਧਰਮੀ ਸੀ ਤੇ ਇਸ ਤਰ੍ਹਾਂ ਦੇ ਵਹਿਮ ਵਿਚ ਛੇਤੀ ਆਵਣ ਵਾਲੀ ਸੀ। ਜਦ ਉਹ ਸਿੰਘਣੀ ਰਾਜ਼ੀ ਹੋ ਗਈ ਤਾਂ ਉਸ ਨੇ ਮੈਥੋਂ ਕੋਈ ਜੰਤਰ ਮੰਗਿਆ। ਮੈਂ ਸਮਝ ਲਿਆ ਕਿ ਇਸ ਦੀ ਤਸੱਲੀ ਲਈ ਕੁਝ ਦੇਣਾ ਹੀ ਠੀਕ ਹੈ। ਮੈਂ ਮੂਲ-ਮੰਤਰ ਇਕ ਕਾਗਜ਼ ਉੱਤੇ ਲਿਖ ਕੇ ਦੇ ਦਿੱਤਾ।

ਇਸ ਵਹਿਮੀ ਇਲਾਕੇ ਵਿਰੁੱਧ ਮੈਨੂੰ ਭੀ ਇਹ ਵਹਿਮ ਹੋ ਗਿਆ ਕਿ ਇੱਥੇ ਠਹਿਰਨਾ ਚੰਗਾ ਸ਼ਗਨ ਨਹੀਂ ਹੈ। ਮੈਂ ਦੂਜੇ ਦਿਨ ਉੱਥੋਂ ਟੁਰ ਗਿਆ। ਇਸ ਤਰ੍ਹਾਂ ਫਿਰਦਿਆਂ-ਤੁਰਦਿਆਂ ਮੈਂ ਕੋਈ ਅੱਠ ਮਹੀਨੇ ਕੱਢੇ। ਜਦ ਮੈਨੂੰ ਸ: ਸੇਵਾ ਸਿੰਘ ਜੀ ਦੇ ਪਟਿਆਲੇ ਜੇਲ੍ਹ ਵਿਚ ਭੁੱਖ ਹੜਤਾਲ ਕਰ ਕੇ ਸ਼ਹੀਦ ਹੋਣ ਦੀ ਖ਼ਬਰ ਦਿੱਲੀ ਮਿਲੀ ਤਾਂ ਮੈਂ ਉੱਥੋਂ ਮੁੜ ਅੰਮ੍ਰਿਤਸਰ ਆ ਗਿਆ। ਅੰਮ੍ਰਿਤਸਰ ਆਉਣ ਉੱਤੇ ਮੁੜ ਮੈਂ ਪਟਿਆਲੇ ਵਿਰੁੱਧ ਐਜੀਟੇਸ਼ਨ ਸ਼ੁਰੂ ਕੀਤੀ ਤੇ ਨਾਲ ਹੀ ਇਹ ਭੀ ਜਤਨ ਕੀਤਾ ਕਿ ਗਿਆਨੀ ਸ਼ੇਰ ਸਿੰਘ ਜੀ ਦੀ ਪਾਰਟੀ ਨਾਲ ਮੇਲ ਕਰ ਲਿਆ ਜਾਵੇ ਪਰ ਮੇਰੀ ਗ਼ੈਰ-ਹਾਜ਼ਰੀ ਵਿਚ ਸੈਂਟਰਲ ਅਸੈਂਬਲੀ ਦੀ ਚੋਣ ਹੋ ਚੁੱਕੀ ਸੀ ਤੇ ਇਸ ਵਿਚ ਦੋਵੇਂ ਸੀਟਾਂ ਅਕਾਲੀ ਪਾਰਟੀ ਜਿੱਤ ਚੁੱਕੀ ਸੀ। ਗਿਆਨੀ ਸ਼ੇਰ ਸਿੰਘ ਜੀ ਦੀ ਪਾਰਟੀ ਨੂੰ ਪੂਰਬੀ ਪੰਜਾਬ ਦੀ ਸੀਟ ਉੱਤੇ ਮਹਾਰਾਜਾ ਪਟਿਆਲਾ ਨੇ ਪੂਰੀ ਮਦਦ ਦਿੱਤੀ ਸੀ, ਪਰ ਉਹ ਫਿਰ ਭੀ ਹਾਰ ਗਏ ਸਨ। ਇਸ ਨਾਲ ਗਿਆਨੀ ਸ਼ੇਰ ਸਿੰਘ ਜੀ ਦੀ ਪਾਰਟੀ ਬਹੁਤ ਕਮਜ਼ੋਰ ਹੋ ਚੁੱਕੀ ਸੀ ਤੇ ਮਹਾਰਾਜਾ ਪਟਿਆਲਾ ਭੀ ਇਹ ਸਮਝ ਗਏ ਸਨ; ਇਸ ਲਈ ਮਹਾਰਾਜਾ ਪਟਿਆਲਾ ਨੇ ਸਾਡੇ ਨਾਲ ਸਮਝੌਤਾ ਕਰਨ ਦਾ ਜਤਨ ਕੀਤਾ ਤੇ ਸਮਝੌਤਾ ਹੋ ਗਿਆ। ਇਹ ਸਮਝੌਤਾ ਪਟਿਆਲੇ ਦੇ ਸੱਜਣਾਂ ਦੀ ਸਲਾਹ ਨਾਲ ਹੋਇਆ ਸੀ। ਪਰ ਸਰਦਾਰ ਹਰਚੰਦ ਸਿੰਘ ਜੀ ਜੇਜੀ ਦਿਲੋਂ ਵਿਰੁੱਧ

Academy of the Punjab in North America: http://www.apnaorg.com

ਸਨ। ਉਨ੍ਹਾਂ ਦੀ ਵਿਰੋਧਤਾ ਦਾ ਅਸਲ ਕਾਰਨ ਇਹ ਸੀ ਕਿ ਉਹ ਕਹਿੰਦੇ ਸਨ ਕਿ ਉਨ੍ਹਾਂ ਦੀ ਜਦ ਤਲਾਸ਼ੀ ਹੋਈ ਸੀ ਤਦ ਉਨ੍ਹਾਂ ਦੇ ਬਹੁਤ ਸਾਰੇ ਗਹਿਣੇ ਪੁਲਿਸ ਲੈ ਗਈ ਸੀ ਤੇ ਪੁਲਿਸ ਨੇ ਦਰਜ਼ ਨਹੀਂ ਕੀਤੇ ਸਨ। ਪਟਿਆਲੇ ਵਾਲੇ ਕਹਿੰਦੇ ਸਨ ਕਿ ਸਰਦਾਰ ਹਰਚੰਦ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸਹੁੰ ਖਾ ਜਾਣ ਤੇ ਉਹ ਸ: ਹਰਚੰਦ ਸਿੰਘ ਜੀ ਦੇ ਕਹੇ ਗਏ ਗਹਿਣਿਆਂ ਦਾ ਮੁੱਲ ਦੇ ਦੇਣਗੇ। ਜਦ ਮੈਂ ਇਹ ਗੱਲ ਸ: ਹਰਚੰਦ ਸਿੰਘ ਜੀ ਨੂੰ ਪੁੱਛੀ ਤਾਂ ਉਹ ਟਾਲ-ਮਟੋਲਾ ਕਰ ਗਏ। ਮੈਨੂੰ ਨਿਸਚਾ ਹੋ ਗਿਆ ਕਿ ਪਟਿਆਲੇ ਵਾਲੇ ਸੱਚੇ ਹਨ। ਸ: ਹਰਚੰਦ ਸਿੰਘ ਜੀ ਇਹ ਭੀ ਕਹਿੰਦੇ ਸਨ ਕਿ ਸਮਝੌਤਾ ਉਨ੍ਹਾਂ ਨਾਲ ਹੋਣਾ ਚਾਹੀਦਾ ਹੈ, ਮੇਰੇ ਨਾਲ ਕਿਉਂ ਹੁੰਦਾ ਹੈ ? ਇਸ ਤਰ੍ਹਾਂ ਉਨ੍ਹਾਂ ਦੀ ਵਿਰੋਧਤਾ ਦੇ ਕਾਰਨ ਤਾਂ ਜ਼ਾਤੀ ਸਨ ਪਰ ਉਨ੍ਹਾਂ ਗੱਲਾਂ ਅਸੂਲੀ ਬਨਾਣ ਦਾ ਜਤਨ ਕੀਤਾ। ਪਟਿਆਲੇ ਦੇ ਬਹੁਤ ਸਾਰੇ ਅਕਾਲੀ ਮੇਰੇ ਵਿਰੁੱਧ ਹੋ ਗਏ ਤੇ ਕਿਤਨਾ ਚਿਰ ਵਿਰੁੱਧ ਰਹੇ, ਪਰ ਆਖ਼ਰ ਸ: ਹਰਚੰਦ ਸਿੰਘ ਜੀ ਨਾਲ ਵਰਤਣ ਨਾਲ ਉਨ੍ਹਾਂ ਨੂੰ ਮੁੜ ਮੇਰੇ ਉੱਤੇ ਇਤਬਾਰ ਹੋ ਗਿਆ।

ਇਹ ਸਮਝੌਤਾ ਹੋਣ ਮਗਰੋਂ ਛੇਤੀ ਹੀ ਸ਼ਹੀਦ ਗੰਜ ਦਾ ਮੋਰਚਾ ਸ਼ੁਰੂ ਹੋ ਗਿਆ।

✡ ✡ ✡

Academy of the Punjab in North America: http://www.apnaorg.com

# ਡਸਕਾ ਮੋਰਚਾ

ਡਸਕੇ ਦੇ ਗੁਰਦੁਆਰੇ ਦਾ ਝਗੜਾ ਹਿੰਦੂਆਂ ਤੇ ਸਿੱਖਾਂ ਵਿਚ ਕਦੋਂ ਤੋਂ ਚਲਾ ਆ ਰਿਹਾ ਸੀ। ਬਾਬਾ ਖੜਕ ਸਿੰਘ ਜੀ ਦੀ ਸਲਾਹ ਨਾਲ ਸਿੱਖਾਂ ਨੇ ਹਿੰਦੂਆਂ ਉੱਤੇ ਦੁਕਾਨਾਂ ਦੀ ਮਲਕੀਅਤ ਦਾ ਦਾਵਾ ਕੀਤਾ ਕਿਉਂਕਿ ਗੁਰਦੁਆਰਾ ਸਿੱਖਾਂ ਦੇ ਕਬਜ਼ੇ ਵਿਚ ਸੀ। ਦਾਵਾ ਸਿੱਖਾਂ ਦੇ ਵਿਰੁੱਧ ਹੋ ਗਿਆ ਤੇ ਰੌਲਾ ਪੈ ਗਿਆ। ਰੌਲੇ ਦਾ ਇਕ ਕਾਰਨ ਇਹ ਭੀ ਸੀ ਕਿ ਸਿੱਖਾਂ ਨੂੰ ਸ਼ੱਕ ਸੀ ਕਿ ਅਦਾਲਤ ਨੇ ਇਨਸਾਫ਼ ਨਹੀਂ ਕੀਤਾ ਹੈ। ਬਾਬਾ ਖੜਕ ਸਿੰਘ ਜੀ ਨੇ ਗੁਰਦੁਆਰੇ ਉੱਤੇ ਮੋਰਚਾ ਲਾਣ ਦੀ ਠਾਨ ਲਈ ਬਾਬਾ ਖੜਕ ਸਿੰਘ ਜੀ ਨੇ ਸਭ ਕੁਝ ਬਿਨਾਂ ਸਲਾਹ ਸ਼੍ਰੋਮਣੀ ਕਮੇਟੀ ਜਾਂ ਸ਼੍ਰੋਮਣੀ ਅਕਾਲੀ ਦਲ ਦੇ ਸਾਰੀ ਕਾਰਵਾਈ ਕੀਤੀ ਸੀ ਤੇ ਆਖ਼ਰ ਮੋਰਚਾ ਲਾਣ ਨੂੰ ਤਿਆਰ ਹੋ ਗਏ।

ਸਿੱਖਾਂ ਨੂੰ ਨਿਸਚਾ ਸੀ ਕਿ ਅਦਾਲਤੀ ਫੈਸਲਾ ਹਿੰਦੂ ਅਸਰ ਹੇਠਾਂ ਹੋਇਆ ਹੈ ਪਰ ਜਦ ਫੈਸਲਾ ਖ਼ਿਲਾਫ਼ ਸੀ ਤਾਂ ਮੋਰਚਾ ਲਾਣਾ ਬਹੁਤ ਔਖਾ ਹੋ ਗਿਆ। ਮੇਰੀ ਰਾਏ ਤੇ ਬਹੁਤ ਸਾਰੇ ਸੱਜਣਾਂ ਦੀ ਰਾਏ ਮੋਰਚੇ ਦੇ ਵਿਰੁੱਧ ਸੀ ਪਰ ਬਾਬਾ ਖੜਕ ਸਿੰਘ ਜੀ ਨੇ ਮੋਰਚਾ ਲਾ ਹੀ ਦਿੱਤਾ ਅਥਵਾ ਆਪ ਜੇਲ੍ਹ ਚਲੇ ਗਏ। ਮੈਂ ਸੋਚਿਆ ਕਿ ਜੇ ਇਸ ਤਰ੍ਹਾਂ ਦੀ ਹਾਲਤ ਰਹੀ ਤਾਂ ਪੰਥ ਵਿਚ ਫੁੱਟ ਪੈ ਜਾਏਗੀ ਤੇ ਸ਼੍ਰੋਮਣੀ ਅਕਾਲੀ ਦਲ ਕਮਜ਼ੋਰ ਹੋ ਜਾਵੇਗਾ। ਸਰਦਾਰ ਖੜਕ ਸਿੰਘ ਜੀ ਦੇ ਮਗਰ ਹੋਰ ਤਾਂ ਕੋਈ ਗਿਆ ਨਹੀਂ ਸੀ। ਇਸ ਤਰ੍ਹਾਂ ਨਾਲ ਨਾ ਕੇਵਲ ਸ: ਖੜਕ ਸਿੰਘ ਜੀ ਦੀ ਹੀ ਬੇ-ਰੋਹਬੀ ਹੋਣੀ ਸੀ; ਸਗੋਂ ਸ਼੍ਰੋਮਣੀ ਅਕਾਲੀ ਦਲ ਦੀ ਬੇ-ਰੋਹਬੀ ਹੋਣੀ ਸੀ ਤੇ ਕੰਮ ਉੱਖੜ ਜਾਂਦਾ। ਮੈਂ ਚਾਹੁੰਦਾ ਸਾਂ ਕਿ ਸਰਦਾਰ ਖੜਕ ਸਿੰਘ ਜੀ ਨੂੰ ਇਸ ਪੇਚੀਦਾ ਪੋਜ਼ੀਸ਼ਨ ਵਿੱਚੋਂ ਕੱਢਾਂ, ਪਰ ਉਹ ਸਦਾ ਵਾਂਗੂੰ ਚਾਲਾਕ ਚਾਪਲੂਸਾਂ ਦੇ ਝਾਂਸੇ ਵਿਚ ਅਜੇਹੇ ਆਏ ਹੋਏ ਸਨ ਕਿ ਮੇਰੇ ਲਈ ਬਿਨਾਂ ਉਨ੍ਹਾਂ ਨਾਲ ਪੂਰੀ ਹਮਦਰਦੀ ਪ੍ਰਗਟ ਕਰਨ ਦੇ ਉਨ੍ਹਾਂ ਨੂੰ ਇਸ ਦਸ਼ਾ ਵਿੱਚੋਂ ਕੱਢਣਾ ਔਖਾ ਸੀ। ਮੈਂ ਜ਼ੋਰ ਦੇ ਕੇ, ਪ੍ਰੇਰ ਕੇ ਤੇ ਹਰ ਹੀਲੇ ਨਾਲ ਸ਼੍ਰੋਮਣੀ ਅਕਾਲੀ ਦਲ ਵਿਚ ਮੋਰਚੇ ਦਾ ਫ਼ੈਸਲਾ ਕਰਾ ਦਿੱਤਾ ਤੇ ਪਹਿਲਾਂ ਜਥਾ ਲੈ ਕੇ ਮੈਂ ਡਸਕੇ ਵੱਲ ਟੁਰ ਪਿਆ। ਮੈਨੂੰ ੬ ਮਹੀਨੇ ਕੈਦ ਦੀ ਸਜ਼ਾ ਹੋਈ। ਸ: ਖੜਕ ਸਿੰਘ ਜੀ ਦੀ ਪਹਿਲੀ ਸਜ਼ਾ ਇਕ ਮਹੀਨਾ ਹੀ ਸੀ ਜੋ ਉਹ ਕੱਟ ਬੈਠੇ ਸਨ। ਦੂਜੀ ਵੇਰਾਂ ਉਹ ਦੂਜਾ ਜਥਾ ਲੈ ਕੇ ਫਿਰ ਕੈਦ ਹੋ ਗਏ ਤੇ ਇਸ ਤਰ੍ਹਾਂ ਕਈ ਜਥੇ ਗ੍ਰਿਫ਼ਤਾਰ ਹੋਏ।

ਸਰਦਾਰ ਖੜਕ ਸਿੰਘ ਜੀ ਤੇ ਮੈਂ ਇਕੱਠੇ ਜੇਲ੍ਹ ਵਿਚ ਰਹੇ ਤੇ ਗੁਜਰਾਤ ਜੇਲ੍ਹ

Academy of the Punjab in North America: http://www.apnaorg.com

ਵਿਚ ਝਟਕਾ ਨਾ ਮਿਲਣ ਕਰਕੇ ਅਸਾਂ ਭੁੱਖ ਹੜਤਾਲ ਕੀਤੀ ਤੇ ਲਾਹੌਰ ਸੈਂਟਰਲ ਜੇਲ੍ਹ ਵਿਚ ਬਦਲ ਦਿੱਤੇ ਗਏ। ਜੇਲ੍ਹ ਵਿਚ ਮੈਂ ਸਰਦਾਰ ਜੀ ਨਾਲ ਖੁੱਲ੍ਹ ਕੇ ਗੱਲਾਂ ਕੀਤੀਆਂ ਤੇ ਆਖ਼ਰ ਸਾਡੇ ਆਪੋ ਵਿਚ ਇਕਰਾਰ ਹੋ ਗਏ ਕਿ ਜੇਕਰ ਕੋਈ ਆਦਮੀ ਸਾਡੇ ਦੁਹਾਂ ਵਿੱਚੋਂ ਕਿਸੇ ਨੂੰ ਦੂਜੇ ਦੇ ਵਿਰੁੱਧ ਗੱਲ ਕਹੇ ਤਾਂ ਜਿਸ ਦੇ ਵਿਰੁੱਧ ਗੱਲ ਕਹੀ ਜਾਏ, ਉਸ ਨੂੰ ਸੁਣੇ ਬਿਨਾਂ ਨਿਸਚਾ ਨਹੀਂ ਕਰਨਾ। ਮੈਂ ਬਚਨ ਦਿੱਤਾ ਕਿ ਮੈਂ ਜੇ ਬਾਬਾ ਖੜਕ ਸਿੰਘ ਜੀ ਦੇ ਵਿਰੁੱਧ ਕੋਈ ਗੱਲਾਂ ਸੁਣਾਂਗਾ ਤਾਂ ਪਹਿਲਾਂ ਉਨ੍ਹਾਂ ਨੂੰ ਪੁੱਛ ਕੇ ਕਿਸੇ ਦੂਜੇ ਨਾਲ ਕਰਾਂਗਾ। ਇਹੋ ਬਚਨ ਬਾਬਾ ਖੜਕ ਸਿੰਘ ਜੀ ਨੇ ਮੈਨੂੰ ਦਿੱਤਾ ਕਿ ਉਹ ਜੋ ਗੱਲ ਮੇਰੇ ਵਿਰੁੱਧ ਸੁਣਨਗੇ ਪਹਿਲਾਂ ਮੈਨੂੰ ਪੁੱਛਣਗੇ ਤੇ ਫਿਰ ਕਿਸੇ ਨਾਲ ਕਰਨਗੇ। ਮੈਂ ਬਾਬਾ ਖੜਕ ਸਿੰਘ ਜੀ ਤੋਂ ਕੋਈ ਮਹੀਨਾ ਭਰ ਪਹਿਲਾਂ ਰਿਹਾਅ ਹੋਣਾ ਸੀ। ਟੁਰਨ ਲਗਿਆਂ ਮੈਂ ਬਾਬਾ ਜੀ ਨੂੰ ਫਿਰ ਪਿਛਲਾ ਬਚਨ ਚੇਤਾ ਕਰਾਇਆ ਤੇ ਮੁੜ ਪੱਕੇ ਇਕਰਾਰ ਹੋਏ। ਬਾਹਰ ਆ ਕੇ ਮੈਂ ਗੁਰਦੁਆਰਾ ਡਸਕਾ ਦਾ ਸਮਝੌਤਾ ਹਿੰਦੂਆਂ ਨਾਲ ਕਰ ਲਿਆ, ਕਿਉਂਕਿ ਜੋ ਬਾਬਾ ਖੜਕ ਸਿੰਘ ਜੀ ਨੂੰ ਚੁੱਕਦੇ ਸਨ ਉਹ ਤਾਂ ਜੇਲ੍ਹ ਗਏ ਹੀ ਨਹੀਂ ਸਨ ਤੇ ਮੈਂ ਆਪਣੀ ਨੇਕ-ਨੀਅਤੀ ਜੇਲ੍ਹ ਜਾ ਕੇ ਸਾਬਤ ਕਰ ਦਿੱਤੀ ਸੀ। ਅਜੇ ਸ: ਖੜਕ ਸਿੰਘ ਜੀ ਜੇਲ੍ਹ ਵਿਚ ਹੀ ਸਨ ਕਿ ਸ: ਵਰਿਆਮ ਸਿੰਘ ਜੀ ਬੁੱਤ ਉਨ੍ਹਾਂ ਕੋਲੋਂ ਰਿਹਾਅ ਹੋ ਕੇ ਆਏ ਤੇ ਉਨ੍ਹਾਂ ਮੈਨੂੰ ਕਿਹਾ ਕਿ ਸ: ਖੜਕ ਸਿੰਘ ਜੀ ਤਾਂ ਅੰਦਰ ਹੀ ਮੈਨੂੰ ਗਾਲ੍ਹਾਂ ਕੱਢਣ ਲੱਗ ਪਏ ਹਨ। ਮੈਂ ਪੁੱਛਿਆ ਗੱਲ ਕੀ ਹੋਈ ਹੈ। ਸ: ਵਰਿਆਮ ਸਿੰਘ ਜੀ ਨੇ ਦੱਸਿਆ ਕਿ ਬਾਬਾ ਖੜਕ ਸਿੰਘ ਜੀ ਨਾਲ ਕਿਸੇ ਨੇ ਮੁਲਾਕਾਤ ਕੀਤੀ ਹੈ ਤੇ ਉਨ੍ਹਾਂ ਨੂੰ ਕੋਈ ਗੱਲ ਕਹੀ ਹੈ। ਮੈਂ ਹੈਰਾਨ ਹੋ ਗਿਆ ਕਿ ਅਜੇ ਉਨ੍ਹਾਂ ਨੂੰ ਮੇਰੇ ਨਾਲ ਇਕਰਾਰ ਕੀਤਿਆਂ ਪੰਦਰਾਂ ਦਿਨ ਹੀ ਹੋਏ ਹਨ ਤੇ ਉਹ ਇਸ ਤਰ੍ਹਾਂ ਬਦਲ ਗਏ ਹਨ, ਪਰ ਮੈਨੂੰ ਉਨ੍ਹਾਂ ਦੇ ਸੁਭਾਅ ਦੀ ਇਹ ਗੱਲ ਪਤਾ ਸੀ ਤੇ ਸਮਝ ਲਿਆ ਕਿ ਇਹ ਠੀਕ ਹੋਵੇਗਾ ਪਰ ਮੈਂ ਤਾਂ ਆਪਣਾ ਬਚਨ ਪਾਲਣਾ ਹੀ ਸੀ। ਮੈਂ ਨਹੀਂ ਸਾਂ ਚਾਹੁੰਦਾ ਕਿ ਮੈਂ ਉਨ੍ਹਾਂ ਦੀ ਇਹ ਸ਼ਿਕਾਇਤ ਕਿਸੇ ਕੋਲ ਬਾਬਾ ਖੜਕ ਸਿੰਘ ਜੀ ਨੂੰ ਪੁੱਛਣ ਤੋਂ ਪਹਿਲਾਂ ਕਰ ਦੇਵਾਂ। ਮੈਂ ਚੁੱਪ ਰਿਹਾ। ਸਰਦਾਰ ਖੜਕ ਸਿੰਘ ਜੀ ਰਿਹਾਅ ਹੋ ਕੇ ਆਏ ਤੇ ਜੇਲ੍ਹ ਵਿੱਚੋਂ ਨਿਕਲੇ ਹੀ ਮੈਨੂੰ ਗਾਲ੍ਹਾਂ ਕੱਢਦੇ। ਉਨ੍ਹਾਂ ਧੂਆਂਧਾਰ ਮੇਰੀ ਵਿਰੋਧਤਾ ਖੁੱਲ੍ਹ-ਮਖੁਲਾ ਦੀਵਾਨਾਂ ਵਿਚ ਸ਼ੁਰੂ ਕਰ ਦਿੱਤੀ। ਨਾ ਮੈਨੂੰ ਉਨ੍ਹਾਂ ਨਾਲ ਗੱਲ ਕਰਨ ਦਾ ਮੌਕਾ ਮਿਲਿਆ ਕਿਉਂਕਿ ਮੈਂ ਸ਼ਾਹਦਰੇ ਨਜ਼ਰਬੰਦ ਸਾਂ ਤੇ ਨਾ ਉਨ੍ਹਾਂ ਮੇਰੇ ਨਾਲ ਗੱਲ ਕਰਨੀ ਮੁਨਾਸਬ ਸਮਝੀ। ਬੱਸ ਮੈਂ ਸਮਝ ਲਿਆ ਕਿ ਬਾਬਾ ਖੜਕ ਸਿੰਘ ਜੀ ਨੂੰ ਝੂਠੇ ਚੁਗਲਾਂ ਤੇ ਖ਼ੁਸ਼ਾਮਦੀਆਂ ਦੇ ਜਾਲ ਵਿੱਚੋਂ ਕੱਢਣਾ ਅਸੰਭਵ ਹੈ। ਉਸ ਦਿਨ ਮਗਰੋਂ ਮੈਂ ਅੱਜ ਤੱਕ ਕੋਈ ਵਿਚਾਰ ਬਾਬਾ ਖੜਕ ਸਿੰਘ ਜੀ ਨਾਲ ਨਹੀਂ ਕੀਤੀ ਤੇ ਉਹ ਤਾਂ ਕੀਤਾ ਹੀ ਨਹੀਂ ਕਰਦੇ। ਹੋਰ ਲੋਕਾਂ ਦੀ ਰਾਹੀਂ ਮੈਂ ਜ਼ਰੂਰ ਜਤਨ ਕਰਦਾ ਰਿਹਾ ਹਾਂ ਕਿ ਉਹ ਚੁਗਲਾਂ ਤੇ ਖ਼ੁਸ਼ਾਮਦੀਆਂ ਦੇ ਜਾਲ ਵਿੱਚੋਂ ਨਿਕਲਣ ਜਾਂ ਸਾਡੀ ਵਿਰੋਧਤਾ ਛੱਡ ਦੇਣ ਪਰ ਕੋਈ ਮਾਮਲਾ ਹੋਵੇ, ਉਨ੍ਹਾਂ ਤਾਂ ਆਪਣਾ ਕੰਮ

Academy of the Punjab in North America: http://www.apnaorg.com

ਹੀ ਹੁਣ ਸਾਡੀ ਵਿਰੋਧਤਾ ਬਣਾ ਲਿਆ ਹੈ।

ਬੱਸ ਉਨ੍ਹਾਂ ਦੇ ਸੰਗੀ ਸਾਥੀ ਇਹੋ ਹੀ ਕਹੀ ਜਾਂਦੇ ਹਨ ਕਿ ਬਾਬਾ ਜੀ ਨੂੰ ਪ੍ਰਧਾਨ ਬਣਾ ਲਵੋ ਤਾਂ ਵਿਰੋਧਤਾ ਮਿਟੇਗੀ। ਹੁਣ ਜੇ ਕੋਈ ਵੋਟਾਂ ਦੇ ਜ਼ੋਰ ਨਾਲ ਜਾਂ ਦੂਜਿਆਂ ਦਾ ਇਤਬਾਰ ਲੈ ਕੇ ਪ੍ਰਧਾਨ ਬਣੇ ਤਾਂ ਇਹ ਗੱਲ ਪੰਚਾਇਤੀ ਅਸੂਲਾਂ ਅਨੁਸਾਰ ਹੈ ਪਰ ਜੇ ਕੋਈ ਵਿਰੋਧਤਾ ਦੀ ਧਮਕੀ ਦੇ ਕੇ ਪ੍ਰਧਾਨ ਬਣੇ ਤਾਂ ਇਹ ਪੰਚਾਇਤੀ ਅਸੂਲਾਂ ਦਾ ਘਾਤ ਹੈ। ਫਿਰ ਬਾਬਾ ਜੀ ਦੇ ਨਾਲ ਇਤਨੇ ਚਾਲਾਕ ਖ਼ੁਸ਼ਾਮਦੀ ਹਨ ਕਿ ਕਿਹੜੇ-ਕਿਹੜੇ ਦੀ ਧਮਕੀ ਝੱਲ ਕੇ ਕਿਸ-ਕਿਸ ਨੂੰ ਕੀ-ਕੀ ਔਹੁਦਾ ਦਿੱਤਾ ਜਾਵੇ ? ਇਹ ਡਾਢਾ ਪੇਚ ਹੈ। ਇਸ ਤਰ੍ਹਾਂ ਤਾਂ ਕਈ ਹੋਰ ਧਮਕੀ ਦੇਣ ਵਾਲੇ ਉੱਠ ਪੈਣਗੇ। ਇਸ ਵੇਲੇ ਭੀ ਕਈ ਹੋਰਾਂ ਨੇ ਇਹੋ ਧਮਕੀ ਦੀ ਪਾਲਿਸੀ ਵਰਤੀ ਹੈ। ਇਸ ਤਰ੍ਹਾਂ ਧਮਕੀ ਅੱਗੇ ਸਾਰੇ ਪੰਚਾਇਤੀ ਅਸੂਲਾਂ ਦਾ ਘਾਤ ਕਰਨਾ ਜਥੇਬੰਦੀ ਨੂੰ ਤੋੜਨਾ ਹੋਵੇਗਾ। ਇਹ ਗੱਲ ਮੰਨਣੀ ਔਖੀ ਹੈ ਤੇ ਇਸ ਬਿਨਾਂ ਬਾਬਾ ਜੀ ਦਾ ਮੰਨਣਾ ਔਖਾ ਹੈ। ਮੈਂ ਅਜੇਹਾ ਮੇਲ ਚਾਹੁੰਦਾ ਹਾਂ ਤੇ ਸਦਾ ਚਾਹੁੰਦਾ ਰਿਹਾ ਹਾਂ ਕਿ ਪਿਛਲੀਆਂ ਗੱਲਾਂ ਭੁੱਲ ਜਾਈਏ ਤੇ ਅੱਗੋਂ ਇਕੱਠੇ ਹੋ ਕੇ ਤੁਰੀਏ। ਗਿੱਲੇ ਦੇਣ ਨਾਲ ਭੀ ਝਗੜਾ ਨਹੀਂ ਮੁੱਕ ਸਕਦਾ ਤੇ ਸੌਦਾ ਕਰਨ ਨਾਲ ਜਾਂ ਸ਼ਰਤਾਂ ਮਨਾਣ ਨਾਲ ਭੀ ਝਗੜਾ ਨਹੀਂ ਮੁੱਕ ਸਕਦਾ। ਛੱਡੋ ਗਿੱਲੇ-ਗੁਜ਼ਾਰੇ ਤੇ ਛੱਡੋ ਸ਼ਰਤਾਂ-ਉਰਤਾਂ, ਆਓ ਰਲ ਮਿਲ ਬਹੀਏ ਤੇ ਰਲ ਮਿਲ ਕੇ ਪੰਥ ਦਾ ਉਸਾਰੂ ਕੰਮ ਕਰੀਏ, ਨਿਰਾ ਵਿਰੋਧਤਾ ਕਰਨਾ ਤਾਂ ਪੰਥ ਨੂੰ ਢਾਹ ਲਾਣੀ ਹੀ ਹੈ।

☆ ☆ ☆

Academy of the Punjab in North America: http://www.apnaorg.com

# ਸ਼ਹੀਦ ਗੰਜ ਮੋਰਚਾ
## ੧੯੩੪ ਜਾਂ ੧੯੩੫

ਗੁਰਦੁਆਰਾ ਸ਼ਹੀਦ ਗੰਜ ਵਿਚ ਉਸ ਮਸਜਿਦ ਦੀ ਇਮਾਰਤ ਬਣੀ ਹੋਈ ਸੀ ਜਿਸ ਵਿੱਚੋਂ ਸਿੰਘਾਂ ਨੂੰ ਬੰਦ-ਬੰਦ ਕੱਟੇ ਜਾਣ, ਚਰਖ਼ੜੀਆਂ ਉੱਤੇ ਚੜ੍ਹਾਉਣ ਤੇ ਹੋਰ ਤਸੀਹੇ ਦੇ ਕੇ ਸ਼ਹੀਦ ਕਰਨ ਦੇ ਫਤਵੇ ਦਿੱਤੇ ਜਾਂਦੇ ਸਨ। ਉਹ ਇਮਾਰਤ ਗੁਰਦੁਆਰਾ ਕਮੇਟੀ ਲਾਹੌਰ ਨੇ ਸ਼੍ਰੋਮਣੀ ਕਮੇਟੀ ਦੀ ਸਲਾਹ ਬਿਨਾਂ ਹੀ ਢਾਉਣੀ ਸ਼ੁਰੂ ਕਰ ਦਿੱਤੀ। ਇਕ ਮਿਸਤਰੀ ਇਮਾਰਤ ਢਾਹੁੰਦਾ ਹੋਇਆ ਡਿੱਗ ਕੇ ਮਰ ਗਿਆ। ਮੁਸਲਮਾਨਾਂ ਨੇ ਇਸ ਗੱਲ ਨੂੰ ਮਸਜਿਦ ਦੀ ਕਰਾਮਾਤ ਕਿਹਾ। ਸਿੱਖਾਂ ਨੇ ਸ਼ਹੀਦ ਹੋਏ ਸਿੰਘ ਦੀ ਲਾਸ਼ ਦਾ ਜਲੂਸ ਕੱਢਿਆ। ਮੁਸਲਮਾਨਾਂ ਨੇ ਜਲਸੇ ਕਰਨੇ ਸ਼ੁਰੂ ਕੀਤੇ ਤੇ ਇਸ ਤਰ੍ਹਾਂ ਜੋਸ਼ ਵਧਦਾ ਗਿਆ। ਮੈਂ ਅੰਮ੍ਰਿਤਸਰ ਹੀ ਸਾਰੀ ਹਾਲਤ ਸੁਣੀ ਪੜ੍ਹੀ ਤੇ ਲਾਹੌਰ ਗਿਆ। ਮੈਨੂੰ ਪਤਾ ਲੱਗਾ ਸੀ ਕਿ ਮੁਸਲਮਾਨਾਂ ਦੀ ਮੰਗ ਕੇਵਲ ਇਹ ਹੈ ਕਿ ਇਸ ਮਸਜਿਦ ਦੀ ਇਮਾਰਤ ਨੂੰ ਢਾਹਿਆ ਨਾ ਜਾਵੇ। ਮੈਂ ਇਸ ਮੰਗ ਨੂੰ ਪੂਰਾ ਕਰਨਾ ਸੌਖਾ ਸਮਝਿਆ ਤੇ ਇਸ ਨੀਅਤ ਨਾਲ ਲਾਹੌਰ ਗਿਆ ਸਾਂ ਪਰ ਲਾਹੌਰ ਪੁੱਜ ਕੇ ਮੈਂ ਮੁਸਲਮਾਨਾਂ ਦੇ ਜਲੂਸ ਵੇਖੇ ਜੋ ਸਿੱਖਾਂ ਨੂੰ ਧਮਕਾਨ ਲਈ ਕੱਢੇ ਜਾਂਦੇ ਸਨ। ਇਹ ਜਲੂਸ ਵੇਖ ਕੇ ਮੇਰੀ ਰਾਏ ਬਦਲ ਗਈ। ਮੁਸਲਮਾਨਾਂ ਦੀ ਇਸ ਧਮਕੀ ਅੱਗੇ ਝੁੱਕਣਾ ਮੁਸਲਮਾਨਾਂ ਨੂੰ ਭੂਏ ਕਰ ਦੇਣਾ ਸੀ। ਮੈਂ ਭੀ ਡਟ ਗਿਆ। ਮੁਸਲਮਾਨ ਬੜੇ ਜੋਸ਼ ਵਿਚ ਆਏ। ਉੱਧਰੋਂ ਸਿੰਘ ਭੀ ਸ਼ਹੀਦ ਗੰਜ ਅੰਦਰ ਤੇ ਡੇਹਰਾ ਸਾਹਿਬ ਗੁਰਦੁਆਰੇ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਜਮਾਂ ਹੋ ਗਏ। ਮੁਸਲਮਾਨ ਜਲੂਸ ਕੱਢ ਕੇ ਸ਼ਹੀਦ ਗੰਜ ਵੱਲ ਜਾਂਦੇ ਸਨ ਤੇ ਪੁਲਿਸ ਅੱਗੋਂ ਰੋਕ ਲੈਂਦੀ ਸੀ। ਸਿੱਖਾਂ ਮੁਸਲਮਾਨਾਂ ਦੀ ਟੱਕਰ ਨਹੀਂ ਹੁੰਦੀ ਸੀ। ਜੋਸ਼ ਸਾਰੇ ਪੰਜਾਬ ਤੇ ਹਿੰਦੁਸਤਾਨ ਵਿਚ ਖਿੱਲਰ ਗਿਆ। ਲਾਟ ਸਾਹਿਬ ਸ਼ਿਮਲੇ ਤੋਂ ਵਾਪਸ ਲਾਹੌਰ ਪੁੱਜਾ ਤੇ ਸਿੱਖ ਤੇ ਮੁਸਲਮਾਨ ਆਗੂਆਂ ਨਾਲ ਗੱਲਬਾਤ ਕੀਤੀ। ਲਾਟ ਸਾਹਿਬ ਸਿੱਖ ਆਗੂਆਂ ਦੀ ਦਲੀਲ ਨਾਲ ਸਹਿਮਤ ਹੋ ਗਿਆ, ਪਰ ਉਸ ਸਿੱਖ ਆਗੂਆਂ ਤੋਂ ਬਚਨ ਲਿਆ ਕਿ ਤਿੰਨ ਦਿਨ ਹੋਰ ਮਸਜਿਦ ਦੀ ਇਮਾਰਤ ਨਹੀਂ ਗਿਰਾਈ ਜਾਵੇਗੀ। ਇੱਧਰ ਸਿੱਖ ਆਗੂਆਂ ਨੂੰ ਔਕੜ ਬਣ ਗਈ। ਬਾਬਾ ਖੜਕ ਸਿੰਘ ਜੀ ਤੇ ਹੋਰ ਅਕਾਲੀ ਆਗੂਆਂ ਦੇ ਵਿਰੋਧੀਆਂ ਨੇ ਸੰਗਤਾਂ ਨੂੰ ਲੈਕਚਰ ਦੇਣੇ ਤੇ ਚੁੱਕਣਾ ਸ਼ੁਰੂ ਕੀਤਾ ਕਿ ਇਮਾਰਤ ਝੱਟ-ਪੱਟ ਗਰਾਈ ਜਾਵੇ। ਗ਼ੈਰ ਜ਼ਿੰਮੇਂਵਾਰ ਬਹੁਤ ਤੰਗ ਕਰਨ ਲੱਗ ਪਏ। ਆਖ਼ਰ ਲਾਟ ਸਾਹਿਬ ਦੇ ਨਾਲ ਕੀਤੀ ਮਿਆਦ ਮੁੱਕਣ ਤੋਂ ਪਹਿਲਾਂ ਹੀ ਇਕ ਅਕਾਲੀ

Academy of the Punjab in North America: http://www.apnaorg.com

ਆਗੂ ਨੇ ਬਾਕੀ ਦੀਆਂ ਦੀ ਸਲਾਹ ਬਿਨਾਂ ਹੀ ਰਾਤ ਨੂੰ ਮਸਜਿਦ ਗਿਰਾਨ ਦਾ ਕੰਮ ਅਰੰਭ ਕਰਾ ਦਿੱਤਾ; ਜਿਸ ਕਰਕੇ ਲਾਟ ਸਾਹਿਬ ਸਿੱਖਾਂ ਦਾ ਵਿਰੋਧੀ ਹੋ ਗਿਆ। ਇਹ ਹੈ ਨੁਕਸ ਬੇ-ਜ਼ਬਤਗੀ ਦਾ। ਜ਼ਬਤ ਦੇ ਘਾਟੇ ਨੇ ਹੀ ਇਸ ਸਮੇਂ ਸਿੱਖ ਆਗੂਆਂ ਦਾ ਬਚਨ ਤੋੜਿਆ; ਜਿਸ ਕਰਕੇ ਲਾਟ ਸਾਹਿਬ ਮੁਖਾਲਫ਼ ਹੋਇਆ ਤੇ ਸਿੱਖਾਂ ਨੂੰ ਬਹੁਤ ਤਕਲੀਫ਼ ਹੋਈ। ਹੁਣ ਮੁਸਲਮਾਨ ਬਹੁਤ ਜੋਸ਼ ਵਿਚ ਜਲੂਸ ਕੱਢ ਕੇ ਸ਼ਹੀਦ ਗੰਜ ਵੱਲ ਗਏ ਪਰ ਪੁਲਿਸ ਨੇ ਅੱਗੋਂ ਰੋਕ ਲਿਆ ਤੇ ਮੁਸਲਮਾਨ ਉੱਥੇ ਹੀ ਬੈਠ ਗਏ। ਇਸ ਹਾਲਤ ਵਿਚ ਸਿੱਖ ਤੇ ਮੁਸਲਮਾਨ ਆਗੂਆਂ ਦੀ ਆਪੋ ਵਿਚ ਸਮਝੌਤੇ ਦੀ ਗੱਲਬਾਤ ਹੋਈ। ਲਾਟ ਸਾਹਿਬ ਨੇ ਸ: ਜੁਗਿੰਦਰ ਸਿੰਘ ਜੀ ਤੇ ਸ: ਸੰਪੂਰਨ ਸਿੰਘ ਜੀ ਨੂੰ ਸੱਦ ਕੇ ਕਿਹਾ ਸੀ ਕਿ ਸਮਝੌਤਾ ਕਰਾ ਦੇਣ। ਮੁਸਲਮਾਨਾਂ ਦੀ ਮੰਗ ਇਹ ਸੀ ਕਿ ਮਸਜਿਦ ਵਾਲੀ ਥਾਂ ਦੇ ਦਵਾਲੇ ਜੰਗਲਾਂ ਬਣਾ ਦਿੱਤਾ ਜਾਵੇ ਤੇ ਉਹ ਥਾਂ ਕਿਸੇ ਕੰਮ ਨਾ ਆਵੇ। ਸ: ਜੁਗਿੰਦਰ ਸਿੰਘ ਜੀ ਨੇ ਬਹੁਤ ਜ਼ੋਰ ਦਿੱਤਾ ਕਿ ਇਹ ਮੰਗ ਮੰਨ ਲਈ ਜਾਵੇ, ਪਰ ਅਕਾਲੀ ਆਗੂ ਮੁਸਲਮਾਨਾਂ ਦੀ ਕਿਸੇ ਧਮਕੀ ਅੱਗੇ ਝੁੱਕਣ ਨੂੰ ਤਿਆਰ ਨਹੀਂ ਸਨ। ਆਖ਼ਰ ਕੋਈ ਸਮਝੌਤਾ ਨਾ ਹੋ ਸਕਿਆ। ਜਦ ਸ਼ਹੀਦ ਗੰਜ ਤੇ ਦਿੱਲੀ ਦਰਵਾਜ਼ੇ ਦੇ ਵਿਚਕਾਰ ਮੋਰਚਾ ਲਾਈ ਬੈਠੇ ਮੁਸਲਮਾਨਾਂ ਨੂੰ ਪਤਾ ਲੱਗਾ ਕਿ ਸਮਝੌਤਾ ਟੁੱਟ ਗਿਆ ਹੈ ਤਾਂ ਉਹ ਉੱਥੋਂ ਉੱਠ ਕੇ ਮੋਚੀ ਦਰਵਾਜ਼ੇ ਦੇ ਬਾਹਰ ਜਲਸਾ ਕਰਨ ਚਲੇ ਗਏ। ਜਲਸਾ ਕਰਕੇ ਮੁਸਲਮਾਨ ਘਰੋਂ-ਘਰੀ ਚਲੇ ਗਏ ਤੇ ਮੋਰਚਾ ਬਿਨਾਂ ਮੋਰਚਾ ਲਾਏ ਹੀ ਮੁੱਕ ਗਿਆ। ਇਉਂ ਭਾਸਦਾ ਹੈ ਕਿ ਸਰਕਾਰ ਵਿਚ ਕੰਮ ਕਰਨ ਵਾਲਿਆਂ ਮੁਸਲਮਾਨ ਆਗੂਆਂ ਨੇ ਹੀ ਇਹ ਦਿਖਲਾਵੇ ਦਾ ਮੋਰਚਾ ਲਵਾਇਆ ਹੋਇਆ ਸੀ ਤਾਂ ਕਿ ਸਿੱਖਾਂ ਤੇ ਸਰਕਾਰ ਦੋਹਾਂ ਉੱਤੇ ਦਬਾਅ ਪਾਇਆ ਜਾਵੇ। ਜਦ ਉਨ੍ਹਾਂ ਵੇਖਿਆ ਕਿ ਇਨ੍ਹਾਂ ਫੋਕੀਆਂ ਧਮਕੀਆਂ ਅੱਗੇ ਕੋਈ ਨਹੀਂ ਯਰਕਿਆ ਤਾਂ ਉਹ ਆਪ ਯਰਕ ਗਏ।

ਲਾਟ ਸਾਹਿਬ ਨੇ ਮੁਸਲਮਾਨਾਂ ਦੇ ਮਨ ਸ਼ਾਂਤ ਕਰਨ ਲਈ ਮਸਜਿਦ ਸ਼ਾਹ ਚਰਾ.ਗ ਤੇ ਉਸ ਦੇ ਨਾਲ ਦੀ ਜਾਇਦਾਦ ਮੁਸਲਮਾਨਾਂ ਨੂੰ ਦੇ ਦਿੱਤੀ। ਸਿੱਖਾਂ ਵਿਰੁੱਧ ਗੁੱਸਾ ਕੱਢਣ ਲਈ ਲਾਟ ਸਾਹਿਬ ਨੇ ਮੁਸਲਮਾਨਾਂ ਤੇ ਹਿੰਦੂਆਂ ਆਦਿ ਲਈ ਤਲਵਾਰ ਦੀ ਖੁੱਲ੍ਹ ਕਰ ਦਿੱਤੀ ਤਾਂ ਕਿ ਸਿੱਖ ਜੋ ਕ੍ਰਿਪਾਨ ਰੱਖਦੇ ਹਨ ਤਾਂ ਇਹ ਵਾਧੂ ਲਾਭ ਸਿੱਖਾਂ ਨੂੰ ਨਾ ਰਹਿ ਜਾਵੇ। ਲਾਟ ਸਾਹਿਬ ਦੇ ਲਾਹੌਰ ਪੁੱਜਣ ਤੋਂ ਪਹਿਲਾਂ ਭੀ ਸਿੱਖਾਂ ਤੇ ਮੁਸਲਮਾਨਾਂ ਆਗੂਆਂ ਦੀ ਸਮਝੌਤੇ ਲਈ ਗੱਲਬਾਤ ਡੇਹਰਾ ਸਾਹਿਬ ਹੋਈ ਸੀ। ਇਹ ਗੱਲਬਾਤ ਕਰਨ ਵਾਲੇ ਅਹਿਰਾਰੀ ਆਗੂ ਸਨ। ਉਨ੍ਹਾਂ ਨੇ ਮੰਗ ਇਹ ਕੀਤੀ ਸੀ ਕਿ ਮਸਜਿਦ ਨਾ ਗਰਾਈ ਜਾਵੇ ਤੇ ਅਹਾਤੇ ਵਿਚ ਜੋ ਕਬਰ ਸੀ ਉਸ ਉੱਤੇ ਪੁੱਜਣ ਲਈ ਰਾਹ ਅੱਡਰਾ ਕਰ ਦਿੱਤਾ ਜਾਵੇ। ਸਿੱਖ ਆਗੂਆਂ ਨੇ, ਜਿਨ੍ਹਾਂ ਵਿਚ ਮੈਂ ਭੀ ਮੌਜੂਦ ਸਾਂ, ਜਵਾਬ ਦਿੱਤਾ ਸੀ ਕਿ ਸਾਰੇ ਮੁਸਲਮਾਨ ਆਗੂ ਰਲ ਕੇ ਇਸ ਮੰਗ ਉੱਤੇ ਕਾਇਮ ਹੋ ਜਾਣ ਤਾਂ ਵਿਚਾਰ ਕੀਤੀ ਜਾਵੇਗੀ। ਜਦ ਅਹਿਰਾਰੀ ਆਗੂਆਂ ਨੇ ਮੁੜ ਆ ਮੌਲਾਨਾ ਜ਼ਫ਼ਰ ਅਲੀ ਨਾਲ ਗੱਲ ਕੀਤੀ ਤਾਂ ਉਨ੍ਹਾਂ ਅੱਗੋਂ ਕਿਹਾ ਕਿ

Academy of the Punjab in North America: http://www.apnaorg.com

ਮੈਨੂੰ ਪਤਾ ਹੈ ਕਿ ਮਸਜਿਦ ਸਰਕਾਰ ਨੇ ਸਾਨੂੰ ਦੇ ਦੇਣੀ ਹੈ ਇਸ ਲਈ ਸਮਝੌਤੇ ਦੀ ਕੋਈ ਲੋੜ ਨਹੀਂ ਹੈ।

ਉਨ੍ਹਾਂ ਦਿਨਾਂ ਵਿਚ ਲਾਹੌਰ ਵਿਚ ਹੁਕਮ ਹੋ ਗਿਆ ਸੀ ਕਿ ਕੋਈ ਆਦਮੀ ਕ੍ਰਿਪਾਨ ਨਹੀਂ ਪਹਿਨ ਸਕਦਾ। ਇਸ ਉੱਤੇ ਸਿੱਖਾਂ ਨੇ ਮੋਰਚਾ ਲਾ ਦਿੱਤਾ ਸੀ, ਪਰ ਸਰਕਾਰ ਵੱਲੋਂ ਕੇਵਲ ਇਕ ਦਿਨ ਦੀ ਕੈਦ ਦੀ ਸਜ਼ਾ ਹੁੰਦੀ ਸੀ; ਜਿਸ ਕਰਕੇ ਮੋਰਚਾ ਮਖ਼ੌਲ ਜਿਹਾ ਹੋ ਗਿਆ ਤੇ ਕ੍ਰਿਪਾਨ ਵਿਰੁੱਧ ਦਿੱਤੇ ਗਏ ਹੁਕਮ ਦੀ ਮਿਆਦ ਹੀ ਮੁੱਕ ਗਈ।

ਸ਼ਹੀਦ ਗੰਜ ਦੇ ਮੋਰਚੇ ਮਗਰੋਂ ੧੯੩੬ ਵਿਚ ਫਿਰ ਗੁਰਦੁਆਰਾ ਚੋਣਾਂ ਹੋਈਆਂ ਤੇ ਅਕਾਲੀ ਪਾਰਟੀ ਅੱਗੇ ਨਾਲੋਂ ਭੀ ਵਧੇਰੇ ਤਾਕਤ ਵਿਚ ਕਾਮਯਾਬ ਹੋਈ। ੧੯੩੭ ਵਿਚ ਪੰਜਾਬ ਲੈਜਿਸਲੇਟਿਵ ਅਸੈਂਬਲੀ ਦੀ ਚੋਣ ਹੋਈ। ਨਵੇਂ ਸਰਕਾਰ ਹਿੰਦ ਦੇ ਐਕਟ ਅਨੁਸਾਰ ਇਹ ਪਹਿਲੀ ਚੋਣ ਹੋਈ ਸੀ। ਸਿੱਖਾਂ ਵਿਚ ਤਿੰਨ ਪਾਰਟੀਆਂ ਸਨ। ਇਕ ਤਾਂ ਅਕਾਲੀ ਪਾਰਟੀ ਸੀ, ਇਕ ਗਿਆਨੀ ਸ਼ੇਰ ਸਿੰਘ ਪਾਰਟੀ, ਇਕ ਚੀਫ਼ ਖ਼ਾਲਸਾ ਦੀਵਾਨ ਪਾਰਟੀ। ਚੋਣ ਸਮੇਂ ਗਿਆਨੀ ਸ਼ੇਰ ਸਿੰਘ ਪਾਰਟੀ ਤੇ ਚੀਫ਼ ਖਾਲਸਾ ਦੀਵਾਨ ਪਾਰਟੀ ਦੋਵੇਂ ਰਲ ਕੇ ਇਕ ਪਾਰਟੀ ਬਣ ਗਏ; ਜਿਸ ਦਾ ਨਾਮ ਖਾਲਸਾ ਨੈਸ਼ਨਲ ਪਾਰਟੀ ਰੱਖਿਆ ਗਿਆ। ਐਨ ਅਖ਼ੀਰ ਵੇਲੇ ਸਰਦਾਰ ਸੁੰਦਰ ਸਿੰਘ ਜੀ ਮਜੀਠੀਆ ਖੜ੍ਹੇ ਹੋ ਗਏ ਤੇ ਜਿੱਤ ਭੀ ਗਏ। ਉਂਞ ਤਾਂ ਖਾਲਸਾ ਨੈਸ਼ਨਲ ਪਾਰਟੀ ਨੂੰ ਕੋਈ ਕਾਮਯਾਬੀ ਨਹੀਂ ਸੀ ਹੋਈ, ਪਰ ਸਰਦਾਰ ਸੁੰਦਰ ਸਿੰਘ ਜੀ ਦੀ ਜਿੱਤ ਨਾਲ ਇਹ ਪਾਰਟੀ ਮੁੜ ਖੜੀ ਹੋ ਗਈ ਕਿਉਂਕਿ ਰਈਸ ਤੇ ਸਰਕਾਰ ਦੇ ਖ਼ੁਸ਼ਾਮਦੀ ਸਰਦਾਰ ਸੁੰਦਰ ਸਿੰਘ ਜੀ ਦੀ ਲੀਡਰੀ ਹੇਠਾਂ ਇਕੱਠੇ ਹੋ ਗਏ ਸਨ। ਸਰਦਾਰ ਸੁੰਦਰ ਸਿੰਘ ਜੀ ਤਾਂ ਮੈਂਬਰ ਹੀ ਵਜ਼ੀਰੀ ਲਈ ਬਣੇ ਸਨ। ਉਹ ਸਰ ਸਕੰਦਰ ਹਯਾਤ ਨਾਲ ਰਲ ਕੇ ਵਜ਼ੀਰ ਬਣ ਗਏ ਤੇ ਵਜ਼ਾਰਤ ਸਮੇਂ ਸਰ ਸਕੰਦਰ ਨੇ ਐਲਾਨ ਕੀਤਾ ਕਿ ਭਾਵੇਂ ਉਸ ਦੇ ਨਾਲ ਬਣਨ ਵਾਲੇ ਵਜ਼ੀਰ ਹੋਰ ਪਾਰਟੀਆਂ ਵਿੱਚੋਂ ਭੀ ਲਏ ਗਏ ਹਨ, ਪਰ ਉਨ੍ਹਾਂ ਸਭ ਨੇ ਯੂਨੀਅਨਿਸਟ ਪਾਰਟੀ ਦਾ ਪ੍ਰੋਗਰਾਮ ਮੰਨ ਲਿਆ। ਇਸ ਤਰ੍ਹਾਂ ਯੂਨੀਅਨਿਸਟ ਪਾਰਟੀ ਦਾ ਪ੍ਰੋਗਰਾਮ ਮੰਨ ਕੇ ਵਜ਼ੀਰ ਬਣਨ ਵਿਚ ਸਰਦਾਰ ਸੁੰਦਰ ਸਿੰਘ ਜੀ ਨੇ ਬਹੁਤ ਗ਼ਲਤੀ ਕੀਤੀ ਸੀ। ਉੱਤੋਂ ਰੋਜ਼ ਦੇ ਕੰਮਾਂ ਵਿਚ ਭੀ ਸਰ ਸਕੰਦਰ ਮੁਸਲਮਾਨਾਂ ਦਾ ਬਹੁਤ ਲਿਹਾਜ਼ ਕਰਦਾ ਸੀ। ਸਰ ਸਕੰਦਰ ਹਯਾਤ ਤੇ ਸਰ ਸੁੰਦਰ ਸਿੰਘ ਜੀ ਨੇ ਵਜ਼ੀਰ ਬਣਦਿਆਂ ਹੀ ਅਕਾਲੀਆਂ ਵਿਰੁੱਧ ਮੁਕੱਦਮੇ ਬਨਾਣ ਦਾ ਜਤਨ ਕੀਤਾ। ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਅਕਾਲੀ ਦਲ, ਸਰਬ ਹਿੰਦ ਸਿੱਖ ਮਿਸ਼ਨ, ਸ੍ਰੀ ਦਰਬਾਰ ਸਾਹਿਬ ਕਮੇਟੀ ਤੇ ਸ੍ਰੀ ਨਨਕਾਣਾ ਸਾਹਿਬ ਕਮੇਟੀ ਦੀਆਂ ਕਈ ਵੇਰਾਂ ਤਲਾਸ਼ੀਆਂ ਲਈਆਂ ਗਈਆਂ ਤੇ ਉਨ੍ਹਾਂ ਦੇ ਰਜਿਸਟਰ ਪਕੜ ਲਏ ਗਏ ਪਰ ਸਾਰਾ ਜ਼ੋਰ ਤਾਣ ਲਾਣ ਉੱਤੇ ਭੀ ਉਨ੍ਹਾਂ ਨੂੰ ਕੋਈ ਗੱਲ ਮੁਕੱਦਮਾ ਬਣਾਨ ਜੋਗੀ ਨਾ ਲੱਭੀ। ਜੋ ਮੁਕੱਦਮੇ ਸ: ਖਜ਼ਾਨ ਸਿੰਘ ਨੇ ਦਾਇਰ ਕੀਤੇ ਸਨ, ਉਹ ਸਭ ਹਾਈਕੋਰਟ ਵਿਚ ਜਾ ਕੇ ਖ਼ਾਰਜ ਹੋ ਗਏ। ਇਕ ਮੁਕੱਦਮਾ ਤਾਂ ਇਹ ਸੀ ਕਿ ਸ਼੍ਰੋਮਣੀ ਕਮੇਟੀ

Academy of the Punjab in North America: http://www.apnaorg.com

ਨੇ ਆਪਣੇ ਇਖ਼ਤਿਆਰ ਤੋਂ ਵੱਧ ਕੇ ਪ੍ਰਚਾਰ ਉੱਤੇ ਖ਼ਰਚ ਕੀਤਾ ਹੈ। ਇਸ ਵਿਚ ਭੀ ਇਕ ਪਾਈ ਭੀ ਅਜੇਹੀ ਨਹੀਂ ਦੱਸੀ ਗਈ ਸੀ ਜੋ ਖ਼ਰਚ ਨਾ ਹੋਈ ਹੋਵੇ ਤੇ ਐਵੇਂ ਦਰਜ ਕੀਤੀ ਗਈ ਹੋਵੇ। ਇਸ ਮੁਕੱਦਮੇ ਨੂੰ ਖ਼ਾਰਜ ਕਰਨ ਸਮੇਂ ਜੱਜਾਂ ਨੇ ਕਿਹਾ ਸੀ ਕਿ ਸ਼੍ਰੋਮਣੀ ਕਮੇਟੀ ਦੀ ਚਿੱਟੀ ਚਾਦਰ ਉੱਤੇ ਕੋਈ ਦਾਗ਼ ਨਹੀਂ ਹੈ।

ਖਾਲਸਾ ਕਾਲਜ ਵਿੱਚੋਂ ਚੋਣ ਦੇ ਸਿਲਸਿਲੇ ਵਿਚ ਪੰਜ ਪ੍ਰੋਫ਼ੈਸਰ ਕੱਢੇ ਗਏ ਸਨ। ਮੁੰਡਿਆਂ ਨੇ ਰੌਲਾ ਪਾਇਆ ਸੀ ਤੇ ਜਲ੍ਹਿਆਂ ਵਾਲੇ ਬਾਗ਼ ਵਿਚ ਇਕ ਜਲਸਾ ਹੋਇਆ ਸੀ, ਜਿਸ ਵਿਚ ਮੈਂ ਭੀ ਮੌਜੂਦ ਸਾਂ। ਸਰਦਾਰ ਸੁੰਦਰ ਸਿੰਘ ਜੀ ਦੀ ਪਾਰਟੀ ਭੀ ਉਸ ਜਲਸੇ ਵਿਚ ਆ ਗਈ ਤੇ ਆਪੋ ਵਿਚ ਝਗੜਾ ਹੋ ਗਿਆ। ਮੈਂ ਪਰੇ ਬੈਠਾ ਸਾਂ ਤੇ ਜਦ ਝਗੜਾ ਵਧਿਆ ਮੈਨੂੰ ਮੇਰੇ ਮਿੱਤਰ ਉਠਾ ਕੇ ਪਰੇ ਲੈ ਗਏ। ਮੈਂ ਝਗੜਾ ਵੇਖਿਆ ਭੀ ਨਹੀਂ ਸੀ, ਪਰ ਮੇਰੇ ਵਿਰੁੱਧ ਇਹ ਗਵਾਹੀਆਂ ਹੋਈਆਂ ਕਿ ਮੈਂ ਲਲਕਾਰਿਆ ਸੀ ਕਿ ਗਿਆਨੀ ਸ਼ੇਰ ਸਿੰਘ ਜੀ ਨੂੰ ਜਾਨੋਂ ਮਾਰ ਦੇਵੋ। ਮਤਲਬ ਦੀ ਗੱਲ ਇਸ ਵਿਚ ਇਹ ਹੈ ਕਿ ਵਜ਼ੀਰਾਂ ਨੇ ਅਦਾਲਤ ਉੱਤੇ ਅਸਰ ਪਾ ਕੇ ਮੈਨੂੰ ਕੈਦ ਕਰਵਾਣ ਦਾ ਜਤਨ ਕੀਤਾ ਸੀ, ਪਰ ਉਸ ਵੇਲੇ ਅੰਮ੍ਰਿਤਸਰ ਵਿਚ ਇਕ ਤਕੜਾ ਅੰਗਰੇਜ਼ ਡਿਪਟੀ ਕਮਿਸ਼ਨਰ ਸੀ ਤੇ ਉਸ ਨੇ ਇਹ ਅਸਰ ਨਹੀਂ ਪੈਣ ਦਿੱਤਾ ਸੀ।

ਇਸ ਤਰ੍ਹਾਂ ਨਾਲ ਸਾਨੂੰ ਵਜ਼ੀਰ ਔਖਾ ਕਰਦੇ ਰਹੇ। ਉਹ ਸਾਨੂੰ ਦਬਕਾਣਾ ਚਾਹੁੰਦੇ ਸਨ ਪਰ ਮੈਂ ਵਧੇਰੇ ਤੇਜ਼ੀ ਨਾਲ ਉਨ੍ਹਾਂ ਦੇ ਵਿਰੁੱਧ ਪ੍ਰਾਪੇਗੰਡਾ ਕਰਦਾ ਰਿਹਾ ਸਾਂ। ਮੈਂ ਸਰ ਸਕੰਦਰ ਦਾ ਸਭ ਤੋਂ ਪਹਿਲਾਂ ਪਾਜ ਖੋਲ੍ਹਿਆ ਸੀ ਕਿ ਉਹ ਬਹੁਤ ਫ਼ਿਰਕੂ ਦਿਮਾਗ਼ੀ ਦਸ਼ਾ ਦੇ ਹਨ। ਉਸ ਵੇਲੇ ਤਕ ਹਿੰਦੂ ਅਖ਼ਬਾਰ ਸਰ ਸਕੰਦਰ ਦੀ ਚਾਲ ਵਿਚ ਫਸੇ ਉਸ ਦੀ ਕੌਮ ਪੂਜਾ ਦੀ ਤਾਰੀਫ਼ ਹੀ ਕਰਦੇ ਸਨ। ਇਸ ਹਾਲਤ ਵਿਚ ੧੯੩੯ ਦੀਆਂ ਗੁਰਦੁਆਰਾ ਚੋਣਾਂ ਆ ਗਈਆਂ। ਇਸ ਮੌਕੇ ਉੱਤੇ ਸਭ ਪਾਰਟੀਆਂ ਇਕੱਠੀਆਂ ਹੋ ਕੇ ਸਾਡੇ ਵਿਰੁੱਧ ਲੜੀਆਂ ਸਨ। ਗਿਆਨੀ ਸ਼ੇਰ ਸਿੰਘ ਪਾਰਟੀ, ਬਾਬਾ ਖੜਕ ਸਿੰਘ ਪਾਰਟੀ, ਚੀਫ਼ ਖਾਲਸਾ ਦੀਵਾਨ ਪਾਰਟੀ, ਕਮਿਊਨਿਸਟ ਪਾਰਟੀ ਤੇ ਹੋਰ ਸਭ ਸਾਡੇ ਨਾਲ ਰੁੱਸੇ ਹੋਏ ਸਿੱਖ ਤੇ ਗੁਰਦੁਆਰਿਆਂ ਵਿੱਚੋਂ ਹਟੇ ਹੋਏ ਮੁਲਾਜ਼ਮ, ਮੈਂਬਰ ਤੇ ਪ੍ਰਧਾਨ ਇਕੱਠੇ ਹੋ ਕੇ ਸਾਡੀ ਵਿਰੋਧਤਾ ਉੱਤੇ ਡਟੇ ਸਨ। ਚੋਣ ਜੰਗ ਬੜੇ ਘਮਸਾਣ ਨਾਲ ਤੇ ਖ਼ੂਬ ਜੋਸ਼ ਨਾਲ ਲੜਿਆ ਗਿਆ ਪਰ ਸਾਡੇ ਸਭ ਵਿਰੋਧੀਆਂ ਨੂੰ ਇਤਨੀ ਵੱਡੀ ਹਾਰ ਹੋਈ, ਜਿਤਨੀ ਕਿ ਸਾਡੇ ਵਿੱਚੋਂ ਕਦੀ ਕਿਸੇ ਨੇ ਖ਼ਿਆਲ ਭੀ ਨਹੀਂ ਕੀਤਾ ਸੀ। ਇਸ ਜਿੱਤ ਦਾ ਕਾਰਨ ਸਾਡਾ ਅਸੂਲ ਉੱਤੇ ਡਟੇ ਰਹਿਣਾ ਤੇ ਸਾਡੇ ਵਿਰੋਧੀਆਂ ਦਾ ਸਭ ਅਸੂਲਾਂ ਨੂੰ ਤਿਆਗ ਦੇਣਾ ਸੀ। ਨਹੀਂ ਤਾਂ ਉੱਤੇ ਲਿਖੀਆਂ ਪਾਰਟੀਆਂ ਦਾ ਮੇਲ ਕੀ ਹੋ ਸਕਦਾ ਹੈ ? ਉਨ੍ਹਾਂ ਦੇ ਪਾਲਿਟਿਕਸ ਅੱਡਰੇ, ਉਨ੍ਹਾਂ ਦੇ ਧਾਰਮਿਕ ਖ਼ਿਆਲ ਅੱਡਰੇ ਤੇ ਉਨ੍ਹਾਂ ਦਾ ਸਭ ਕੁਝ ਅੱਡਰਾ ਸੀ। ਇਸ ਗੁਰਦੁਆਰਾ ਚੋਣ ਦੀ ਜਿੱਤ ਨੇ ਅਕਾਲੀ ਪਾਰਟੀ ਦੀ ਇਹ ਪੋਜ਼ੀਸ਼ਨ ਬਣਾ ਦਿੱਤੀ ਕਿ ਵਿਰੋਧੀ ਇਹ ਦਾਹਵਾ ਕਰਨੋਂ ਭੀ ਹੱਟ ਗਏ ਕਿ ਉਹ ਪੰਥ ਦੇ ਨੁਮਾਇੰਦੇ ਹਨ। ਹੁਣ ਤਾਂ ਬਾਬਾ ਖੜਕ ਸਿੰਘ ਜੀ ਦੀ ਦਿਮਾਗ਼ੀ ਦਸ਼ਾ ਵਾਲੇ ਭੀ "ਸਿੱਖ ਲੀਡਰਸ਼ਿਪ"

Academy of the Punjab in North America: http://www.apnaorg.com

ਉੱਤੇ ਨੁਕਤਾਚੀਨੀ ਕਰਦੇ ਹਨ; ਜਿਸ ਦਾ ਸਾਫ਼ ਮਤਲਬ ਇਹ ਹੈ ਕਿ ਉਹ ਮੰਨਦੇ ਹਨ ਕਿ "ਸਿੱਖ ਲੀਡਰਸ਼ਿਪ" ਅਕਾਲੀ ਪਾਰਟੀ ਦੇ ਹੱਥ ਹੈ। ਸਰਦਾਰ ਸੁੰਦਰ ਸਿੰਘ ਜੀ ਦੇ ਚੜ੍ਹਾਈ ਕਰ ਜਾਣ ਮਗਰੋਂ ਬਟਾਲੇ ਦੀ ਚੋਣ ਸੰਨ ੧੯੪੧ ਵਿਚ ਹੋਈ। ਇਸ ਚੋਣ ਦੀ ਜਿੱਤ ਨੇ ਅਕਾਲੀ ਪਾਰਟੀ ਦਾ ਵਕਾਰ ਹੋਰ ਵਧਾ ਦਿੱਤਾ, ਕਿਉਂਕਿ ਇਸ ਵਿਚ ਸਰਦਾਰ ਕ੍ਰਿਪਾਲ ਸਿੰਘ ਜੀ ਨੇ ਬੇਤਹਾਸ਼ਾ ਰੁਪਿਆ ਖ਼ਰਚ ਕੀਤਾ ਸੀ। ਕਈ ਲੱਖ ਰੁਪਿਆ ਖ਼ਰਚ ਕਰਕੇ ਭੀ ਸਰਦਾਰ ਕਿਰਪਾਲ ਸਿੰਘ ਜੀ ਦਾ ਹਾਰ ਜਾਣਾ ਅਕਾਲੀ ਪਾਰਟੀ ਦੀ ਤਾਕਤ ਦਾ ਹੀ ਇਕ ਚਮਤਕਾਰਾ ਸੀ।

✡ ✡ ✡

Academy of the Punjab in North America: http://www.apnaorg.com

# ਸਕੰਦਰ ਬਲਦੇਵ ਸਿੰਘ ਪੈਕਟ

ਅੰਗਰੇਜ਼ੀ ਸਰਕਾਰ ਚਾਹੁੰਦੀ ਸੀ ਕਿ ਸਿੱਖ ਭਰਤੀ ਹੋਣ ਪਰ ਸ਼ਰ ਸਕੰਦਰ ਹਯਾਤ ਚਾਹੁੰਦਾ ਸੀ ਕਿ ਸਿੱਖ ਭਰਤੀ ਨਾ ਹੋਣ ਤੇ ਜੇ ਹੋਣ ਉਨ੍ਹਾਂ ਦਾ ਅਹਿਸਾਨ ਭੀ ਉਸ ਦਾ ਆਪਣਾ ਸਰਕਾਰ ਦੇ ਸਿਰ ਹੋਵੇ। ਸ਼ੁਰੂ-ਸ਼ੁਰੂ ਵਿਚ ਸਿੱਖਾਂ ਵਿਚ ਭਰਤੀ ਹੋਣ ਦੇ ਵਿਰੁੱਧ ਕਾਫ਼ੀ ਖ਼ਿਆਲ ਸੀ ਤੇ ਇਕ ਦੋ ਥਾਂ ਤਾਂ ਫ਼ੌਜੀ ਸਿੱਖਾਂ ਨੇ ਹੁਕਮ-ਅਦੂਲੀ ਭੀ ਕੀਤੀ ਸੀ; ਜਿਸ ਕਰਕੇ ਅੰਗਰੇਜ਼ਾਂ ਵਿਚ ਫ਼ਿਕਰ ਪੈ ਗਿਆ ਸੀ ਤੇ ਸਿੱਖਾਂ ਦੇ ਕੁਝ ਇਲਾਕੇ ਤੇ ਕੁਝ ਪਿੰਡਾਂ ਦੇ ਲੋਕਾਂ ਨੂੰ ਅੰਗਰੇਜ਼ ਸ਼ੱਕ ਦੀ ਨਜ਼ਰ ਨਾਲ ਵੇਖਦੇ ਸਨ। ਸਿੱਖ ਨਹੀਂ ਚਾਹੁੰਦੇ ਸਨ ਕਿ ਕੋਈ ਫ਼ੌਜੀ ਸਿੱਖ ਕਿਸੇ ਤਰ੍ਹਾਂ ਦੀ ਗੜਬੜ ਕਰੇ। ਜਦ ਮੈਨੂੰ ਪਤਾ ਲੱਗਾ ਕਿ ਸੈਂਟਰਲ ਇੰਡੀਅਨ ਹਾਰਸ ਦੇ ਕੁਝ ਸਿੱਖਾਂ ਨੇ ਜਹਾਜ਼ ਚੜ੍ਹਨ ਤੋਂ ਨਾਂਹ ਕੀਤੀ ਸੀ ਤਾਂ ਮੈਂ ਇਸ ਵਤੀਰੇ ਵਿਰੁੱਧ ਖੁਲ੍ਹਾ ਐਲਾਨ ਕਰ ਦਿੱਤਾ। ਫ਼ੌਜੀ ਅਫ਼ਸਰਾਂ ਨੇ ਸਿੱਖਾਂ ਦੇ ਹਾਲਾਤ ਪਤਾ ਕਰਨ ਲਈ ਇਕ ਕਮਿਸ਼ਨ ਮੁਕੱਰਰ ਕੀਤਾ, ਜਿਸ ਵਿਚ ਉਹੋ ਅੰਗਰੇਜ਼ ਸਨ ਜੋ ਸਿੱਖਾਂ ਨਾਲ ਹਮਦਰਦੀ ਰਖਦੇ ਸਨ। ਇਸ ਕਮਿਸ਼ਨ ਨੇ ਸਿੱਖਾਂ ਦੇ ਹੱਕ ਵਿਚ ਰਿਪੋਟ ਕੀਤੀ ਤੇ ਅੰਗਰੇਜ਼ਾਂ ਦੇ ਬਹੁਤ ਸਾਰੇ ਸ਼ੱਕ ਹਟ ਗਏ ਪਰ ਸਰ ਸਕੰਦਰ ਨਾਲ ਸਾਡੇ ਤਅੱਲੁਕਾਤ ਵਿਗੜੇ ਹੀ ਹੋਏ ਸਨ। ਗੁਰਦੁਆਰਿਆਂ ਸਬੰਧੀ ਮੁਕੱਦਮੇ ਚਲਾਣ ਵਿਚ ਨਾ-ਕਾਮਯਾਬ ਹੋ ਕੇ ਸਰ ਸਕੰਦਰ ਹੋਰ ਵਿਉਂਤਾਂ ਸੋਚ ਰਿਹਾ ਸੀ ਕਿ ਕਿਸੇ ਤਰ੍ਹਾਂ ਸਿੱਖਾਂ ਤੇ ਅੰਗਰੇਜ਼ਾਂ ਦੇ ਤਅੱਲੁਕਾਤ ਸੁਧਰਨ ਨਾ ਦਿੱਤੇ ਜਾਣ। ਕੁਝ ਪੰਥ ਵਿਚ ਕੰਮ ਕਰਨ ਵਾਲਿਆਂ ਨੇ ਸਰ ਸਕੰਦਰ ਦੀ ਇਸ ਚਾਲ ਨੂੰ ਭਾਂਪ ਕੇ ਖ਼ਾਲਸਾ ਡੀਫੈਂਸ ਆਫ਼ ਇੰਡੀਆ ਲੀਗ ਬਣਾਈ। ਇਸ ਲੀਗ ਦਾ ਨਿਸ਼ਾਨਾ ਇਹ ਸੀ ਕਿ ਸਿੱਖਾਂ ਵਿਚ ਜੋ ਫ਼ੌਜੀ ਭਰਤੀ ਦੇ ਵਿਰੁੱਧ ਖ਼ਿਆਲ ਬੈਠੇ ਹੋਏ ਹਨ, ਉਹ ਕੱਢੇ ਜਾਣ। ਸਰ ਸਕੰਦਰ ਇਸ ਲੀਗ ਦੇ ਵਿਰੁੱਧ ਸੀ ਤੇ ਅੰਦਰੋਂ ਉਸ ਨੇ ਵਿਰੋਧਤਾ ਭੀ ਕੀਤੀ ਪਰ ਅੰਗਰੇਜ਼ ਇਸ ਦੇ ਹੱਕ ਵਿਚ ਸਨ, ਜਿਸ ਕਰਕੇ ਸਰ ਸਕੰਦਰ ਜ਼ਾਹਿਰਾ ਕੁਝ ਨਹੀਂ ਕਰ ਸਕਦਾ ਸੀ। ਉੱਧਰੋਂ ਖਾਲਸਾ ਡੀਫੈਂਸ ਆਫ਼ ਇੰਡੀਆ ਲੀਗ ਭੀ ਕਾਮਯਾਬ ਹੋ ਰਹੀ ਸੀ। ਇਸੇ ਸਮੇਂ ਵਿਚ ਸਰਗੋਧੇ ਦੇ ਡਿਪਟੀ ਕਮਿਸ਼ਨਰ ਨੇ ਸਿੱਖਾਂ ਦੀ ਕਮਰ ਤੋੜਨ ਲਈ ਉੱਥੇ ਗੁਰਪੁਰਬ ਦੇ ਜਲੂਸ ਵਿਚ ਰੁਕਾਵਟਾਂ ਪਾਣ ਦੇ ਜਤਨਾਂ ਨੂੰ ਹਵਾ ਦਿੱਤੀ ਤੇ ਮੁਸਲਮਾਨਾਂ ਨੂੰ ਚੁੱਕਿਆ। ਵਧੀਕੀ ਮੁਸਲਮਾਨਾਂ ਦੀ ਸੀ ਪਰ ਗ੍ਰਿਫ਼ਤਾਰ ਸਿੱਖ ਹੋਏ। ਇਸ ਕਰਕੇ ਪੰਥ ਵਿਚ ਰੌਲਾ ਵੱਧ ਗਿਆ ਤੇ ਸ਼੍ਰੋਮਣੀ ਅਕਾਲੀ ਦਲ ਨੇ ਮੋਰਚੇ ਦਾ ਫ਼ੈਸਲਾ ਕੀਤਾ। ਮੈਂ ਇਕ ਜਥਾ ਲੈ ਕੇ ਸਰਗੋਧੇ ਵੱਲ ਤਿਆਰ ਹੋਇਆ। ਅੰਗਰੇਜ਼ੀ ਸਰਕਾਰ ਦਾ

Academy of the Punjab in North America: http://www.apnaorg.com

ਧਿਆਨ ਭੀ ਇੱਧਰ ਆਇਆ। ਉਨ੍ਹਾਂ ਨੂੰ ਡਿਪਟੀ ਕਮਿਸ਼ਨਰ ਦੀ ਪ੍ਰਗਟ ਵਧੀਕੀ ਦਾ ਨਿਸਚਾ ਹੋ ਗਿਆ। ਡਿਪਟੀ ਕਮਿਸ਼ਨਰ ਬਦਲਿਆ ਗਿਆ ਤੇ ਸਿੱਖ ਕੈਦੀ ਰਿਹਾ ਹੋ ਗਏ। ਮੈਂ ਇਹ ਨਹੀਂ ਕਹਿ ਸਕਦਾ ਕਿ ਇਸ ਮੁਸਲਮਾਨ ਨੂੰ ਕੋਈ ਸਰ ਸਕੰਦਰ ਦੀ ਚੁੱਕ ਸੀ, ਪਰ ਇਹ ਮੈਨੂੰ ਪੱਕਾ ਨਿਸਚਾ ਹੈ ਕਿ ਸਰ ਸਕੰਦਰ ਜੋ ਗੱਲਾਂਬਾਤਾਂ ਵਿਚ ਮੁਸਲਮਾਨਾਂ ਨੂੰ ਕਹਿੰਦਾ ਰਹਿੰਦਾ ਸੀ ਕਿ ਉਸ ਦੀ ਹਕੂਮਤ ਮੁਸਲਮਾਨੀ ਹਕੂਮਤ ਹੈ, ਉਸ ਨੇ ਮੁਸਲਮਾਨ ਅਫ਼ਸਰਾਂ ਦੇ ਸਿਰ ਫੇਰ ਦਿੱਤੇ ਸਨ। ਇਨ੍ਹਾਂ ਸਿਰ ਫਿਰਿਆਂ ਵਿੱਚੋਂ ਹੀ ਇਕ ਇਹ ਡਿਪਟੀ ਕਮਿਸ਼ਨਰ ਸੀ। ਇਸ ਦੇ ਮਗਰੋਂ ਸਰ ਸਕੰਦਰ ਨੇ ਚਾਲ ਬਦਲੀ (ਪਰ ਨੀਅਤ ਨਾ ਬਦਲੀ, ਜਿਹਾ ਕਿ ਮਗਰੋਂ ਦੇ ਹਾਲਾਤ ਦਸਦੇ ਹਨ) ਸਰਦਾਰ ਸੁੰਦਰ ਸਿੰਘ ਜੀ ਦੀ ਮੌਤ ਮਗਰੋਂ ਉਸ ਨੇ ਸਰਦਾਰ ਦਸੌਂਧਾ ਸਿੰਘ ਜੀ ਨੂੰ ਵਜ਼ੀਰ ਬਣਾਇਆ ਸੀ। ਸਰਦਾਰ ਦਸੌਂਧਾ ਸਿੰਘ ਜੀ ਨੂੰ ਵਜ਼ੀਰ ਬਣਾਨ ਤੋਂ ਭਾਵ ਸਰ ਸਕੰਦਰ ਦਾ ਇਹ ਸੀ ਕਿ ਕੋਈ ਅਜੇਹਾ ਸਿੱਖ ਵਜ਼ੀਰ ਬਣਾਇਆ ਜਾਵੇ ਜੋ ਉਸ ਦਾ ਨਿਰਾ ਹੱਥ ਠੋਕਾ ਹੋਵੇ ਤੇ ਇਸ ਤਰ੍ਹਾਂ ਮੁਸਲਮਾਨੀ ਰਾਜ 'ਤੇ ਆਪਣਾ ਰੋਹਬ ਕਾਇਮ ਕਰਨ ਵਿਚ ਉਸ ਦਾ ਸਹਾਈ ਹੋਵੇ। ਇਸ ਮਤਲਬ ਲਈ ਸਿੱਖ ਮੈਂਬਰਾਂ ਵਿਚ ਸ: ਦਸੌਂਧਾ ਸਿੰਘ ਤੋਂ ਚੰਗਾ ਸਰ ਸਕੰਦਰ ਨੂੰ ਕੋਈ ਨਹੀਂ ਮਿਲ ਸਕਦਾ ਸੀ। ਸ: ਦਸੌਂਧਾ ਸਿੰਘ ਦਾ ਮਦਦਗਾਰ ਨਾ ਕੋਈ ਸਿੱਖ ਮੈਂਬਰਾਂ ਵਿੱਚੋਂ ਹੀ ਸੀ ਤੇ ਨਾ ਕੋਈ ਸਿੱਖ ਪਬਲਿਕਮੈਨ ਹੀ ਸੀ। ਨਤੀਜਾ ਇਹ ਹੋਇਆ ਕਿ ਬਹੁਤ ਛੇਤੀ ਸ: ਦਸੌਂਧਾ ਸਿੰਘ ਜੀ ਬਦਨਾਮ ਹੋ ਗਏ; ਸਗੋਂ ਉਨ੍ਹਾਂ ਸਬੰਧੀ ਤਰ੍ਹਾਂ-ਤਰ੍ਹਾਂ ਦੀਆਂ ਟਿੱਚਰ-ਬਾਜ਼ੀਆਂ ਦੀਆਂ ਅਫ਼ਵਾਹਾਂ ਉੱਠਣ ਲੱਗ ਪਈਆਂ। ਜਿੱਥੇ ਕਿਤੇ ਹੱਸਣ ਖੇਡਣ ਲਈ ਪਬਲਿਕਮੈਨ ਇਕੱਠੇ ਹੁੰਦੇ ਉੱਥੇ ਸ: ਦਸੌਂਧਾ ਸਿੰਘ ਜੀ ਸਬੰਧੀ ਲਤੀਫ਼ੇ ਹੀ ਸੁਣਾਏ ਜਾਂਦੇ। ਸ: ਦਸੌਂਧਾ ਸਿੰਘ ਜੀ ਦੀ ਬਦਨਾਮੀ ਨੇ ਯੂਨੀਅਨਿਸਟ ਪਾਰਟੀ ਨੂੰ ਭੀ ਬਦਨਾਮ ਕੀਤਾ ਤੇ ਅਕਾਲੀ ਪਾਰਟੀ ਦੀ ਤਾਕਤ ਨੂੰ ਵਧਾਇਆ। ਸਰਦਾਰ ਸੁੰਦਰ ਸਿੰਘ ਜੀ ਦੇ ਪਿੱਛੇ ਤਾਂ ਚੀਫ਼ ਖ਼ਾਲਸਾ ਦੀਵਾਨ ਸੀ ਤੇ ਕਈ ਪਬਲਿਕਮੈਨ ਭੀ ਸਨ, ਪਰ ਸ: ਦਸੌਂਧਾ ਸਿੰਘ ਜੀ ਦੇ ਅੱਗੇ ਪਿੱਛੇ ਸਭ ਪਾਸੇ ਸਰ ਸਕੰਦਰ ਹੀ ਸੀ ਜਾਂ ਉਨ੍ਹਾਂ ਦੀ ਆਪਣੀ ਬਦਨਾਮੀ ਸੀ।

ਇਸ ਤਰ੍ਹਾਂ ਸਰ ਸਕੰਦਰ ਭੀ ਸ: ਦਸੌਂਧਾ ਸਿੰਘ ਜੀ ਤੋਂ ਤੰਗ ਸੀ ਤੇ ਉੱਧਰੋਂ ਫ਼ੌਜੀ ਅੰਗਰੇਜ਼ ਭੀ ਔਖੇ ਸਨ ਕਿ ਕੋਈ ਸਿੱਖ ਵਜ਼ੀਰ ਸਿੱਖਾਂ ਵਿਚ ਅਸਰ ਰੱਖਣ ਵਾਲਾ ਨਹੀਂ ਸੀ। ਸਰ ਸਕੰਦਰ ਨੇ ਕਈ ਤਰ੍ਹਾਂ ਦੇ ਕਾਨੂੰਨ ਭੀ ਹਿੰਦੂਆਂ ਦੇ ਵਿਰੁੱਧ ਬਣਾਏ ਸਨ, ਜਿਨ੍ਹਾਂ ਵਿਰੁੱਧ ਬਹੁਤ ਐਜੀਟੇਸ਼ਨ ਹੋਈ ਸੀ ਤੇ ਅਕਾਲੀ ਪਾਰਟੀ ਨੇ ਹਿੰਦੂਆਂ ਦੀ ਮਦਦ ਕੀਤੀ ਸੀ। ਅਕਾਲੀਆਂ ਦੀ ਵਿਰੋਧਤਾ ਕਰਕੇ ਤੇ ਉਨ੍ਹਾਂ ਨੂੰ ਕੁਚਲਣ ਦੀਆਂ ਸਾਰੀਆਂ ਚਾਲਾਂ ਵਿਚ ਨਾ-ਕਾਮਯਾਬ ਹੋ ਕੇ ਸਰ ਸਕੰਦਰ ਨੇ ਅਕਾਲੀ ਪਾਰਟੀ ਨਾਲ ਸਮਝੌਤਾ ਕਰਨ ਦੀ ਇੱਛਾ ਕੀਤੀ। ਇਸ ਸਮਝੌਤੇ ਨੂੰ ਫ਼ੌਜੀ ਅੰਗਰੇਜ਼ ਭੀ ਚਾਹੁੰਦੇ ਸਨ। ਅਕਾਲੀ ਪਾਰਟੀ ਵੱਲੋਂ ਸਰ ਸਕੰਦਰ ਨੂੰ ਕਿਹਾ ਗਿਆ ਕਿ ਉਸ ਦਾ ਅਕਾਲੀ ਪਾਰਟੀ ਨਾਲ ਦੋ ਤਰ੍ਹਾਂ ਦਾ ਵਿਰੋਧ ਹੈ। ਇਕ ਤਾਂ ਪੋਲਿਟੀਕਲ

Academy of the Punjab in North America: http://www.apnaorg.com

ਮੱਤਭੇਦ ਹੈ ਤੇ ਦੂਜਾ ਫ਼ਿਰਕੂ ਝਗੜਾ। ਪੋਲਿਟੀਕਲ ਮੱਤਭੇਦ ਤਾਂ ਮਿਟ ਨਹੀਂ ਸਕਦਾ, ਪਰ ਫ਼ਿਰਕੂ ਝਗੜਾ ਮੁੱਕ ਜਾਏ ਤਾਂ ਸਿੱਖਾਂ ਦੇ ਅੰਦਰੋਂ ਗੁੱਸੇ ਦੀ ਤੇਜ਼ੀ ਘਟ ਜਾਵੇਗੀ। ਫਿਰ ਉਹ ਸਰ ਸਕੰਦਰ ਦੇ ਕਾਂਗਰਸ ਜਾਂ ਹਿੰਦੂਆਂ ਵਰਗੇ ਹੀ ਵਿਰੋਧੀ ਰਹਿਣਗੇ ਤੇ ਜਿਸ ਤਰ੍ਹਾਂ ਦਾ ਤੂਫ਼ਾਨ ਹੁਣ ਸਰ ਸਕੰਦਰ ਦੇ ਵਿਰੁੱਧ ਸਿੱਖਾਂ ਵਿਚ ਮਚਿਆ ਹੋਇਆ ਹੈ ਇਹ ਨਹੀਂ ਰਹੇਗਾ, ਕਿਉਂਕਿ ਇਸ ਦਾ ਕਾਰਣ ਤਾਂ ਸਰ ਸਕੰਦਰ ਦੀ ਫ਼ਿਰਕੂ ਪਾਲਿਸੀ ਹੀ ਹੈ। ਗੱਲਬਾਤ ਹੋ ਕੇ ਇਹ ਫ਼ੈਸਲੇ ਹੋਏ :-

(੧) ਪੰਜਾਬ ਅਸੈਂਬਲੀ ਦੇ ਅਕਾਲੀ ਮੈਂਬਰ ਅੱਗੇ ਵਾਂਗੂੰ ਕਾਂਗਰਸ ਪਾਰਟੀ ਵਿਚ ਰਹਿਣਗੇ ਤੇ ਪੋਲਿਟੀਕਲ ਮਾਮਲੇ ਉੱਤੇ ਸਰ ਸਕੰਦਰ ਜਾਂ ਉਸ ਦੀ ਪਾਰਟੀ ਦਾ ਵਿਰੋਧ ਕਰਨ ਵਿਚ ਪੂਰੇ ਆਜ਼ਾਦ ਹੋਣਗੇ।

(੨) ਸਭ ਸਰਕਾਰੀ ਥਾਵਾਂ 'ਤੇ Institutions ਵਿਚ ਝਟਕੇ ਦੀ ਪੂਰੀ ਖੁੱਲ੍ਹ ਹੋ ਜਾਵੇਗੀ।

(੩) ਕੋਈ ਨਵਾਂ ਕਾਨੂੰਨ ਨਹੀਂ ਬਣਾਇਆ ਜਾਵੇਗਾ, ਜਿਸ ਨਾਲ ਸਿੱਖ ਵਜ਼ੀਰ ਸਹਿਮਤ ਨਾ ਹੋਵੇ।

(੪) ਗੁਰਮੁਖੀ ਨੂੰ ਪੜ੍ਹਣ ਦਾ ਸਰਕਾਰੀ ਸਕੂਲਾਂ ਵਿਚ ਚੰਗਾ ਪ੍ਰਬੰਧ ਕੀਤਾ ਜਾਵੇਗਾ।

(੫) ਸਿੱਖ ਮਾਮਲਿਆਂ ਵਿਚ ਸਿੱਖ ਵਜ਼ੀਰ ਦੀ ਰਾਏ ਨੂੰ ਤਰਜੀਹ ਹੋਇਆ ਕਰੇਗੀ।

ਸ਼ਰਤਾਂ ਤਹਿ ਹੋ ਕੇ ਇਹ ਭੀ ਫ਼ੈਸਲਾ ਹੋਇਆ ਕਿ ਅਕਾਲੀ ਮੈਂਬਰਾਂ ਵਿੱਚੋਂ ਕੋਈ ਵਜ਼ੀਰ ਨਹੀਂ ਬਣੇਗਾ ਕਿਉਂਕਿ ਉਹ ਕਾਂਗਰਸ ਦੇ ਨਾਲ ਰਹਿਣਾ ਚਾਹੁੰਦੇ ਹਨ ਤੇ ਉਨ੍ਹਾਂ ਕਾਂਗਰਸ ਦਾ ਟਿਕਟ ਭੀ ਭਰਿਆ ਹੋਇਆ ਹੈ। ਫ਼ੈਸਲਾ ਇਹ ਹੋਇਆ ਕਿ ਸ: ਬਲਦੇਵ ਸਿੰਘ ਜੀ ਨੇ ਨਾ ਕਾਂਗਰਸ ਟਿਕਟ ਭਰਿਆ ਹੋਇਆ ਹੈ ਤੇ ਨਾ ਉਹ ਕਾਂਗਰਸ ਦੀ ਮਦਦ ਨਾਲ ਕਾਮਯਾਬ ਹੋਏ ਹਨ ਤੇ ਅਕਾਲੀ ਪਾਰਟੀ ਦਾ ਉਨ੍ਹਾਂ ਉੱਤੇ ਇਤਬਾਰ ਭੀ ਹੈ; ਇਸ ਲਈ ਉਹ ਵਜ਼ੀਰ ਹੋਣਗੇ ਤੇ ਸ: ਦਸੌਂਧਾ ਸਿੰਘ ਜੀ ਹਟ ਜਾਣਗੇ। ਇਹ ਸਮਝੌਤਾ ਹੋ ਗਿਆ ਪਰ ਸਕੰਦਰ ਨੇ ਦਿਲੋਂ ਇਹ ਭੀ ਚਾਲ ਹੀ ਅਕਾਲੀਆਂ ਨੂੰ ਮਾਰਨ ਦੀ ਕੀਤੀ ਸੀ। ਉਸ ਦਾ ਪਹਿਲਾ ਜਤਨ ਤਾਂ ਇਹ ਸੀ ਕਿ ਅਕਾਲੀ ਪਾਰਟੀ ਤੇ ਸ: ਬਲਦੇਵ ਸਿੰਘ ਵਿਚ ਬੇ-ਇਤਬਾਰੀ ਪੈਦਾ ਕੀਤੀ ਜਾਵੇਗੀ, ਪਰ ਇਸ ਵਿਚ ਕਾਮਯਾਬ ਹੋਣ ਦੀ ਆਸ ਉਸ ਦੀ ਛੇਤੀ ਹੀ ਟੁੱਟ ਗਈ। ਉਸ ਦੀ ਇਸ ਚਲਾਈ ਹੋਈ ਪਾਲਿਸੀ ਉੱਤੇ ਸੀ. ਆਈ. ਡੀ. ਅਤੇ ਖ਼ਾਸ ਕਰਕੇ ਅੰਮ੍ਰਿਤਸਰ ਦੀ ਸੀ. ਆਈ. ਡੀ. ਤੇ ਉਸ ਦੇ ਮੁਖ਼ਬਰ ਕੰਮ ਕਰਦੇ ਰਹੇ। ਸਰ ਸਕੰਦਰ ਨੇ ਕੀਤੇ ਸਮਝੌਤੇ ਉੱਤੇ ਅਮਲ ਨਾ ਕੀਤਾ ਤੇ ਸਗੋਂ ਅਕਾਲੀਆਂ ਨੂੰ ਕੁਚਲਨ ਲਈ ਨਵੀਂ ਤਰ੍ਹਾਂ ਦੀਆਂ ਸਾਜ਼ਸ਼ਾਂ ਬਣਾ ਕੇ ਸਭ ਅਕਾਲੀ ਆਗੂਆਂ ਤੇ ਸ: ਬਲਦੇਵ ਸਿੰਘ ਜੀ ਨੂੰ ਜੇਲ੍ਹ ਅੰਦਰ ਸੁੱਟਣ ਦੀਆਂ ਗੋਂਦਾਂ ਗੁੰਦੀਆਂ। ਇਹ ਮਸ਼ਹੂਰ ਕੀਤਾ ਗਿਆ ਤੇ ਮੁਸਲਮਾਨ ਅਖ਼ਬਾਰਾਂ ਵਿਚ ਭੀ ਲਿਖਾਇਆ ਗਿਆ ਕਿ ਅਕਾਲੀ ਇਸ ਮਤਲਬ ਲਈ ਹਥਿਆਰ ਇਕੱਠੇ ਕਰ ਰਹੇ ਹਨ ਕਿ ਜੇ ਅੰਗੇਰਜ਼ ਜੰਗ ਵਿਚ ਕਮਜ਼ੋਰ ਹੋਣ ਤਾਂ ਬਗ਼ਾਵਤ ਕਰ ਕੇ ਪੰਜਾਬ ਸਾਂਭ ਲਿਆ ਜਾਵੇ। ਮਹਾਰਾਜਾ ਸਾਹਿਬ ਪਟਿਆਲਾ ਨੇ ਸਰ ਸਕੰਦਰ ਹਯਾਤ ਦੇ ਭਰਾ ਸਰ ਲਿਆਕਤ ਹਯਾਤ ਨੂੰ ਵਜ਼ੀਰੀ ਤੋਂ ਹਟਾਇਆ

Academy of the Punjab in North America: http://www.apnaorg.com

ਸੀ ਤੇ ਸਰ ਸਕੰਦਰ ਇਹ ਬਦਲਾ ਲੈਣਾ ਚਾਹੁੰਦਾ ਸੀ। ਇਸ ਲਈ ਇਕ ਪੱਥਰ ਨਾਲ ਦੋ ਸ਼ਿਕਾਰ ਕਰਨ ਦੀ ਉਸ ਠਾਣੀ ਤੇ ਇਹ ਗੱਲ ਮੁਸਲਮਾਨ ਅਖ਼ਬਾਰਾਂ ਵਿਚ ਕਢਵਾਈ ਕਿ ਮਹਾਰਾਜਾ ਪਟਿਆਲਾ ਨੇ ਪੰਜ ਹਜ਼ਾਰ ਬੰਦੂਕ ਅਕਾਲੀਆ ਨੂੰ ਦਿੱਤੀ ਹੈ। ਇਹ ਗੱਲ ਕਮਿਊਨਿਸਟ ਆਗੂਆਂ ਤੋਂ ਭੀ ਅਖਵਾਈ ਗਈ ਜੋ ਅਖ਼ਬਾਰਾਂ ਵਿਚ ਭੀ ਛਪੀ ਸੀ। ਇਸ ਪ੍ਰਾਪੇਗੰਡੇ ਵਿਚ ਸਰ ਸਕੰਦਰ ਹਯਾਤ ਦਾ ਹੱਥ ਹੋਣ ਦਾ ਸਾਨੂੰ ਸ਼ੱਕ ਤਾਂ ਪਹਿਲਾਂ ਭੀ ਸੀ ਪਰ ਨਿਸਚਾ ਹੁਣ ਹੋਇਆ ਜਦ ਸ: ਸੰਪੂਰਨ ਸਿੰਘ ਜੀ ਤੇ ਗਿਆਨੀ ਕਰਤਾਰ ਸਿੰਘ ਜੀ ਸ਼ਿਮਲੇ ਵਿਚ ਸਰ ਸਕੰਦਰ ਨੂੰ ਮਿਲੇ ਤੇ ਸ਼ਿਕਾਇਤ ਕੀਤੀ ਕਿ ਮੁਸਲਮਾਨ ਸਾਡੇ ਵਿਰੁੱਧ ਗ਼ਲਤ ਗੱਲਾਂ ਅਖ਼ਬਾਰਾਂ ਵਿਚ ਲਿਖ ਰਹੇ ਹਨ ਤੇ ਗ਼ਲਤ ਅਫ਼ਵਾਹਾਂ ਉਡਾ ਰਹੇ ਹਨ ਤੇ ਉਨ੍ਹਾਂ ਵਿਰੁੱਧ ਕੋਈ ਐਕਸ਼ਨ ਨਹੀਂ ਲਿਆ ਜਾਂਦਾ; ਹਾਲਾਂ ਕਿ ਇਸ ਤਰ੍ਹਾਂ ਦੀ ਖ਼ਬਰ ਲਿਖਣਾ ਜਾਂ ਫੈਲਾਣਾ ਦੇਸ਼ ਦੇ ਵਾਯੂ-ਮੰਡਲ ਨੂੰ ਖ਼ਰਾਬ ਕਰਦਾ ਹੈ ਤੇ ਜੰਗ ਸਬੰਧੀ ਜਾਰੀ ਹੋਏ ਆਰਡੀਨੈਂਸਾਂ ਵਿਚ ਆਉਂਦਾ ਹੈ। ਸਰ ਸਕੰਦਰ ਨੇ ਅੱਗੋਂ ਕਿਹਾ—"ਨਹੀਂ ਮੁਸਲਮਾਨ ਤਾਂ ਇਹ ਅਫ਼ਵਾਹ ਨਹੀਂ ਫੈਲਾਂਦੇ। ਮੈਂ ਲੁਧਿਆਣੇ ਗਿਆ ਤੇ ਉੱਥੇ ਇਕ ਸਿੱਖ ਨੇ ਮੈਨੂੰ ਕਿਹਾ ਕਿ ਮਹਾਰਾਜਾ ਪਟਿਆਲਾ ਨੇ ਪੰਜ ਹਜ਼ਾਰ ਬੰਦੂਕ ਅਕਾਲੀਆਂ ਨੂੰ ਦਿੱਤੀ ਹੈ। ਫਿਰ ਮੈਂ ਜਲੰਧਰ ਆਇਆ ਤੇ ਉੱਥੇ ਭੀ ਇਕ ਸਿੱਖ ਨੇ ਮੈਨੂੰ ਇਹੋ ਗੱਲ ਕਹੀ।" ਇਹ ਜਵਾਬ ਸੁਣ ਕੇ ਸਰਦਾਰ ਸੰਪੂਰਨ ਸਿੰਘ ਜੀ ਤੇ ਗਿਆਨੀ ਕਰਤਾਰ ਸਿੰਘ ਜੀ ਚੁੱਪ ਹੋ ਗਏ ਤੇ ਮੈਨੂੰ ਆ ਕੇ ਇਹ ਗੱਲ ਸੁਣਾਈ। ਮੈਂ ਭੀ ਸ਼ਿਮਲੇ ਹੀ ਸਾਂ, ਮੈਂ ਝੱਟ ਤਾੜ ਗਿਆ। ਮੈਂ ਕਿਹਾ ਕਿ ਇਹ ਸਰ ਸਕੰਦਰ ਦੀ ਉਸਤਾਦੀ ਹੈ। ਉਸ ਦਾ ਸਦਾ ਵਤੀਰਾ ਇਹ ਹੁੰਦਾ ਹੈ ਕਿ ਜੇ ਹਿੰਦੂਆਂ ਦੇ ਵਿਰੁੱਧ ਕੁਝ ਕਹਿਣਾ ਹੋਵੇ ਤਾਂ ਕਹਿ ਛੱਡਦਾ ਹੈ ਕਿ ਮੈਨੂੰ ਇਕ ਹਿੰਦੂ ਨੇ ਕਿਹਾ ਹੈ ਤੇ ਜੇ ਸਿੱਖਾਂ ਦੇ ਵਿਰੁੱਧ ਕਹਿਣਾ ਹੋਵੇ ਤਾਂ ਕਹਿ ਛੱਡਦਾ ਹੈ ਕਿ ਇਕ ਸਿੱਖ ਨੇ ਕਿਹਾ ਹੈ। ਸਰ ਸਕੰਦਰ ਦੀ ਇਸ ਚਾਲ ਦਾ ਪਾਜ ਖੁਲ੍ਹਣਾ ਚਾਹੀਦਾ ਹੈ। ਮੈਂ ਕਿਹਾ ਕਿ ਜਾਓ ਉਸ ਨੂੰ ਜਾ ਕੇ ਕਹੋ ਕਿ ਉਨ੍ਹਾਂ ਸਿੱਖਾਂ ਦੇ ਨਾਮ ਦੱਸੇ ਤੇ ਉਨ੍ਹਾਂ ਵਿਰੁੱਧ ਮੁਕੱਦਮਾ ਚਲਾਵੇ ਜੋ ਇਸ ਤਰ੍ਹਾਂ ਦੀਆਂ ਝੂਠੀਆਂ ਤੇ ਬਦਅਮਨੀ ਫੈਲਾਣ ਵਾਲੀਆਂ ਅਫ਼ਵਾਹਾਂ ਖਿਲਾਰਦੇ ਹਨ। ਭਲਾ ਸਰ ਸਕੰਦਰ ਨੇ ਮੁਕੱਦਮਾ ਕਾਹਦਾ ਚਲਾਣਾ ਸੀ ਤੇ ਨਾਮ ਕੀ ਦੱਸਣੇ ਸਨ ? ਇਹ ਤਾਂ ਉਸ ਦੀ ਉਸਤਾਦੀ ਹੀ ਸੀ। ਸਰ ਸਕੰਦਰ ਵਰਗਾ ਚਲਾਕ ਘੱਟ ਹੀ ਦੁਨੀਆਂ ਵਿਚ ਜੰਮਦਾ ਹੈ। ਅਸਾਂ ਇਹ ਗੱਲ ਮਹਾਰਾਜਾ ਸਾਹਿਬ ਪਟਿਆਲਾ ਨੂੰ ਦੱਸੀ। ਉਨ੍ਹਾਂ ਨੇ ਰੈਜ਼ੀਡੈਂਟ ਵੱਲ ਤੇ ਸਰ ਸਕੰਦਰ ਵੱਲ ਪ੍ਰੋਟੈਸਟ ਲਿਖੇ, ਪਰ ਗੱਲਾਂਬਾਤਾਂ ਕਰਕੇ ਸਮਝੌਤਾ ਕਰ ਲਿਆ। ਸਾਡੀ ਕਿਸੇ ਨੇ ਨਾ ਸੁਣੀ ਤੇ ਇਹ ਗੱਲ ਮੁੱਕੀ ਪਰ ਸਰ ਸਕੰਦਰ ਆਪਣੀ ਸਾਜ਼ਸ਼ ਵਿਚ ਲੱਗਾ ਹੀ ਰਿਹਾ। ਉਨ੍ਹਾਂ ਦਿਨਾਂ ਵਿਚ ਕਾਲਕਾ ਤੋਂ ਸ਼ਿਮਲੇ ਵੱਲ ਮੋਟਰ ਰੇਲ ਵਿਚ ਜਾਂਦੇ ਤਿੰਨ ਚਾਰ ਅੰਗਰੇਜ਼ ਅਫ਼ਸਰ ਰਾਹ ਵਿਚ ਗੋਲੀਆਂ ਨਾਲ ਮਾਰ ਦਿੱਤੇ ਗਏ ਸਨ। ਇਸ ਸਾਕੇ ਨੇ ਅੰਗਰੇਜ਼ਾਂ ਵਿਚ ਤੇ ਆਮ ਲੋਕਾਂ ਵਿਚ ਬੜੀ ਹੈਰਾਨੀ ਜਿਹੀ ਪੈਦਾ ਕਰ ਦਿੱਤੀ ਸੀ। ਉਸ ਸਮੇਂ ਸ: ਹਰਬੰਸ

Academy of the Punjab in North America: http://www.apnaorg.com

ਸਿੰਘ ਜੀ ਪਿਛਲੇ ਮੈਨੇਜਰ ਗੁਰਦੁਆਰਾ ਕੀਰਤਪੁਰ ਸਾਹਿਬ ਤੇ ਉਨ੍ਹਾਂ ਦੇ ਸਾਥੀ ਕਤਲ ਦੇ ਕੇਸ ਵਿਚ ਮਫ਼ਰੂਰ ਸਨ। ਕਾਲਕਾ ਦੇ ਕਤਲਾਂ ਦਾ ਸੁਰਾਗ ਨਹੀਂ ਲਭਦਾ ਸੀ। ਇਕ ਸਿੱਖ ਮੁਖ਼ਬਰ ਬਣਾਇਆ ਗਿਆ, ਜਿਸ ਨੂੰ ਵਾਹਿਦਾ ਮਾਫ਼ ਗਵਾਹ ਬਣਾਨ ਦਾ ਇਕ ਰਾਹ ਪੁਲਿਸ ਨੇ ਦਿੱਤਾ। ਇਸ ਮੁਖ਼ਬਰ ਦੇ ਮੂੰਹ ਵਿਚ ਇਹ ਕਹਾਣੀ ਪਾਈ ਗਈ ਕਿ ਅੰਗਰੇਜ਼ਾਂ ਨੂੰ ਕਤਲ ਕਰਨ ਵਾਲੇ ਸ: ਹਰਬੰਸ ਸਿੰਘ ਜੀ ਤੇ ਉਨ੍ਹਾਂ ਦੇ ਸਾਥੀ ਸਨ। ਸ: ਹਰਬੰਸ ਸਿੰਘ ਜੀ ਨੂੰ ਚੁੱਕਣ ਵਾਲੇ ਤੇ ਸਹਾਇਤਾ ਦੇਣ ਵਾਲੇ ਅਕਾਲੀ ਆਗੂ ਸਨ ਤੇ ਇਸ ਸਬੰਧ ਵਿਚ ਸ: ਬਲਦੇਵ ਸਿੰਘ ਜੀ ਦਾ ਭੀ ਕੁਝ ਜ਼ਿਕਰ ਕੀਤਾ ਗਿਆ। ਮੈਨੂੰ ਪੂਰਾ-ਪੂਰਾ ਪਤਾ ਨਹੀਂ ਲੱਗ ਸਕਿਆ ਕਿ ਕਿਹੜੇ-ਕਿਹੜੇ ਅਕਾਲੀ ਆਗੂ ਦਾ ਕਿਤਨਾ ਸਬੰਧ ਇਸ ਸਾਕੇ ਨਾਲ ਜੋੜਿਆ ਗਿਆ; ਪਰ ਕਹਾਣੀ ਅਜੇਹੀ ਬਣਾਈ ਗਈ ਕਿ ਬਹੁਤ ਸਾਰੇ ਅਫ਼ਸਰਾਂ ਨੇ ਨਿਸਚਾ ਭੀ ਕਰ ਲਿਆ ਪਰ ਮੈਂ ਇਥੇ ਇਹ ਕਹਿ ਦੇਣਾ ਚਾਹੁੰਦਾ ਹਾਂ ਕਿ ਇਹ ਝੂਠ ਘੜ੍ਹਨ ਵਿਚ ਅੰਗਰੇਜ਼ ਅਫ਼ਸਰ ਕੋਈ ਸ਼ਾਮਲ ਨਹੀਂ ਸੀ। ਇਹ ਇਸ ਗੱਲ ਤੋਂ ਸਿੱਧ ਹੁੰਦਾ ਹੈ ਕਿ ਜਦ ਸੀ. ਆਈ. ਡੀ. ਦੇ ਇਕ ਵੱਡੇ ਅਫ਼ਸਰ ਕੋਲ ਰਿਪੋਰਟ ਗਈ ਤਾਂ ਉਸ ਨੇ ਆਪ ਪੁੱਛ ਕਰਨੀ ਚਾਹੀ। ਉਸ ਨੂੰ ਪੁੱਛ ਵਿਚ ਸ਼ੱਕ ਪਿਆ ਤੇ ਉਸ ਨੇ ਤਹਿਕੀਕਾਤ ਕਰਨ ਵਾਲੇ ਅਫ਼ਸਰ ਬਦਲ ਦਿੱਤੇ। ਬੱਸ, ਗੱਲ ਖੁੱਲ੍ਹ ਗਈ। ਇਸ ਤਰ੍ਹਾਂ ਅੰਗਰੇਜ਼ ਅਫ਼ਸਰ ਦੀ ਦਿਆਨਤਦਾਰੀ ਕਰਕੇ ਕਈ ਅਕਾਲੀ ਆਗੂਆਂ ਨੂੰ ਫਸਾਣ ਵਾਲੀ ਸਾਜ਼ਸ਼ ਖੁੱਲ੍ਹ ਗਈ।

ਇਨ੍ਹਾਂ ਸਾਜ਼ਸ਼ਾਂ ਦੇ ਸਿਲਸਿਲੇ ਵਿਚ ਇਕ ਇਹ ਗੱਲ ਭੀ ਮੈਨੂੰ ਪਤਾ ਲੱਗੀ ਹੈ ਕਿ ਇਕ ਚਿੱਠੀ ਸਰਹੱਦ ਵਿੱਚੋਂ ਮਹਾਰਾਜਾ ਸਾਹਿਬ ਪਟਿਆਲਾ ਵੱਲ ਪਵਾਈ ਗਈ ਸੀ ਜੋ, ਰਾਹ ਵਿਚ ਡਾਕ ਵਿੱਚੋਂ ਕਢਵਾ ਲਈ ਗਈ ਸੀ ਤੇ ਜਿਸ ਚਿੱਠੀ ਵਿਚ ਮਹਾਰਾਜਾ ਪਟਿਆਲਾ ਦੀਆਂ ਬੰਦੂਕਾਂ ਦਾ ਇਸ਼ਾਰਾ ਸੀ। ਇਸੇ ਤਰ੍ਹਾਂ ਕੋਇਟੇ ਵਿੱਚੋਂ ਭੀ ਕੋਈ ਚਿੱਠੀ ਪਵਾਈ ਗਈ ਸੀ। ਉੱਧਰੋਂ ਕਿਸੇ ਸਿੱਖ ਦੀ ਚਿੱਠੀ ਪਛਾਣੀ ਗਈ ਸੀ। ਇਸ ਸਬੰਧ ਵਿਚ ਲਾਹੌਰ ਕਿਲ੍ਹੇ ਵਿਚ ਲਿਜਾਏ ਗਏ ਅਕਾਲੀਆਂ ਉੱਤੇ ਪੁਲਿਸ ਸਵਾਲ ਭੀ ਕਰਦੀ ਰਹੀ ਸੀ। ਇਸ ਸਿਲਸਿਲੇ ਵਿਚ ਇਕ ਸੁਆਦਲੀ ਗੱਲ ਦੱਸਣ ਵਾਲੀ ਇਹ ਹੈ ਕਿ ਅੰਮ੍ਰਿਤਸਰ ਦੇ ਇਕ ਸੀ. ਆਈ. ਡੀ. ਦੇ ਰਿਪੋਰਟਰ ਨੇ ਇਹ ਰਿਪੋਟ ਡਿਪਟੀ ਕਮਿਸ਼ਨਰ ਤਕ ਪੁਚਾਈ ਕਿ ਅਕਾਲੀ ਆਗੂਆਂ ਨੇ ਸਲਾਹ ਕੀਤੀ ਹੈ ਕਿ ਬੰਦੂਕਾਂ, ਪਿਸਤੌਲ ਆਦਿਕ ਹਥਿਆਰ ਇਕੱਠੇ ਕੀਤੇ ਜਾਣ। ਮਾਸਟਰ ਤਾਰਾ ਸਿੰਘ ਨੇ ਬਾਕੀ ਅਕਾਲੀ ਲੀਡਰਾਂ ਨੂੰ ਕਿਹਾ ਹੈ ਕਿ "ਤੁਸੀਂ ਆਪੇ ਕਰੋ ਤੇ ਮੈਨੂੰ ਨਾ ਦੱਸੋ ਤਾਂ ਕਿ ਮੈਂ ਸੱਚੀ ਸੌਂਹ ਖਾਣ ਜੋਗਾ ਰਹਾਂ।" ਇਹ ਸੋਹਣਾ ਫ਼ਿਕਰਾ ਉਸਤਾਦ ਰਿਪੋਰਟਰ ਨੇ ਅਜੇਹਾ ਬਣਾਇਆ ਕਿ ਲਾਇਕ ਡਿਪਟੀ ਕਮਿਸ਼ਨਰ ਨੇ ਭੀ ਯਕੀਨ ਕਰ ਲਿਆ। ਇਸ ਉਸਤਾਦੀ ਭਰੇ ਫ਼ਿਕਰੇ ਦਾ ਜ਼ਿਕਰ ਡਿਪਟੀ ਕਮਿਸ਼ਨਰ ਨੇ ਮੇਰੇ ਇਕ ਦੋਸਤ ਕੋਲ ਕੀਤਾ, ਜਿਸ ਨੇ ਮੇਰੇ ਕੋਲੋਂ ਪੁੱਛ ਕੇ ਮੁੜ ਜਾ ਕੇ ਬੜੇ ਜ਼ੋਰ ਨਾਲ ਤਰਦੀਦ ਕੀਤੀ ਤੇ ਡਿਪਟੀ ਕਮਿਸ਼ਨਰ ਨੂੰ ਨਿਸਚਾ ਆਇਆ। ਇਸ

Academy of the Punjab in North America: http://www.apnaorg.com

ਤਰ੍ਹਾਂ ਦੇ ਉਸਤਾਦ ਰਿਪੋਰਟਰ ਸਾਡੇ ਮਗਰ ਬੁਰੇ ਲੱਗੇ ਹੋਏ ਸਨ। ਮੈਂ ਇੱਥੇ ਸਾਰੀ ਗੱਲ ਸਾਫ਼ ਕਰ ਦੇਣੀ ਚਾਹੁੰਦਾ ਹਾਂ। ੧੯੪੦ ਵਿਚ ਯੂਰਪ ਵਿਚ ਫਰਾਂਸ ਦੇ ਫਤਿਹ ਹੋ ਜਾਣ ਉੱਤੇ ਇੱਥੇ ਬੜੀ ਘਬਰਾਹਟ ਖਿੱਲਰ ਗਈ ਸੀ। ਲੋਕ ਸਮਝਣ ਲੱਗ ਪਏ ਸਨ ਕਿ ਅੰਗਰੇਜ਼ੀ ਰਾਜ ਦੇ ਉਲਟ ਜਾਣ ਦਾ ਖ਼ਤਰਾ ਹੋ ਗਿਆ ਹੈ। ਇਸ ਉੱਤੇ ਕਈ ਲੋਕੀਂ ਸਰਹੱਦ ਵਿੱਚੋਂ ਤੇ ਹੋਰ ਥਾਂ ਤੋਂ ਬੰਦੂਕਾਂ ਮੰਗਵਾ ਕੇ ਰੱਖਣ ਲੱਗ ਪਏ ਸਨ। ਇਸ ਤਰ੍ਹਾਂ ਬੰਦੂਕਾਂ ਮੰਗਾਣ ਵਾਲਿਆਂ ਵਿਚ ਸਿੱਖ ਭੀ ਬਥੇਰੇ ਸਨ ਤੇ ਮੁਸਲਮਾਨ ਭੀ ਬਥੇਰੇ ਸਨ ਪਰ ਇਹ ਸਾਰੇ ਆਪੋ ਆਪ ਮੰਗਾਂਦੇ ਸਨ ਤੇ ਕਿਸੇ ਜਥੇਬੰਦੀ ਦਾ ਇਸ ਵਿਚ ਕੋਈ ਹੱਥ ਨਹੀਂ ਸੀ। ਸਭ ਨੂੰ ਖ਼ਤਰਾ ਭਾਸਦਾ ਸੀ ਤੇ ਕਈ ਅਜੇਹੇ ਬਦਮਾਸ਼ ਭੀ ਮੰਗਾਂਦੇ ਸਨ, ਜਿਨ੍ਹਾਂ ਦੀ ਨੀਯਤ ਸੀ ਕਿ ਕੋਈ ਖੱਪ ਪਵੇ ਤਾਂ ਲੁੱਟ ਮਾਰ ਕਰੀਏ। ਸਰਦਾਰ ਹਰਬੰਸ ਸਿੰਘ ਜੀ ਤੇ ਉਨ੍ਹਾਂ ਦੇ ਸਾਥੀਆਂ ਨੇ ਭੀ ਹਥਿਆਰ ਮੰਗਵਾਏ ਸਨ। ਹੁਣ ਇਹ ਸਰਦਾਰ ਹਰਬੰਸ ਸਿੰਘ ਜੀ ਮਫ਼ਰੂਰ ਸਨ ਤੇ ਇਸ ਹਾਲਤ ਵਿਚ ਪਨਾਹ ਭੀ ਉਨ੍ਹਾਂ ਨੂੰ ਆਮ ਕਰਕੇ ਅਕਾਲੀਆਂ ਹੀ ਦਿੱਤੀ ਸੀ। ਪੁਲਿਸ ਨੂੰ ਇਹ ਤਾਂ ਪਤਾ ਹੀ ਸੀ ਪਰ ਨਾਲ ਉਨ੍ਹਾਂ ਨੂੰ ਇਹ ਭੀ ਸ਼ੱਕ ਪਿਆ ਕਿ ਹਥਿਆਰ ਮੰਗਵਾਣ ਲਈ ਰੁਪੈ ਭੀ ਅਕਾਲੀਆਂ ਨੇ ਹੀ ਦਿੱਤੇ ਹਨ, ਇਹ ਗੱਲ ਗ਼ਲਤ ਸੀ ਪਰ ਇਹ ਗੱਲ ਠੀਕ ਸੀ ਕਿ ਸ: ਹਰਬੰਸ ਸਿੰਘ ਜੀ ਦੀ ਦੋਸਤੀ ਤੇ ਵਾਕਫ਼ੀ ਅਕਾਲੀਆਂ ਵਿਚ ਹੀ ਸੀ ਤੇ ਉਨ੍ਹਾਂ ਨੂੰ ਮਾਲੀ ਮਦਦ ਭੀ ਅਕਾਲੀਆਂ ਵਿੱਚੋਂ ਹੀ ਦੇਂਦੇ ਰਹੇ ਹਨ ਪਰ ਇਹ ਗੱਲ ਉੱਕਾ ਹੀ ਗ਼ਲਤ ਹੈ ਕਿ ਕਿਸੇ ਅਕਾਲੀ ਆਗੂ ਨੇ ਸ: ਹਰਬੰਸ ਸਿੰਘ ਜੀ ਨੂੰ ਹਥਿਆਰ ਮੰਗਾਣ ਲਈ ਰੁਪੈ ਦਿੱਤੇ ਹੋਣ। ਸਾਰੇ ਅਕਾਲੀਆਂ ਜਾਂ ਸਾਰੇ ਸਿੱਖਾਂ ਬਾਬਤ ਤਾਂ ਮੈਨੂੰ ਪਤਾ ਹੋ ਹੀ ਨਹੀਂ ਸਕਦਾ। ਇਹ ਭੀ ਹੋ ਸਕਦਾ ਹੈ ਕਿ ਕਈ ਅਕਾਲੀ ਇਹ ਆਸ ਰੱਖਦੇ ਹੋਣ ਕਿ ਜੇ ਕੋਈ ਖੱਪ ਪਵੇ ਤਾਂ ਸ: ਹਰਬੰਸ ਸਿੰਘ ਜੀ ਦੀ ਢਾਣੀ ਪੰਥ ਦੇ ਹੀ ਕੰਮ ਆਵੇਗੀ।

ਇਤਨੀ ਗੱਲ ਭੀ ਠੀਕ ਹੈ ਕਿ ਜਿਨ੍ਹਾਂ ਸਿੱਖਾਂ ਕੋਲ ਹਥਿਆਰਾਂ ਦੇ ਲਾਇਸੈਂਸ ਸਨ, ਉਨ੍ਹਾਂ ਨੂੰ ਮੈਂ ਕਹਿੰਦਾ ਰਿਹਾ ਹਾਂ ਕਿ ਜਿਤਨੇ ਕਾਰਤੂਸਾਂ ਦੀ ਇਜਾਜ਼ਤ ਜੇ, ਪੂਰੇ ਰੱਖੋ। ਪੱਛਮੀ ਪੰਜਾਬ ਦੇ ਸਿੱਖਾਂ ਨੂੰ ਮੈਂ ਇਹ ਸਲਾਹ ਭੀ ਦਿੰਦਾ ਰਿਹਾ ਹਾਂ ਕਿ ਖ਼ਾਸ ਸ਼ਹਿਰ ਤੇ ਖ਼ਾਸ ਮਹੱਲੇ ਮੁਕੱਰਰ ਕਰ ਰੱਖੋ, ਜਿੱਥੇ ਖ਼ਤਰੇ ਵੇਲੇ ਇਕੱਠੇ ਹੋ ਜਾਵੋ। ਇਨ੍ਹਾਂ ਮਹੱਲਿਆਂ ਵਿਚ ਮੋਰਚਾਬੰਦੀ ਦਾ ਸਮਾਨ ਭੀ ਤਿਆਰ ਰੱਖੋ ਕਿਉਂਕਿ ਜੇ ਇੰਗਲਿਸਤਾਨ ਫਤਿਹ ਹੋ ਗਿਆ ਤਾਂ ਇੱਥੇ ਖੱਪ ਪੈ ਜਾਏਗੀ ਤੇ ਤੁਹਾਨੂੰ ਮੁਸਲਮਾਨ ਲੁੱਟਣ ਮਾਰਨਗੇ। ਸੈਂਟਰਲ ਪੰਜਾਬ ਵਿੱਚੋਂ ਛੇਤੀ ਨਾਲ ਤੁਹਾਡੀ ਕੋਈ ਮਦਦ ਨਹੀਂ ਪੁੱਜ ਸਕੇਗੀ ਕਿਉਂਕਿ ਪਟਰੋਲ ਹੀ ਨਹੀਂ ਮਿਲਣਾ। ਤੁਸੀਂ ਕੁਝ ਦਿਨ ਬਚਾ ਦਾ ਪ੍ਰਬੰਧ ਆਪ ਕਰੋਗੇ ਤੇ ਫਿਰ ਮਦਦ ਪੁੱਜ ਜਾਏਗੀ। ਸੈਂਟਰਲ ਪੰਜਾਬ ਵਿਚ ਇਹ ਸੋਚਾਂ ਸੋਚਦੇ ਰਹੇ ਸਾਂ ਤੇ ਤਜਵੀਜ਼ਾਂ ਬਣਾਂਦੇ ਸਾਂ ਕਿ ਕਿਸ ਤਰ੍ਹਾਂ ਤਕੜੇ ਲੜਾਕੇ ਸਿੰਘ ਛੇਤੀ ਨਾਲ ਇਕੱਠੇ ਹੋ ਜਾਣ। ਇਨ੍ਹਾਂ ਤਜਵੀਜ਼ਾਂ ਵਿਚ ਇਹ ਨਿਸ਼ਾਨਾ ਜ਼ਰੂਰ ਸੀ ਕਿ ਜੇ ਅੰਗਰੇਜ਼ੀ ਰਾਜ ਟੁੱਟੇ ਤਾਂ ਪੰਜਾਬ ਉੱਤੇ ਸਿੰਘਾਂ ਦਾ ਕਬਜ਼ਾ ਹੋ ਜਾਵੇ ਤੇ ਮੁਸਲਮਾਨ ਗ਼ਲਬਾ

Academy of the Punjab in North America: http://www.apnaorg.com

ਨਾ ਹੋਵੇ, ਪਰ ਬਹੁਤ ਕੁਝ ਗੱਲਾਂਬਾਤਾਂ ਤੇ ਤਜਵੀਜ਼ਾਂ ਦੀ ਹੱਦ ਅੰਦਰ ਹੀ ਸੀ। ਅਮਲੀ ਜਥੇਬੰਦੀ ਬਹੁਤ ਘੱਟ ਸੀ। ਪਤਾ ਨਹੀਂ ਇਸ ਗੱਲ ਨੂੰ ਪੁਲਿਸ ਨੇ ਕਿੱਥੇ ਤਕ ਸ਼ੱਕ ਦੀ ਨਜ਼ਰ ਨਾਲ ਵੇਖਿਆ ਸੀ। ਇਤਨਾ ਪਤਾ ਹੈ ਕਿ ਸਰ ਸਕੰਦਰ ਨੇ ਨਾਲ ਹੋਰ ਗੱਲਾਂ ਰਲਾ ਕੇ ਪਹਾੜ ਬਣਾਨ ਦਾ ਜਤਨ ਕੀਤਾ ਸੀ। ਇਸ ਨਾਲ ਇਕ ਤਾਂ ਇਹ ਗੱਲ ਘੜ ਕੇ ਮੜ੍ਹੀ ਗਈ ਸੀ ਕਿ ਮਹਾਰਾਜਾ ਪਟਿਆਲਾ ਨੇ ਪੰਜ ਹਜ਼ਾਰ ਬੰਦੂਕ ਅਕਾਲੀਆਂ ਨੂੰ ਦਿੱਤੀ ਹੈ। ਦੂਜੀ ਸਾਜ਼ਸ਼ ਇਹ ਕੀਤੀ ਗਈ ਸੀ ਕਿ ਸਿੱਖਾਂ ਤੇ ਗੋਰਿਆਂ ਦੀ ਲੜਾਈ ਕਰਾ ਦਿੱਤੀ ਜਾਵੇ। ਹਰ ਹਫ਼ਤੇ ਕੋਈ ਨਾ ਕੋਈ ਨਵੀਂ ਅਫ਼ਵਾਹ ਉਡਦੀ ਸੀ। ਕਦੀ ਅਫ਼ਵਾਹ ਉੱਡੇ ਕਿ ਕਲਕੱਤੇ ਵਿਚ ਫ਼ੌਜੀ ਸਿੱਖਾਂ ਤੇ ਫ਼ੌਜੀ ਗੋਰਿਆਂ ਵਿਚ ਗੋਲੀ ਚੱਲ ਗਈ ਹੈ ਤੇ ਕਿਤਨੇ ਹੀ ਦੋਹੀਂ ਪਾਸੀਂ ਮਾਰੇ ਗਏ ਹਨ। ਕਦੀ ਇਹੋ ਜਿਹੀ ਅਫ਼ਵਾਹ ਕਾਨਪੁਰ ਸਬੰਧੀ ਉੱਡੇ, ਕਦੀ ਕਰਾਚੀ ਸਬੰਧੀ, ਕਦੀ ਜੱਬਲਪੁਰ ਸਬੰਧੀ। ਇਤਿਆਦਕ ਕਿਤਨੀਆਂ ਹੀ ਅਫ਼ਵਾਹਾਂ ਉੱਡ ਰਹੀਆਂ ਸਨ। ਉਸ ਵੇਲੇ ਇਕ ਸਿੰਘ ਮੈਨੂੰ ਇਕ ਗੁਮਨਾਮ ਚਿੱਠੀ ਫੜਾ ਗਿਆ; ਜਿਸ ਵਿਚ ਲਿਖਿਆ ਸੀ ਕਿ ਅਫ਼ਵਾਹਾਂ ਕੁਝ ਲਾਹੌਰ ਦੇ ਮੁਸਲਮਾਨ, ਜਿਨ੍ਹਾਂ ਵਿਚ ਕੁਝ ਮੁਸਲਮਾਨ, ਸੀ ਆਈ. ਡੀ. ਦੇ ਅਫ਼ਸਰ ਭੀ ਹਨ; ਫੈਲਾ ਰਹੇ ਹਨ ਤੇ ਉਨ੍ਹਾਂ ਦਾ ਮੰਤਵ ਇਹ ਹੈ ਕਿ ਇਨ੍ਹਾਂ ਅਫ਼ਵਾਹਾਂ ਦੇ ਅਸਰ ਨਾਲ ਕਿਸੇ ਥਾਂ ਸਿੱਖਾਂ ਤੇ ਗੋਰਿਆਂ ਵਿਚ ਲੜਾਈ ਹੋ ਜਾਵੇ ਤੇ ਪੰਜਾਬ ਵਿਚ ਮੁਸਲਮਾਨ ਗ਼ਲਬਾ ਹੋਰ ਪੱਕਾ ਕਾਇਮ ਹੋ ਜਾਵੇ। ਮੈਨੂੰ ਫ਼ਿਕਰ ਪਿਆ। ਥੋੜ੍ਹੇ ਦਿਨ ਮਗਰੋਂ ਹੀ ਮੇਰਠ ਸਬੰਧੀ ਇਹੋ ਜਿਹੀ ਅਫ਼ਵਾਹ ਖਿੱਲਰੀ। ਇਹ ਅਫ਼ਵਾਹ ਤਾਂ ਬਹੁਤ ਹੀ ਵਧੀ। ਮੈਂ ਆਦਮੀ ਘੱਲ ਕੇ ਪਤਾ ਕਰਵਾਇਆ ਤਾਂ ਗੱਲ ਉੱਕੀ ਹੀ ਨਿਰਮੂਲ ਨਿਕਲੀ। ਕੋਈ ਜ਼ਰਾ ਭਰ ਭੀ ਕਿਸੇ ਤਰ੍ਹਾਂ ਦਾ ਕੋਈ ਝਗੜਾ ਸਿੱਖਾਂ ਤੇ ਗੋਰਿਆਂ ਵਿਚ ਨਹੀਂ ਸੀ ਹੋਇਆ। ਮੈਂ ਇਸ ਅਫ਼ਵਾਹ ਦੀ ਤਰਦੀਦ ਅਖ਼ਬਾਰ ਵਿਚ ਕੀਤੀ। ਨਤੀਜਾ ਇਹ ਨਿਲਿਆ ਕਿ ਉਸ ਦੇ ਮਗਰੋਂ ਕੋਈ ਇਕ ਭੀ ਅਫ਼ਵਾਹ ਇਹੋ ਜਿਹੀ ਨਾ ਉੱਡੀ; ਹਾਲਾਂ ਕਿ ਪਹਿਲਾਂ ਕਿਤਨੀਆਂ ਹੀ ਛੇਤੀ-ਛੇਤੀ ਉੱਡ ਰਹੀਆਂ ਸਨ। ਮੈਨੂੰ ਨਿਸਚਾ ਹੋ ਗਿਆ ਕਿ ਮੈਨੂੰ ਖ਼ਬਰ ਦੇਣ ਵਾਲੇ ਦੀ ਗੱਲ ਸੱਚੀ ਸੀ।

ਇਸ ਥਾਂ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੇ ਅਸੀਂ ਇਹ ਚਾਹੁੰਦੇ ਸਾਂ ਕਿ ਅੰਗਰੇਜ਼ੀ ਰਾਜ ਟੁੱਟੇ ਤਾਂ ਸਿੱਖ ਰਾਜ ਹੋਵੇ ਤੇ ਮੁਸਲਮਾਨ ਰਾਜ ਨਾ ਹੋਵੇ ਤਾਂ ਇਸ ਵਿਚ ਅੰਗਰੇਜ਼ਾਂ ਦੀ ਵਿਰੋਧਤਾ ਜਾਂ ਗ਼ੱਦਾਰੀ ਕਿੱਥੇ ਸੀ ? ਗ਼ੱਦਾਰੀ ਤਾਂ ਤਦ ਹੁੰਦੀ ਜੇ ਅਸੀਂ ਅੰਗਰੇਜ਼ਾਂ ਦੀ ਪਿੱਠ ਵਿਚ ਛੁਰਾ ਘੋਪਣ ਦੀ ਕਰਦੇ ਤੇ ਇਹ ਤਿਆਰੀ ਕਰਦੇ ਕਿ ਜਦ ਅੰਗਰੇਜ਼ ਕਮਜ਼ੋਰ ਹੋਣ ਤਾਂ ਬਗ਼ਾਵਤ ਕਰ ਦਈਏ। ਇਹ ਗੱਲ ਤਾਂ ਨਾ ਸੀ ਤੇ ਨਾ ਹੋ ਸਕਦੀ ਹੀ ਸੀ ਕਿਉਂਕਿ ਅੱਜ-ਕਲ੍ਹ ਸਰਕਾਰਾਂ ਇੱਥੋਂ ਤਕ ਜਥੇਬੰਦ ਹਨ ਕਿ ਭਾਵੇਂ ਅੰਗਰੇਜ਼ੀ ਰਾਜ ਕਿਤਨਾ ਭੀ ਕਮਜ਼ੋਰ ਹੋ ਜਾਵੇ, ਸਾਨੂੰ ਤਾਂ ਝੱਟ ਸਰਕਾਰ ਰਗੜ ਸਕਦੀ ਹੈ। ਹਾਂ, ਇਹ ਗੱਲ ਕੇਵਲ ਇਸ ਹਾਲਤ ਵਿਚ ਹੋ ਸਕਦੀ ਹੈ ਕਿ ਜੇ ਅਸੀਂ ਪੂਰੇ ਜਥੇਬੰਦ ਹੋਵੀਏ, ਫ਼ੌਜਾਂ ਨਾਲ ਗੰਢ-ਤੁੱਪ ਕਰ ਲਵੀਏ ਤੇ ਫਿਰ ਕੋਈ ਬਾਹਰ ਦੀ ਤਾਕਤ ਸਾਨੂੰ ਹਥਿਆਰ ਤੇ ਰੁਪਇਆ ਦੇਵੇ। ਅਸੀਂ ਜਥੇਬੰਦ ਤਾਂ ਐਵੇਂ

Academy of the Punjab in North America: http://www.apnaorg.com

ਫਰਜ਼ੀ ਜਿਹੇ ਹੀ ਹਾਂ। ਇਕ ਜੋਸ਼ ਨਾਲ ਇਕੱਠੇ ਹੋ ਜਾਂਦੇ ਹਾਂ ਤੇ ਥੋੜ੍ਹੇ ਜਿਹੇ ਮੱਤਭੇਦ ਜਾਂ ਚੌਧਰ ਦੇ ਝਗੜੇ ਵਿਚ ਟੁੱਟ-ਫੁੱਟ ਜਾਂਦੇ ਹਾਂ। ਫੌਜਾਂ ਨੂੰ ਤਾਂ ਜਿੱਥੇ ਤਕ ਹੋ ਸਕਿਆ, ਅਸਾਂ ਇਹੋ ਹੀ ਅਖਵਾ ਭੇਜਿਆ ਕਿ ਪੰਥ ਦਾ ਭਲਾ ਤੇ ਦੇਸ਼ ਦਾ ਭਲਾ ਇਸੇ ਵਿਚ ਹੈ ਕਿ ਤੁਸੀਂ ਨਿਮਕ-ਹਲਾਲੀ ਨਾਲ ਕੰਮ ਕਰੋ ਤੇ ਸਿੱਖਾਂ ਦੀ ਬਹਾਦਰੀ ਦਾ ਸਿੱਕਾ ਬਿਠਾਓ। ਕਿਸੇ ਬਾਹਰ ਦੇ ਦੇਸ਼ ਨਾਲ ਸਾਡੀ ਕੋਈ ਗੱਲਬਾਤ ਨਹੀਂ ਸੀ। ਹਾਂ, ਇੱਥੇ ਮੈਨੂੰ ਇਹ ਵੀ ਚੇਤਾ ਆ ਗਿਆ ਹੈ ਕਿ ਇਹ ਸ਼ੱਕ ਭੀ ਸਾਡੇ ਵਿਰੁੱਧ ਖੜਾ ਕੀਤਾ ਗਿਆ ਸੀ। ਇਹ ਭੀ ਕਥਾ ਸੁਣ ਲਵੋ—ਉਨ੍ਹਾਂ ਦਿਨਾਂ ਵਿਚ ਹੀ ਸਰਦਾਰ ਸੁੰਦਰ ਸਿੰਘ ਜੀ ਮਜੀਠੀਆ ਚੜ੍ਹਾਈ ਕਰ ਗਏ ਸਨ ਤੇ ਉਨ੍ਹਾਂ ਦੀ ਥਾਂ ਖ਼ਾਲੀ ਹੋਈ ਸੀ। ਸ: ਕਿਰਪਾਲ ਸਿੰਘ ਜੀ ਮਜੀਠੀਆ ਨੇ ਬਟਾਲੇ ਵਿਚ ਸਾਡੇ ਮੁਕਾਬਲੇ ਉੱਤੇ ਡਟਣ ਦੀ ਤਿਆਰੀ ਕੀਤੀ ਸੀ। ਸਾਨੂੰ ਪਤਾ ਸੀ ਕਿ ਉਹ ਰੁਪਇਆ ਬਹੁਤ ਖ਼ਰਚ ਸਕਦੇ ਹਨ ਤੇ ਚੰਗਾ ਤਕੜਾ ਘਮਸਾਣ ਪਵੇਗਾ। ਅਸੀਂ ਭੀ ਰੁਪਇਆ ਇਕੱਠਾ ਕਰ ਰਹੇ ਸਾਂ। ਇਸ ਮਤਲਬ ਲਈ ਮੈਂ ਕਲਕੱਤੇ ਗਿਆ ਸਾਂ ਤੇ ਜਥੇਦਾਰ ਊਧਮ ਸਿੰਘ ਜੀ ਭੀ ਗਏ ਸਨ। ਉੱਥੇ ਸਿੰਘਾਂ ਦੀਆਂ ਦੋ ਪਾਰਟੀਆਂ ਬਣ ਕੇ ਝਗੜਾ ਵੱਧ ਗਿਆ ਸੀ ਤੇ ਜਥੇਦਾਰ ਸਾਹਿਬ ਇਹ ਝਗੜਾ ਮੁਕਾਣ ਲਈ ਗਏ ਸਨ। ਉਨ੍ਹਾਂ ਦਿਨਾਂ ਵਿਚ ਹੀ ਸ੍ਰੀ ਯੁਤ ਸੁਭਾਸ਼ ਚੰਦ੍ਰ ਜੀ ਬੋਸ ਬੀਮਾਰ ਹੋਣ ਦੇ ਕਾਰਨ ਜੇਲ੍ਹ ਵਿੱਚੋਂ ਰਿਹਾ ਹੋਏ ਸਨ। ਸਾਨੂੰ ਪਤਾ ਲੱਗਾ ਕਿ ਉਹ ਘਰ ਬੀਮਾਰ ਪਏ ਹਨ। ਥੋੜ੍ਹਾ ਚਿਰ ਹੀ ਹੋਇਆ ਸੀ ਕਿ ਸੁਭਾਸ਼ ਜੀ ਦਾ ਝਗੜਾ ਕਾਂਗਰਸ ਵਿਚ ਗਾਂਧੀ ਜੀ ਦੇ ਗਰੁੱਪ ਨਾਲ ਹੋਇਆ ਸੀ। ਇਸ ਝਗੜੇ ਵਿਚ ਅਸਾਂ ਸੁਭਾਸ਼ ਜੀ ਦੀ ਵਿਰੋਧਤਾ ਡਟ ਕੇ ਕੀਤੀ ਸੀ। ਸ: ਨਿਰੰਜਨ ਸਿੰਘ ਜੀ ਨਾਲ ਸਨ। ਉਨ੍ਹਾਂ ਦੀ ਬੜੀ ਇੱਛਯਾ ਸੀ ਕਿ ਅਕਾਲੀਆਂ ਤੇ ਸੁਭਾਸ਼ ਚੰਦਰ ਜੀ ਦਾ ਸਮਝੌਤਾ ਹੋ ਜਾਵੇ। ਨਾਲੇ ਸਾਡੇ ਵਿੱਚੋਂ ਇਕ ਦੋ ਸੱਜਣ ਇਹ ਭੀ ਮਹਿਸੂਸ ਕਰਦੇ ਸਨ ਕਿ ਸੁਭਾਸ਼ ਜੀ ਨੂੰ ਹਰਾਣ ਵਿਚ ਤਾਂ ਗਾਂਧੀ ਗਰੁੱਪ ਨੇ ਸਾਨੂੰ ਵਰਤ ਲਿਆ, ਪਰ ਮਗਰੋਂ ਸਾਡੀ ਵਾਤ ਹੀ ਨਾ ਪੁੱਛੀ। ਅਸੀਂ ਭੀ ਸੁਭਾਸ਼ ਜੀ ਨਾਲ ਮੇਲ ਕਰਨਾ ਚਾਹੁੰਦੇ ਸਾਂ। ਇਸ ਲਈ ਸ: ਨਿਰੰਜਨ ਸਿੰਘ ਜੀ ਸਾਨੂੰ ਸੁਭਾਸ਼ ਜੀ ਕੋਲ ਲੈ ਗਏ। ਉਹ ਅੱਗੇ ਮੰਜੇ ਉੱਤੇ ਲੇਟੇ ਹੋਏ ਸਨ। ਸ: ਨਿਰੰਜਨ ਸਿੰਘ ਤਾਂ ਆ ਗਏ ਤੇ ਅਸੀਂ ਦੋਵੇਂ ਕੋਈ ਘੰਟਾ ਭਰ ਸੁਭਾਸ਼ ਜੀ ਕੋਲ ਬੈਠੇ ਰਹੇ। ਇਸ ਸਮੇਂ ਵਿਚ ਸਭ ਤਰ੍ਹਾਂ ਦੀਆਂ ਗੱਲਾਂਬਾਤਾਂ ਹੋਈਆਂ। ਗਾਂਧੀ ਗਰੁੱਪ ਦੇ ਕਈ ਬੰਦਿਆਂ ਦੇ ਵਿਰੁੱਧ ਭੀ ਗੱਲਾਂ ਹੋਈਆਂ ਤੇ ਸਰਕਾਰ ਦੇ ਵਿਰੁੱਧ ਭੀ ਹੋਈਆਂ ਪਰ ਸੁਭਾਸ਼ ਜੀ ਨੇ ਦੇਸ਼ ਵਿੱਚੋਂ ਚਲੇ ਜਾਣ ਦੀ ਕੋਈ ਗੱਲ ਇਸ਼ਾਰੇ ਨਾਲ ਭੀ ਨਹੀਂ ਦੱਸੀ। ਅਸਾਂ ਅੰਗਰੇਜ਼ਾਂ ਦੀ ਕਮਜ਼ੋਰ ਪੋਜ਼ੀਸ਼ਨ ਉੱਤੇ ਭੀ ਵਿਚਾਰ ਕੀਤੀ ਤੇ ਅੰਗਰੇਜ਼ਾਂ ਦੀ ਹਾਰ ਉੱਤੇ ਭੀ ਸੋਚਦੇ ਰਹੇ ਪਰ ਇਹ ਗੱਲ ਸੁਭਾਸ਼ ਜੀ ਨੇ ਉੱਕੀ ਨਹੀਂ ਕੀਤੀ ਕਿ ਉਨ੍ਹਾਂ ਦਾ ਬਾਹਰ ਕਿਸੇ ਨਾਲ ਸਬੰਧ ਹੈ ਜਾਂ ਉਹ ਬਾਹਰ ਜਾ ਰਹੇ ਹਨ ਪਰ ਸਾਡੇ ਕਲਕੱਤਿਓਂ ਮੁੜ ਆਵਣ ਦੇ ਥੋੜ੍ਹਾ ਚਿਰ ਮਗਰੋਂ ਹੀ ਸੁਭਾਸ਼ ਜੀ ਉੱਥੋਂ ਚਲੇ ਗਏ। ਪਹਿਲਾਂ ਤਾਂ ਅਸਾਂ ਸੁਣਿਆ ਕਿ ਉਹ ਜਹਾਜ਼ ਚੜ੍ਹ ਕੇ ਜਾਪਾਨ ਗਏ ਹਨ ਤੇ ਮਗਰੋਂ ਪਤਾ ਲੱਗਾ ਕਿ ਉਹ ਕਾਬਲ

Academy of the Punjab in North America: http://www.apnaorg.com

ਦੇ ਰਸਤੇ ਰੂਸ ਚਲੇ ਗਏ ਸਨ। (ਇਹ ਕਥਾ ਭੀ ਬੜੀ ਸੁਾਦਲੀ ਹੈ, ਪਰ ਮੈਂ ਇੱਧਰੋਂ-ਉੱਧਰੋਂ ਹੀ ਸੁਣੀ ਹੈ; ਜੇਕਰ ਪੁਸਤਕ ਦੇ ਛਪਣ ਤਕ ਇਸ ਦਾ ਮੈਨੂੰ ਕੁਝ ਵਧੇਰੇ ਭਰੋਸੇਯੋਗ ਵਸੀਲੇ ਤੋਂ ਪਤਾ ਲੱਗਾ ਤਾਂ ਪਾਠਕਾਂ ਦੇ ਸਵਾਦ ਲਈ ਇਹ ਭੀ ਦਰਜ ਕਰ ਦੇਵਾਂਗਾ)।

ਸਾਡੇ ਇਸ ਮੇਲ ਕਰਕੇ ਸਾਡੇ ਉੱਤੇ ਸ਼ੱਕ ਪੈ ਗਿਆ ਕਿ ਸੁਭਾਸ਼ ਜੀ ਦਾ ਜਾਣਾ ਭੀ ਸਾਡੀ ਸਲਾਹ ਤੇ ਸਾਡੇ ਇਲਮ ਵਿਚ ਹੈ। ਜਥੇਦਾਰ ਊਧਮ ਸਿੰਘ ਜੀ ਦੇ ਗ੍ਰਿਫ਼ਤਾਰ ਹੋਣ ਦਾ ਵੱਡਾ ਕਾਰਨ ਇਹੋ ਸੀ। ਇਕ ਹੋਰ ਗੱਲ ਹੋਈ; ਕੁਝ ਮਹੀਨਿਆਂ ਮਗਰੋਂ ਸਰਦਾਰ ਬਲਦੇਵ ਸਿੰਘ ਪੈਕਟ ਅੰਦਰੋਂ-ਅੰਦਰੀ ਬਹੁਤ ਸਾਰਾ ਹੋ ਗਿਆ ਸੀ ਪਰ ਕੁਝ ਤਫ਼ਸੀਲ ਬਾਕੀ ਸੀ। ਸ: ਬਲਦੇਵ ਸਿੰਘ ਜੀ ਕਲਕੱਤੇ ਚਲੇ ਗਏ ਤੇ ਪੈਕਟ ਵਿਚਕਾਰ ਹੀ ਅੜਿਆ ਹੋਇਆ ਸੀ। ਡਰ ਸੀ ਕਿ ਗੱਲ ਨਿਕਲ ਨਾ ਜਾਵੇ ਤੇ ਕੋਈ ਖ਼ਰਾਬੀ ਨਾ ਪੈ ਜਾਵੇ। ਇਸ ਲਈ ਜਥੇਦਾਰ ਮੋਹਣ ਸਿੰਘ ਜੀ ਨੂੰ ਕਲਕੱਤੇ ਘੱਲਿਆ ਗਿਆ। ਸਾਡੀ ਸੀ. ਆਈ. ਡੀ. ਗ਼ਲਤ ਅੰਦਾਜ਼ੇ ਲਾਣ ਵਿਚ ਤਾਂ ਅੱਗੇ ਹੀ ਤੇਜ਼ ਹੈ ਤੇ ਹੁਣ ਤਾਂ ਪਹਿਲਾਂ ਸਾਡਾ ਸੁਭਾਸ਼ ਜੀ ਨੂੰ ਮਿਲਣ ਨਾਲ ਸ਼ੱਕ ਪੈ ਚੁੱਕਾ ਸੀ, ਉਨ੍ਹਾਂ ਨੇ ਅੰਦਾਜ਼ਾ ਲਾਇਆ ਕਿ ਜਥੇਦਾਰ ਮੋਹਣ ਸਿੰਘ ਜੀ ਕਿਸੇ ਬਿਦੇਸ਼ੀ ਏਜੰਟ ਨੂੰ ਮਿਲਣ ਕਲਕੱਤੇ ਗਏ ਹਨ। ਇਸ ਤਰ੍ਹਾਂ ਜਥੇਦਾਰ ਮੋਹਣ ਸਿੰਘ ਜੀ ਦੇ ਮਗਰ ਭੀ ਖ਼ੁਫੀਆ ਪੁਲਿਸ ਦਾ ਆਦਮੀ ਕਈ ਮਹੀਨੇ ਲੱਗਾ ਰਿਹਾ, ਪਰ ਜਥੇਦਾਰ ਸਾਹਿਬ ਤਾਂ ਪਾਲਿਟਿਕਸ ਵਿਚ ਅਮਲੀ ਦਖ਼ਲ ਹੀ ਘੱਟ ਦੇਂਦੇ ਹਨ।

ਸਰ ਸਕੰਦਰ ਨੇ ਸਮਝੌਤਾ ਤਾਂ ਸ: ਬਲਦੇਵ ਸਿੰਘ ਜੀ ਨਾਲ ਕੀਤਾ ਸੀ, ਪਰ ਆਪਣੀ ਚਾਲ ਨਹੀਂ ਛੱਡੀ ਸੀ। ਖਾਲਸਾ ਕਾਲਜ ਅੰਮ੍ਰਿਤਸਰ ਦੀ ਚੋਣ ਵਿਚ ਸਰ ਸਕੰਦਰ ਨੇ ਗੁਪਤ ਤੌਰ 'ਤੇ ਸਾਡੀ ਵਿਰੋਧਤਾ ਕੀਤੀ ਸੀ ਤੇ ਇਸ ਤਰ੍ਹਾਂ ਅੰਦਰੋਂ-ਅੰਦਰੀ ਸਾਨੂੰ ਢਾਹੁਣ ਦੀਆਂ ਵਿਉਂਤਾਂ ਕਰਦਾ ਹੀ ਰਹਿੰਦਾ ਸੀ। ਸਾਨੂੰ ਭੀ ਸੋ ਪੈ ਗਈ ਸੀ। ਸਕੰਦਰ ਬਲਦੇਵ ਸਿੰਘ ਪੈਕਟ ਸਬੰਧੀ ਖ਼ੁਫੀਆ ਪੁਲਿਸ ਨੇ ਇਹ ਖ਼ਿਆਲ ਜਮਾਇਆ ਕਿ ਅਕਾਲੀਆਂ ਨੇ ਸ: ਬਲਦੇਵ ਸਿੰਘ ਜੀ ਨੂੰ ਇਸ ਮਤਲਬ ਲਈ ਵਜ਼ੀਰ ਬਣਾਇਆ ਹੈ ਕਿ ਉਨ੍ਹਾਂ ਨੂੰ ਸਰਕਾਰ ਦੀ ਅੰਦਰ ਦੀ ਖ਼ਬਰ ਲਗਦੀ ਰਹੇ। ਇਹ ਗੱਲ ਸਾਡੇ ਇਕ ਹਮਦਰਦ ਚੌਧਰੀ ਭੀ ਸਰਕਾਰ ਵਿਰੋਧੀ ਹਲਕਿਆਂ ਵਿਚ ਕਹਿੰਦੇ ਸਨ। ਨੀਅਤ ਸਾਡੇ ਹਮਦਰਦਾਂ ਦੀ ਇਹ ਸੀ ਕਿ ਸਭ ਪਾਸੇ ਸਾਡੀ ਪੁਜ਼ੀਸ਼ਨ ਸਾਫ਼ ਰਹੇ ਪਰ ਖ਼ੁਫੀਆ ਪੁਲਿਸ ਨੂੰ ਇਹ ਗਵਾਹੀ ਮਿਲ ਗਈ। ਮਗਰੋਂ ਦੀ ਕਾਂਗਰਸ ਦੀ ਸਰਗਰਮੀ ਸਬੰਧੀ ਜਿਨ੍ਹਾਂ ਸੱਜਣਾਂ ਨੂੰ ਗ੍ਰਿਫ਼ਤਾਰ ਕਰਕੇ ਕਿਲ੍ਹੇ ਵਿਚ ਲੈ ਜਾਂਦੇ ਸਨ, ਉਨ੍ਹਾਂ ਤੋਂ ਪੁਲਿਸ ਇਹੋ ਜਿਹੇ ਸਵਾਲ ਪੁੱਛਦੀ ਸੀ।

ਮੈਂ ਕਹਿੰਦਾ ਹਾਂ ਕਿ ਸਰਕਾਰ ਦਾ ਕਿਉਂ ਦਿਮਾਗ਼ ਸਾਫ਼ ਨਹੀਂ ਕੰਮ ਕਰ ਰਿਹਾ? ਖ਼ੁਸ਼ਾਮਦੀਆਂ, ਚਾਪਲੂਸਾਂ ਤੇ ਮੁਖ਼ਬਰਾਂ ਨੇ ਗ਼ਲਤ ਖ਼ਬਰਾਂ ਘੜ-ਘੜ ਕੇ ਅੰਗਰੇਜ਼ ਅਫ਼ਸਰਾਂ ਦੀ ਤਾਂ ਮੱਤ ਮਾਰ ਛੱਡੀ ਹੈ। ਇਉਂ ਭਾਸਦਾ ਹੈ ਕਿ ਅੰਮ੍ਰਿਤਸਰ ਵਿਚ ਕੋਈ ਮੁਖ਼ਬਰ ਹੈ, ਜੋ ਬੜੀਆਂ ਰੰਗਦਾਰ ਤੇ ਲੱਛੇਦਾਰ ਝੂਠੀਆਂ ਖ਼ਬਰਾਂ ਘੜ ਕੇ ਸਰਕਾਰ

Academy of the Punjab in North America: http://www.apnaorg.com

ਨੂੰ ਪੁਚਾਂਦਾ ਹੈ ਤੇ ਸਰਕਾਰ ਉਸ ਦੀ ਰੰਗੀਨ ਲਿਆਕਤ ਉੱਤੇ ਪ੍ਰਸੰਨ ਰਹਿੰਦੀ ਹੈ। ਜੋ ਅੰਗਰੇਜ਼ ਇਹ ਸਮਝਦਾ ਹੈ ਕਿ ਆਪਣੇ ਰਾਜ ਦੀ ਇੱਛਾ ਕਰਨਾ ਹਿੰਦੁਸਤਾਨੀਆਂ ਲਈ ਨਿਮਕ-ਹਰਾਮੀ ਹੈ, ਉਹ ਆਪ ਨਿਮਕ-ਹਰਾਮ ਹੈ ਜਾਂ ਪਾਗਲ ਹੈ। ਹਰ ਇਕ ਹਿੰਦੁਸਤਾਨੀ ਨਹੀਂ, ਹਰ ਇਕ ਦੁਨੀਆਂ ਦਾ ਬੰਦਾ ਆਪਣਾ ਰਾਜ ਚਾਹੁੰਦਾ ਹੈ। ਇਹ ਹੋ ਸਕਦਾ ਹੈ ਕਿ ਹਿੰਦੁਸਤਾਨ ਵਿਚ ਅਜੇਹੇ ਬੰਦੇ ਹੋਣ ਜੋ ਪੰਚਾਇਤੀ ਰਾਜ ਨਾ ਚਾਹੁੰਦੇ ਹੋਣ ਪਰ ਉਹ ਮੁਸਲਮਾਨ, ਹਿੰਦੂ ਜਾਂ ਸਿੱਖ ਰਾਜ ਚਾਹੁੰਦੇ ਹੋਣਗੇ। ਅੰਗਰੇਜ਼ੀ ਰਾਜ ਤਾਂ ਅੰਗਰੇਜ਼ ਰਾਜ ਨੂੰ ਦੂਜੇ ਕਿਸੇ ਫ਼ਿਰਕੇ ਦੇ ਰਾਜ ਜਾਂ ਕਿਸੇ ਦੂਜੀ ਕੌਮ ਜਾਂ ਦੇਸ਼ ਦੇ ਰਾਜ ਨਾਲੋਂ ਚੰਗਾ ਸਮਝਦੇ ਹੋਣ, ਪਰ ਇਹ ਨਹੀਂ ਹੋ ਸਕਦਾ ਕਿ ਜੇ ਸਿੱਖ ਰਾਜ ਦੀ ਸੰਭਾਵਨਾ ਹੋਵੇ ਤਾਂ ਸਿੱਖ ਕੋਈ ਇਸ ਦੀ ਇੱਛਾ ਨਾ ਕਰੇ। ਇਹੋ ਗੱਲ ਹਿੰਦੂ, ਮੁਸਲਮਾਨਾਂ ਤੇ ਹੋਰਾਂ ਸਬੰਧੀ ਸਮਝੋ। ਘੱਟੋ-ਘੱਟ ਮੈਂ ਹਰਗਿਜ਼ ਅਜੇਹਾ ਨਹੀਂ ਕਰ ਸਕਦਾ ਕਿ ਸਿੱਖ ਰਾਜ ਹੋਣ ਦੀ ਸੰਭਾਵਨਾ ਹੋਵੇ ਤੇ ਫਿਰ ਮੈਂ ਚਾਹਵਾਂ ਕਿ ਅੰਗਰੇਜ਼ੀ ਰਾਜ ਹੀ ਰਹੇ।

ਅਜੇਹਾ ਚਾਹੁਣ ਵਾਲਾ ਤਾਂ ਕੋਈ ਲਾਲ ਸਿੰਘ, ਤੇਜਾ ਸਿੰਘ ਵਰਗਾ ਹੀ ਹੋ ਸਕਦਾ ਹੈ। ਇਹ ਤਾਂ ਹੋ ਸਕਦਾ ਹੈ ਕਿ ਕੋਈ ਸੱਜਣ ਅੰਗਰੇਜ਼ੀ ਰਾਜ ਨੂੰ ਦੂਜੀਆਂ ਕੌਮਾਂ ਜਾਂ ਦੂਜੇ ਦੇਸ਼ਾਂ ਜਾਂ ਦੂਜੇ ਫ਼ਿਰਕਿਆਂ ਦੇ ਰਾਜ ਨਾਲੋਂ ਚੰਗਾ ਸਮਝੇ, ਪਰ ਇਹ ਨਹੀਂ ਹੋ ਸਕਦਾ ਕਿ ਕੋਈ ਸੱਜਣ ਭੀ ਆਪਣੇ ਫ਼ਿਰਕੇ ਦੇ ਰਾਜ ਜਾਂ ਸਾਂਝੇ ਹਿੰਦੁਸਤਾਨੀ ਰਾਜ ਨਾਲੋਂ ਅੰਗਰੇਜ਼ੀ ਰਾਜ ਨੂੰ ਚੰਗਾ ਸਮਝੇ। ਇਹ ਨਹੀਂ ਹੋ ਸਕਦਾ ਕਿ ਸਿੱਖ ਰਾਜ ਹੁੰਦਾ ਹੋਵੇ ਤੇ ਕੋਈ ਸਿੱਖ ਇਸ ਕਰਕੇ ਇਸ ਵਿਚ ਰੋਕ ਪਾਵੇ ਕਿ ਅੰਗਰੇਜ਼ੀ ਰਾਜ ਚੰਗਾ ਹੈ। ਜੋ ਇਹੋ ਜਿਹੀ ਚਾਪਲੂਸੀ ਕਿਸੇ ਅੰਗਰੇਜ਼ ਕੋਲ ਜਾ ਕੇ ਕਰਦਾ ਹੈ, ਉਹ ਜਾਂ ਤਾਂ ਆਪ ਮੂਰਖ ਹੈ ਜਾਂ ਅੰਗਰੇਜ਼ ਨੂੰ ਮੂਰਖ ਬਣਾ ਰਿਹਾ ਹੈ। ਅੰਗਰੇਜ਼ ਨੂੰ ਚਾਹੀਦਾ ਹੈ ਕਿ ਅਜੇਹੇ ਆਦਮੀ ਨੂੰ ਕਹੇ ਕਿ "ਜੇ ਤੂੰ ਆਪਣੀ ਕੌਮ ਦਾ ਗ਼ਦਾਰ ਹੈਂ, ਤਾਂ ਤੇਰੇ ਉੱਤੇ ਅੰਗਰੇਜ਼ਾਂ ਦੀ ਨਿਮਕ-ਹਲਾਲੀ ਦਾ ਕੀ ਭਰੋਸਾ ਹੋ ਸਕਦਾ ਹੈ!" ਮੈਂ ਜ਼ਰੂਰ ਸਿੱਖ ਰਾਜ ਚਾਹੁੰਦਾ ਹਾਂ ਤੇ ਸੂਰਾਜ ਅਥਵਾ ਸਾਂਝੇ ਰਾਜ ਦੇ ਵੀ ਹੱਕ ਵਿਚ ਹਾਂ ਪਰ ਮੈਂ ਅਜੇਹਾ ਮੂਰਖ ਨਹੀਂ ਹਾਂ ਕਿ ਇਹ ਨਾਂ ਸਮਝਦਾ ਹੋਵਾਂ ਕਿ ਸਿੱਖ ਰਾਜ ਦੀ ਕੋਈ ਸੰਭਾਵਨਾਂ ਨਹੀਂ ਹੈ ਤੇ ਖ਼ਾਸ ਕਰਕੇ ਅੰਗਰੇਜ਼ਾਂ ਵਿਰੁੱਧ ਬਗ਼ਾਵਤ ਕਰਨਾ ਤਾਂ ਪਰਲੇ ਦਰਜੇ ਦੀ ਮੂਰਖਤਾ ਬਿਨਾਂ ਕੁਝ ਨਹੀਂ ਹੈ। ਕੇਵਲ ਸੂਰਾਜ ਦੀ ਜਾਂ ਸਾਂਝੇ ਰਾਜ ਦੀ ਸੰਭਾਵਨਾ ਹੈ। ਇਸੇ ਲਈ ਹੀ ਇੱਛਾ ਤੇ ਯਤਨ ਕਰਨਾ ਚਾਹੀਦਾ ਹੈ, ਪਰ ਬਗ਼ਾਵਤ ਤਾਂ ਇਸ ਲਈ ਕਰਨੀ ਭੀ ਮੂਰਖਤਾ ਹੈ।

ਇਸ ਥਾਂ ਮੈਨੂੰ ਇਕ ਹੋਰ ਸਾਜ਼ਸ਼ ਦਾ ਭੀ ਚੇਤਾ ਆ ਗਿਆ ਹੈ, ਜੋ ਸਾਡੇ ਵਿਰੁੱਧ ਹੋਈ ਸੀ। ਸੈਂਟਰਲ ਜੇਲ੍ਹ ਲਾਹੌਰ ਵਿੱਚੋਂ ਮੈਨੂੰ ਸ: ਗੋਪਾਲ ਸਿੰਘ ਜੀ ਕੌਮੀ ਨੇ ਸੁਨੇਹਾ ਘੱਲਿਆ ਕਿ ਕੁਝ ਕਮਿਊਨਿਸਟ ਜੋ ਜੇਲ੍ਹ ਵਿਚ ਸਨ, ਮੈਨੂੰ ਤੇ ਸ: ਈਸ਼ਰ ਸਿੰਘ ਜੀ ਮਝੈਲ ਨੂੰ ਕਤਲ ਕਰਵਾਣ ਲਈ ਕੁਝ ਡਾਕੂਆਂ ਨਾਲ ਗੋਂਦ ਗੁੰਦ ਰਹੇ ਹਨ। ਉਸੇ ਸਮੇਂ ਇਕ ਟਹਿਲਾ ਅਥਵਾ ਟਹਿਲ ਸਿੰਘ ਡਾਕੂ ਦਰਿਆ ਕਿਨਾਰੇ ਝੱਲ ਵਿਚ

Academy of the Punjab in North America: http://www.apnaorg.com

ਰਹਿੰਦਾ ਸੀ। ਇਸ ਦੇ ਨਾਲ ਇਕ ਡਾਕੂ ਕੁੰਢਾ ਸਿੰਘ ਜ਼ਿਲ੍ਹਾ ਫ਼ਿਰੋਜ਼ਪੁਰ ਤੋਂ ਆਇਆ ਹੋਇਆ ਸੀ। ਮੈਨੂੰ ਖ਼ਬਰ ਇਹ ਮਿਲੀ ਸੀ ਕਿ ਟਹਿਲਾ ਅਥਵਾ ਟਹਿਲ ਸਿੰਘ ਬੜਾ ਬਦਮਾਸ਼ ਹੈ ਪਰ ਕੁੰਢਾ ਸਿੰਘ ਮਾੜਾ ਨਹੀਂ ਹੈ। ਇਨ੍ਹਾਂ ਵਿੱਚੋਂ ਟਹਿਲੇ ਨਾਲ ਸਾਡੇ ਵਿਰੋਧੀਆਂ ਦੀ ਗੋਂਦ ਗੁੰਦੀ ਦੱਸੀ ਜਾਂਦੀ ਸੀ। ਪਹਿਲਾਂ ਇਸ ਸਾਜ਼ਸ਼ ਦੀ ਸੋ ਸ: ਗੋਪਾਲ ਸਿੰਘ ਜੀ ਨੇ ਜੇਲ੍ਹ ਵਿੱਚੋਂ ਘੱਲੀ, ਮਗਰੋਂ ਸ: ਬਸੰਤ ਸਿੰਘ ਜੀ ਮੋਗਾ ਰਿਹਾ ਹੋ ਕੇ ਆਏ ਤੇ ਉਹਨਾਂ ਖ਼ਾਸ ਤੌਰ 'ਤੇ ਆ ਕੇ ਮੈਨੂੰ ਦੱਸਿਆ। ਮੈਂ ਸ: ਬਿਸ਼ਨ ਸਿੰਘ ਜੀ ਧੂਪੀਆ ਨਾਲ ਗੱਲ ਕੀਤੀ ਕਿਉਂਕਿ ਉਹ ਇਸੇ ਇਲਾਕੇ ਵਿਚ ਇੰਸਪੈਕਟਰ ਪੁਲਿਸ ਰਹਿ ਚੁੱਕੇ ਸਨ। ਉਨ੍ਹਾਂ ਨੇ ਕਿਸੇ ਤਰ੍ਹਾਂ ਨਾਲ ਟਹਿਲੇ ਤੋਂ ਪੁੱਛਵਾ ਲਿਆ ਤੇ ਮੈਨੂੰ ਆ ਕਿਹਾ ਕਿ ਗੱਲ ਠੀਕ ਸੀ ਪਰ ਹੁਣ ਟਹਿਲਾ ਇਸ ਤਰ੍ਹਾਂ ਨਹੀਂ ਕਰੇਗਾ ਤੇ ਉਂਝ ਭੀ ਉਹ ਦਰਿਆ ਦੇ ਕੰਢੇ ਤੋਂ ਦੂਰ ਨਹੀਂ ਜਾ ਸਕਦਾ। ਫਿਰ ਭੀ ਮੈਂ ਕੁਝ ਚਿਰ ਖ਼ਬਰਦਾਰ ਰਿਹਾ, ਪਰ ਫਿਰ ਟਹਿਲਾ ਮਾਰਿਆ ਗਿਆ ਤੇ ਗੱਲ ਮੁੱਕੀ।

ਸਰ ਸਕੰਦਰ ਆਪਣੀਆਂ ਚਾਲਾਂ ਚੱਲ ਰਿਹਾ ਸੀ ਕਿ ਕਿਸੇ ਤਰ੍ਹਾਂ ਸਿੱਖਾਂ ਤੇ ਅੰਗਰੇਜ਼ਾਂ ਦੀ ਦੁਸ਼ਮਣੀ ਵਧਾਈ ਜਾਵੇ ਤੇ ਅਕਾਲੀ ਆਗੂਆਂ ਨੂੰ ਕਿਸੇ ਸਾਜ਼ਸ਼ ਆਦਿ ਵਿਚ ਫਸਾ ਕੇ ਜੇਲ੍ਹ ਸੁੱਟਿਆ ਜਾਵੇ, ਪਰ ਉਹ ਮਰ ਗਿਆ। ਸਰ ਸਕੰਦਰ ਦੀ ਮੌਤ ਤੋਂ ਪਹਿਲਾਂ ਸਰ ਕ੍ਰਿਪਸ ਅੰਗਰੇਜ਼ੀ ਸਰਕਾਰ ਵੱਲੋਂ ਹਿੰਦੁਸਤਾਨ ਨੂੰ ਆਜ਼ਾਦੀ ਦੇਣ ਦਾ ਸੰਦੇਸਾ ਲੈ ਕੇ ਹਿੰਦੁਸਤਾਨ ਵ੍ਹਿਚ ਆਇਆ। ਆਪ ਦੀ ਮੋਟੀ ਜਿਹੀ ਤਜਵੀਜ਼ ਇਹ ਸੀ ਕਿ ਹਿੰਦੁਸਤਾਨ ਨੂੰ ਜੰਗ ਮਗਰੋਂ ਰਿਹਾ ਕਰ ਦਿੱਤਾ ਜਾਵੇਗਾ ਤੇ ਜਿਨ੍ਹਾਂ ਸੂਬਿਆਂ ਵਿਚ ਮੁਸਲਮਾਨਾਂ ਦੀ ਬਹੁ-ਸੰਮਤੀ ਹੈ, ਉਹਨਾਂ ਨੂੰ ਇਹ ਹੱਕ ਦਿੱਤਾ ਜਾਵੇਗਾ ਕਿ ਉਹ ਚਾਹੁਣ ਤਾਂ ਹਿੰਦੁਸਤਾਨ ਨਾਲੋਂ ਅੱਡਰੇ ਹੋ ਜਾਣ। ਇਸ ਤਰ੍ਹਾਂ ਨਾਲ ਸਾਰੇ ਪੰਜਾਬ ਨੂੰ ਪਾਕਿਸਤਾਨ ਬਣਾਨ ਦਾ ਫ਼ੈਸਲਾ ਹੋ ਗਿਆ। ਜਦ ਇਹ ਗੱਲ ਸਾਨੂੰ ਸਰ ਕ੍ਰਿਪਸ ਨੇ ਦੱਸੀ ਤਾਂ ਅਸੀਂ ਬੜੇ ਘਬਰਾਏ। ਉਸ ਵੇਲੇ ਜਿਤਨੇ ਸਾਡੇ ਸਿੱਖ ਆਗੂ ਦਿੱਲੀ ਵਿਚ ਸਨ, ਸਭ ਨਾਲ ਸਲਾਹ ਕਰ ਕੇ ਅਸਾਂ ਕਿਹਾ ਕਿ ਕਿਉਂ ਨਾ ਉਸ ਇਲਾਕੇ ਨੂੰ ਅੱਡਰਾ ਕਰ ਲਿਆ ਜਾਵੇ, ਜਿੱਥੇ ਗ਼ੈਰ ਮੁਸਲਮਾਨਾਂ ਦੀ ਬਹੁ-ਸੰਮਤੀ ਹੈ। ਸਰ ਕ੍ਰਿਪਸ ਦੀ ਤਜਵੀਜ਼ ਅਸਾਂ ਠੁਕਰਾ ਦਿੱਤੀ। ਮਿਸਟਰ ਜਿਨਾਹ ਦੀ ਚੜ੍ਹ ਮੱਚੀ ਤੇ ਉਸ ਦਿਨ ਤੋਂ ਪਾਕਿਸਤਾਨ ਦੇ ਪੈਰ ਜੰਮ ਗਏ। ਕਾਂਗਰਸ ਨੇ ਸਾਡੇ ਜ਼ੋਰ ਦੇਣ ਉੱਤੇ ਅਜੇਹਾ ਮਤਾ ਪਾਸ ਕੀਤਾ, ਜਿਸ ਵਿਚ ਪਾਕਿਸਤਾਨੀ ਮੰਗ ਲੰਗੜੀ ਹੋ ਜਾਂਦੀ ਸੀ, ਪਰ ਸਾਡਾ ਕੁਝ ਨਹੀਂ ਸੀ ਬਣਦਾ ਪਰ ਮਗਰੋਂ ਆ ਕੇ ਅਸਾਂ ਆਪਣੀ ਤਜਵੀਜ਼ ਨੂੰ ਸਾਰਿਆਂ ਪਾਸਿਆਂ ਤੋਂ ਸੋਚਿਆ ਤੇ ਇਸ ਨੂੰ ਸਪੱਸ਼ਟ ਕਰ ਦਿੱਤਾ। ਸਾਡੀ ਸਕੀਮ ਇਹ ਸੀ ਕਿ ਝਨਾਓਂ ਪਰੇ ਦਾ ਇਲਾਕਾ ਅੱਡਰਾ ਕੀਤਾ ਜਾਵੇ ਤੇ ਝਨਾਂ ਤਕ ਦਾ ਪੰਜਾਬ ਇਕੱਠਾ ਰੱਖਿਆ ਜਾਵੇ। ਇਸ ਵਿਚ ਭੀ ਕੁਝ ਵਧਾਣ-ਘਟਾਣ ਲਈ ਅਸਾਂ ਗੁੰਜਾਇਸ਼ ਰੱਖੀ। ਅਸਾਂ ਆਪਣਾ ਇਹ ਮਤਲਬ ਸਪੱਸ਼ਟ ਕਰ ਦਿੱਤਾ ਕਿ ਪੰਜਾਬ ਦਾ ਇਕ ਟੁੱਕੜਾ ਅਜਿਹਾ ਰੱਖਿਆ ਜਾਵੇ, ਜਿਸ ਵਿਚ ਸਿੱਖਾਂ ਦੀ ਬਹੁਤ ਸਾਰੀ ਆਬਾਦੀ ਆ ਜਾਵੇ ਤੇ ਜਿਸ ਵਿਚ ਕਿਸੇ ਇਕ ਫ਼ਿਰਕੇ

Academy of the Punjab in North America: http://www.apnaorg.com

ਦੀ ਬਹੁ-ਸੰਮਤੀ ਨਾ ਹੋਵੇ। ਇਸ ਤਜਵੀਜ਼ ਨੂੰ ਲੋਕੀਂ 'ਆਜ਼ਾਦ ਪੰਜਾਬ' ਕਹਿਣ ਲੱਗ ਗਏ। ਆਜ਼ਾਦ ਪੰਜਾਬ ਤੋਂ ਭਾਵ ਅਜਿਹਾ ਇਲਾਕਾ ਹੈ, ਜੋ ਫ਼ਿਰਕੂ ਗ਼ਲਬੇ ਤੋਂ ਆਜ਼ਾਦ ਹੋਵੇ। ਪੰਜਾਬ ਦੇ ਸਿੱਖਾਂ ਤੇ ਹਿੰਦੂਆਂ ਦੀ ਰੱਖਿਆ ਲਈ ਇਹ ਚੰਗੀ ਸਕੀਮ ਸੀ, ਪਰ ਕੁਝ ਹਿੰਦੂਆਂ ਤੇ ਹਿੰਦੂ ਅਖ਼ਬਾਰਾਂ ਨੇ ਵਿਰੋਧਤਾ ਕੀਤੀ। ਇਸ ਦੀ ਵਿਰੋਧਤਾ ਤੋਂ ਹਿੰਦੂਆਂ ਦਾ ਮਤਲਬ ਤਾਂ ਕੇਵਲ ਇਤਨਾ ਹੀ ਸੀ ਕਿ ਸਿੱਖਾਂ ਨੂੰ ਕਿਸੇ ਤਰ੍ਹਾਂ ਜ਼ੇਰ ਰੱਖਿਆ ਜਾਵੇ। ਇਸ ਤਰ੍ਹਾਂ ਦੀ ਚਾਲ ਦਾ ਭੈੜਾ ਨਤੀਜਾ ਹਿੰਦੂ ਕੌਮ ਨੂੰ ਹੀ ਭੁਗਤਣਾ ਪਵੇਗਾ, ਕਿਉਂਕਿ ਜਦ 'ਰਾਜਾ ਗਾਂਧੀ' ਫਾਰਮੂਲੇ ਦੀ ਤਜਵੀਜ਼ ਕਰ ਕੇ ਗਾਂਧੀ ਜੀ ਨੇ ਭੀ ਪਾਕਿਸਤਾਨੀ ਤਜਵੀਜ਼ ਉੱਤੇ ਮੋਹਰ ਲਾ ਦਿੱਤੀ ਤਾਂ ਸਿੱਖਾਂ ਨੇ ਮੰਗ ਕੀਤੀ ਕਿ ਜੇ ਮੁਸਲਮਾਨਾਂ ਲਈ ਪਾਕਿਸਤਾਨ ਬਣਾਇਆ ਜਾਣਾ ਹੈ, ਤਾਂ ਕਿਉਂ ਸਿੱਖਾਂ ਲਈ ਇਕ ਸਿੱਖ ਸੂਬਾ ਨਾ ਬਣਾਇਆ ਜਾਵੇ; ਜਿਸ ਵਿਚ ਸਭ ਸਿੱਖ, ਉਹਨਾਂ ਦੀਆਂ ਜਾਇਦਾਦਾਂ ਇਕੱਠੀਆਂ ਕਰ ਦਿੱਤੀਆਂ ਜਾਣ। ਸਿੱਖਾਂ ਦੀ ਇਹ ਮੰਗ ਲਾ-ਜਵਾਬ ਹੈ ਪਰ ਇਸ ਦੇ ਮੰਨੇ ਜਾਣ ਨਾਲ ਪੰਜਾਬ ਦੇ ਹਿੰਦੂ ਬਹੁਤ ਕਮਜ਼ੋਰ ਹੋ ਜਾਂਦੇ ਹਨ, ਇਹ ਉਨ੍ਹਾਂ ਦਾ ਆਪਣਾ ਕਸੂਰ ਹੈ। ਸਿੱਖਾਂ ਨਾਲ ਉਹ ਆਪਣੀ ਕਿਸਮਤ ਸਾਂਝੀ ਬਣਾਨਾ ਨਹੀਂ ਚਾਹੁੰਦੇ ਤੇ ਅੱਡਰੀ ਉਨ੍ਹਾਂ ਦੀ ਮੰਗ ਕਿਸੇ ਪੂਰੀ ਨਹੀਂ ਕਰਨੀ। ਉਨ੍ਹਾਂ ਦੇ ਆਗੂਆਂ ਦੀ ਇਸ ਸਮਝ ਦੇ ਘਾਟੇ ਜਾਂ ਨੀਅਤ ਦੀ ਖ਼ਰਾਬੀ ਦਾ ਫਲ ਤਾਂ ਸਾਰੀ ਹਿੰਦੂ ਜਨਤਾ ਨੂੰ ਹੀ ਭੁਗਤਣਾ ਪਵੇਗਾ।

ਸਿੱਖਾਂ ਵਿਚ ਕੁਝ ਆਦਮੀ ਅਜੇਹੇ ਹਨ ਜੋ ਹਰ ਵੇਲੇ ਅਕਾਲੀ ਪਾਰਟੀ ਦੀ ਵਿਰੋਧਤਾ ਹੀ ਆਪਣਾ ਮੁੱਖ ਮੰਤਵ ਸਮਝਦੇ ਹਨ, ਕੁਝ ਅਜੇਹੇ ਹਨ ਜੋ ਹਿੰਦੂ ਅਖ਼ਬਾਰਾਂ ਦੀ ਵਾਹ-ਵਾਹ ਹੀ ਜੀਵਨ ਦਾ ਨਿਸ਼ਾਨਾ ਸਮਝਦੇ ਹਨ। ਕੁਝ ਪੈਸੇ ਕਮਾਣਾ ਹੀ ਪਬਲਿਕ ਜੀਵਨ ਦਾ ਲਾਭ ਸਮਝਦੇ ਹਨ ਤੇ ਕੁਝ ਅਜੇਹੇ ਭੀ ਹਨ, ਜਿਨ੍ਹਾਂ ਨੂੰ ਕੌਮ ਪੂਜਾ ਅਜੇਹੀ ਚੜ੍ਹੀ ਹੋਈ ਹੈ ਕਿ ਉਹ ਆਪਣੀ ਅਕਲ ਹੀ ਖੋ ਬੈਠੇ ਹਨ। 'ਕੌਮ ਪੂਜਾ' ਕਹਿ ਕੇ ਉਨ੍ਹਾਂ ਨੂੰ ਕੋਈ ਧੋਖਾ ਦੇ ਸਕਦਾ ਹੈ। ਉਹ ਸੋਚਦੇ ਹੀ ਨਹੀਂ ਹਨ ਕਿ ਮਤਾਂ 'ਕੌਮ ਪੂਜਾ' ਲਫ਼ਜ਼ ਦੇ ਪਿੱਛੇ ਕਿਸੇ ਚਲਾਕ ਆਦਮੀ ਦੀ 'ਫ਼ਿਰਕਾ ਪੂਜਾ' ਜਾਂ ਕੋਈ ਹੋਰ ਚਾਲ ਹੀ ਲੁਕੀ ਹੋਵੇ। ਅਜੇਹੇ ਸਭ ਲੋਕਾਂ ਨੂੰ ਹਿੰਦੂ ਅਖ਼ਬਾਰਾਂ ਨੇ ਚੁੱਕਿਆ ਤੇ ਅਜੇਹੇ ਭੀ ਸਨ, ਜਿਨ੍ਹਾਂ ਨੂੰ ਪੈਸੇ ਭੀ ਦਿੱਤੇ। ਕੁਝ ਚਿਰ ਤਾਂ ਇਹਨਾਂ ਲੋਕਾਂ ਨੇ ਰੌਲਾ ਪਾਇਆ, ਪਰ ਸਿੱਖ ਜਨਤਾ ਉੱਤੇ ਇਹ ਕੋਈ ਅਸਰ ਨਾ ਪਾ ਸਕੇ ਤੇ ਆਖ਼ਰ ਇਨ੍ਹਾਂ ਦੀ ਵਿਰੋਧਤਾ ਰਹਿ ਹੀ ਗਈ। ਸਰ ਤੇਜ ਬਹਾਦਰ ਸਪਰੂ ਨੇ ਇਕ ਸਮਝੌਤਾ ਕਮੇਟੀ ਬਣਾਈ ਤੇ ਉਸ ਦੇ ਸਾਹਮਣੇ ਸਿੱਖਾਂ ਵੱਲੋਂ ਕਰੀਬਨ ਸਭ ਪਾਰਟੀਆਂ ਨੇ ਰਲ ਕੇ ਇਹ ਦੋ ਤਜਵੀਜ਼ਾਂ ਹੀ ਰੱਖੀਆਂ : ਇਕ ਇਹ ਕਿ ਪੰਜਾਬ ਵਿਚ ਕਿਸੇ ਇਕ ਕੌਮ ਦੀ ਬਹੁ-ਸੰਮਤੀ ਨਾ ਰਹੇ, ਭਾਵੇਂ ਇਸ ਮਤਲਬ ਲਈ ਪੰਜਾਬ ਦਾ ਕੁਝ ਇਲਾਕਾ ਕੱਟ ਕੇ ਅੱਡਰਾ ਹੀ ਕਰਨਾ ਪਵੇ ਤੇ ਦੂਜਾ ਇਹ ਕਿ ਜੇ ਪਾਕਿਸਤਾਨ ਹੀ ਬਣਨਾ ਹੈ ਤਾਂ ਇਕ ਸਿੱਖ ਸੂਬਾ ਭੀ ਬਣਾਇਆ ਜਾਵੇ।

✲ ✲ ✲

Academy of the Punjab in North America: http://www.apnaorg.com

# ਕਾਂਗਰਸ-ਅਕਾਲੀ ਸਾਜਿਸ਼

ਸਰ ਕ੍ਰਿਪਸ ਨਾਲ ਕਾਂਗਰਸ ਦਾ ਸਮਝੌਤਾ ਟੁੱਟ ਜਾਣ ਮਗਰੋਂ ਕਾਂਗਰਸ ਨੇ ਕਿਸੇ ਵੱਡੀ ਐਜੀਟੇਸ਼ਨ ਦੀ ਧਮਕੀ ਦਿੱਤੀ ਤੇ ਸਰਕਾਰ ਨੇ ਸਾਰੇ ਹਿੰਦੁਸਤਾਨ ਦੇ ਉਨ੍ਹਾਂ ਸਭ ਕਾਂਗਰਸੀ ਆਗੂਆਂ ਨੂੰ ਫੜ ਲਿਆ, ਜਿਨ੍ਹਾਂ ਤੋਂ ਉਸ ਨੂੰ ਖ਼ਤਰਾ ਪ੍ਰਤੀਤ ਹੁੰਦਾ ਸੀ। ਇਸ ਉੱਤੇ ਥਾਂ-ਥਾਂ ਲੋਕੀਂ ਰੇਲ ਦੀਆਂ ਪਟੜੀਆਂ ਪੁੱਟਣ, ਰੇਲਾਂ ਉਖਾੜਨ ਤੇ ਹੋਰ ਤਰ੍ਹਾਂ ਨਾਲ ਜੰਗੀ ਸਰਗਰਮੀਆਂ ਵਿਚ ਵਿਘਨ ਪਾਣ ਨੂੰ ਉੱਠ ਬੈਠੇ। ਬਿਹਾਰ, ਯੂ. ਪੀ. ਆਦਿਕ ਸੂਬਿਆਂ ਵਿਚ ਤਾਂ ਇਹ ਲਹਿਰ ਬੜੇ ਜ਼ੋਰ ਨਾਲ ਚੱਲੀ ਸੀ, ਪਰ ਪੰਜਾਬ ਵਿਚ ਇਸ ਦਾ ਬਾਹਲਾ ਅਸਰ ਨਹੀਂ ਹੋਇਆ ਸੀ। ਇਸ ਦੇ ਦੋ ਕਾਰਨ ਸਨ। ਇਕ ਤਾਂ ਇਹ ਕਿ ਪੰਜਾਬ ਦੇ ਕਾਲਜਾਂ ਵਿਚ ਛੁੱਟੀਆਂ ਸਨ ਤੇ ਮੁੰਡੇ ਘਰੋ-ਘਰੀ ਗਏ ਹੋਏ ਸਨ। ਹੋਰ ਥਾਂ ਕਾਲਜਾਂ ਦੇ ਮੁੰਡਿਆਂ ਨੇ ਹੀ ਰੌਲਾ ਪਾਇਆ ਸੀ ਤੇ ਉਸ ਸਮੇਂ ਮੁੰਡੇ ਖਿੰਡੇ ਹੋਏ ਸਨ। ਦੂਜੀ ਤਾਕਤ ਕੇਵਲ ਅਕਾਲੀ ਹੀ ਸਨ ਜੋ ਇਹ ਕੰਮ ਕਰ ਸਕਦੇ ਸਨ।

ਕਾਂਗਰਸ ਦੀ ਬੰਬਈ ਵਿਚ ਮੀਟਿੰਗ ਹੋਈ ਸੀ। ਜਿਸ ਵਿਚ ਐਜੀਟੇਸ਼ਨ ਦੀ ਧਮਕੀ ਦਿੱਤੀ ਗਈ ਸੀ। ਇਸ ਮੀਟਿੰਗ ਤੋਂ ਜੋ ਸੱਜਣ ਮੁੜੇ ਸਨ, ਉਹਨਾਂ ਦਾ ਖ਼ਿਆਲ ਇਹੋ ਹੀ ਸੀ ਕਿ ਰੇਲ ਦੀਆਂ ਪਟੜੀਆਂ ਉਖੇੜਨੀਆਂ ਚਾਹੀਦੀਆਂ ਹਨ ਤੇ ਬੰਬਈ ਤੋਂ ਉਹਨਾਂ ਦੀ ਹੱਥੀਂ ਇਕ ਖ਼ੁਫੀਆ ਹਦਾਇਤਾਂ ਦਾ ਕਾਗਜ਼ ਭੀ ਪੁੱਜਾ ਸੀ, ਜੋ ਮੈਂ ਭੀ ਪੜ੍ਹਿਆ ਸੀ। ਉਸ ਵਿਚ ਆਦਮੀ ਦੀ ਜਾਨ ਬਚਾ ਕੇ ਬਹੁਤ ਤਰ੍ਹਾਂ ਦੇ ਤਸ਼ੱਦਦ ਦੀ ਪ੍ਰੇਰਨਾ ਕੀਤੀ ਹੋਈ ਸੀ। ਮੈਨੂੰ ਕਿਹਾ ਇਹ ਗਿਆ ਸੀ ਕਿ ਕਾਂਗਰਸੀ ਲੀਡਰ ਇਸ ਨਾਲ ਸਹਿਮਤ ਹਨ ਤੇ ਉਹਨਾਂ ਹੀ ਇਹ ਹਦਾਇਤਾਂ ਦਿੱਤੀਆਂ ਹਨ। ਇਸ ਤਰ੍ਹਾਂ ਛੋਟੇ ਕਾਂਗਰਸੀ ਲੀਡਰਾਂ ਨੇ ਕਾਂਗਰਸ ਦੇ ਨਾਮ ਉੱਤੇ ਤਸ਼ੱਦਦ ਦੀ ਪ੍ਰੇਰਨਾ ਕੀਤੀ। ਸਰਕਾਰ ਨੇ ਕਾਂਗਰਸ ਉੱਤੇ ਇਸ ਐਜੀਟੇਸ਼ਨ ਦਾ ਇਲਜ਼ਾਮ ਲਾਇਆ ਸੀ, ਪਰ ਮੇਰਾ ਖ਼ਿਆਲ ਇਹ ਹੈ ਕਿ ਵੱਡੇ ਕਾਂਗਰਸੀ ਆਗੂ ਇਸ ਹੱਕ ਵਿਚ ਨਹੀਂ ਸਨ ਤੇ ਛੋਟਿਆਂ-ਮੋਟਿਆਂ ਨੇ ਊਧਮ ਮਚਵਾ ਦਿੱਤਾ ਸੀ। ਇੱਥੇ ਅੰਮ੍ਰਿਤਸਰ ਵਿਚ ਕੁਝ ਅਕਾਲੀ ਲੀਡਰਾਂ ਨੇ ਸਲਾਹਾਂ ਪਕਾਈਆਂ ਤੇ ਰੇਲ ਦੀਆਂ ਪਟੜੀਆਂ ਪੁੱਟਣ ਦਾ ਫ਼ੈਸਲਾ ਕਰ ਲਿਆ, ਪਰ ਮੈਨੂੰ ਕੋਈ ਖ਼ਬਰ ਨਹੀਂ ਸੀ। ਮੇਰੀ ਰਾਏ ਖ਼ਿਲਾਫ਼ ਸੀ। ਇਸ ਕਰਕੇ ਮੈਥੋਂ ਇਹ ਗੱਲ ਚੋਰੀ ਰੱਖੀ ਗਈ ਸੀ। ਜਦ ਮਾਨਾਂਵਾਲੇ ਸਟੇਸ਼ਨ ਉੱਤੇ ਲਾਈਨ ਪੁੱਟੀ ਗਈ ਤੇ ਮਾਲ ਗੱਡੀ ਡਿੱਗ ਪਈ, ਤਾਂ ਮੈਨੂੰ ਝੱਟ ਸ਼ੱਕ ਪਿਆ ਕਿ ਇਹ ਕੰਮ ਅੰਮ੍ਰਿਤਸਰ ਦੇ ਅਕਾਲੀਆਂ ਦਾ ਹੈ। ਮੈਂ ਪਤਾ ਲਿਆ ਤੇ ਮੈਨੂੰ ਪਤਾ

Academy of the Punjab in North America: http://www.apnaorg.com

ਲੱਗ ਗਿਆ ਕਿ ਗੱਲ ਠੀਕ ਹੈ। ਮੈਂ ਜਥੇਦਾਰ ਸੋਹਣ ਸਿੰਘ ਜੀ ਨਾਲ ਗੱਲ ਕੀਤੀ; ਉਹ ਮੰਨ ਗਏ ਤੇ ਕਹਿਣ ਲੱਗੇ ਕਿ ਇਹ ਗੱਡੀ ਤਾਂ ਉਹਨਾਂ ਦੀ ਸਲਾਹ ਜਾਂ ਇਲਮ ਬਿਨਾਂ ਹੀ ਡੇਗੀ ਗਈ ਹੈ, ਪਰ ਉਂਝ ਸਲਾਹ ਬਣ ਗਈ ਹੈ। ਮੈਂ ਉਹਨਾਂ ਨਾਲ ਬਹਿਸ ਕੀਤੀ ਤੇ ਉਨ੍ਹਾਂ ਉੱਤੇ ਜ਼ੋਰ ਦਿੱਤਾ। ਉਹ ਮੰਨ ਗਏ ਤੇ ਰੇਲਾਂ ਪੁੱਟਣ ਵਾਲੀ ਤੇ ਅੱਗਾਂ ਲਾਣ ਵਾਲੀ ਸਕੀਮ ਹਟਾ ਦਿੱਤੀ ਗਈ। ਉਂਝ ਸਿਵਲ ਨਾ-ਫ਼ੁਰਮਾਨੀ ਕਰਕੇ ਗ੍ਰਿਫ਼ਤਾਰ ਹੋਣ ਵਾਲੀ ਸਕੀਮ ਜਾਰੀ ਰਹੀ ਤੇ ਮੇਰੇ ਇਲਮ ਵਿਚ ਜਾਰੀ ਰਹੀ।

ਮਾਨਾਂਵਾਲੇ ਸਟੇਸ਼ਨ ਉੱਤੇ ਸਾਜ਼ਿਸ਼ ਬਣਾ ਕੇ ਗੱਡੀ ਡੇਗਣ ਵਾਲੇ ਸਭ ਅਕਾਲੀ ਫੜੇ ਗਏ ਤੇ ਇਸੇ ਤਰ੍ਹਾਂ ਬੁਟਾਰੀ ਸਟੇਸ਼ਨ ਉੱਤੇ ਭੀ ਗੱਡੀ ਨੂੰ ਡੇਗਣ ਦਾ ਜਤਨ ਕਰਨ ਵਾਲੇ ਫੜੇ ਗਏ ਸਨ। ਉਸ ਵੇਲੇ ਆਰਡੀਨੈਂਸ ਇਹ ਸੀ ਕਿ ਜਿਸ ਦੇ ਵਿਰੁੱਧ ਇਹ ਜੁਰਮ ਸਾਬਤ ਹੋ ਜਾਵੇ, ਉਸ ਨੂੰ ਫਾਂਸੀ ਦੇ ਦਿੱਤਾ ਜਾਵੇ। ਇਸ ਕਰਕੇ ਮੈਨੂੰ ਬੜਾ ਡਰ ਸੀ ਕਿ ਹੋਰ ਪੇਚੀਦਗੀਆਂ ਹੀ ਨਾ ਪੈ ਜਾਣ ਪਰ ਸਰਕਾਰ ਨੇ ਅਕਲ ਕੀਤੀ ਤੇ ਸਭ ਫੜੇ ਗਏ ਅਕਾਲੀਆਂ ਨੂੰ ਜੇਲ੍ਹ ਅੰਦਰ ਬਿਨਾਂ ਮੁਕੱਦਮਾ ਚਲਾਏ ਸੁੱਟ ਲਿਆ ਤੇ ਤਦ ਤਕ ਨਹੀਂ ਛੱਡਿਆ ਜਦ ਤਕ ਸਰਕਾਰ ਨੂੰ ਤਸੱਲੀ ਨਹੀਂ ਹੋ ਗਈ ਕਿ ਹੁਣ ਇਹੋ ਜਿਹੇ ਕਿਸੇ ਖ਼ਤਰੇ ਦਾ ਡਰ ਨਹੀਂ ਰਿਹਾ।

ਜਦ ਬੰਬਈ ਵੱਲੋਂ ਹਦਾਇਤਾਂ ਦੀ ਚਰਚਾ ਅਕਾਲੀਆਂ ਵਿਚ ਖਿੱਲਰੀ ਸੀ, ਤਦ ਬਹੁਤ ਜੋਸ਼ ਖਿੱਲਰ ਗਿਆ ਸੀ। ਮੈਂ ਭੀ ਡੋਲ ਗਿਆ ਸਾਂ, ਪਰ ਕੋਈ ਘੰਟਾ ਕੁ ਸੋਚਣ ਮਗਰੋਂ ਮੈਨੂੰ ਸਮਝ ਪੈ ਗਈ ਕਿ ਇਹ ਹਦਾਇਤਾਂ ਨਹੀਂ ਹਨ ਤੇ ਇਹਨਾਂ ਅਨੁਸਾਰ ਅਮਲ ਕਰਨ ਵਿਚ ਹਰ ਤਰ੍ਹਾਂ ਦਾ ਨੁਕਸਾਨ ਹੈ। ਮੈਂ ਤਾਂ ਪੱਕਾ ਹੋ ਗਿਆ ਪਰ ਕਈ ਅਕਾਲੀ ਬੜੇ ਜੋਸ਼ ਵਿਚ ਸਨ ਤੇ ਮੈਨੂੰ ਕੋਸਦੇ ਸਨ। ਇਕ ਜੋਸ਼ੀਲੇ ਗਿਆਨੀ ਨੇ ਤਾਂ ਮਿਸ਼ਨਰੀ ਕਾਲਜ ਵਿਚ ਮੇਰੇ ਉੱਤੇ ਬਹੁਤ ਜ਼ੋਰ ਪਾਇਆ। ਮੈਂ ਜਵਾਬ ਦਿੱਤਾ ਕਿ ਮੈਨੂੰ ਹਾਲਾਂ ਤਾਂ ਕੋਈ ਰਾਹ ਨਹੀਂ ਦਿਸਦਾ। ਗੁਰੂ ਹੀ ਕਿਸੇ ਰਾਹ ਪਾਵੇ, ਕਾਹਲੇ ਨਾ ਪਵੋ। ਮੇਰੇ ਉੱਥੋਂ ਪਰੇ ਜਾਣ ਮਗਰੋਂ ਅਮਰ ਸਿੰਘ ਬੀ. ਏ. ਉਹਨਾਂ (ਗਿਆਨੀ ਜੀ) ਨਾਲ ਝਗੜ ਪਿਆ। ਗਿਆਨੀ ਜੀ ਕਹਿਣ ਕਿ ਰੇਲਾਂ ਪੁੱਟਣੀਆਂ ਚਾਹੀਦੀਆਂ ਹਨ ਤੇ ਅਮਰ ਸਿੰਘ ਬੀ. ਏ. ਇਸ ਦੇ ਵਿਰੁੱਧ ਕਹੇ। ਦੋਵੇਂ ਝਗੜਦੇ-ਝਗੜਦੇ ਇਕ ਦੂਜੇ ਉੱਤੇ ਬੁਜ਼ਦਿਲ ਹੋਣ ਦੇ ਇਲਜ਼ਾਮ ਲਾਣ ਲੱਗ ਪਏ। ਗਿਆਨੀ ਜੀ ਤਾਂ ਕਹਿਣ ਕਿ ਤੂੰ ਬੁਜ਼ਦਿਲ ਹੈਂ ਜੋ ਡਰ ਕੇ ਇਹ ਰਾਏ ਦੇ ਰਿਹਾ ਹੈ। ਬੀ. ਏ. ਅੱਗੋਂ ਕਹੇ ਤੂੰ ਬੁਜ਼ਦਿਲ ਹੈਂ ਜੋ ਇਹ ਰਾਏ ਰੱਖਦਾ ਭੀ ਰੇਲ ਦੀ ਲਾਈਨ ਪੁੱਟਣ ਨਹੀਂ ਜਾਂਦਾ। ਇਸ ਤਰ੍ਹਾਂ ਮਿਹਣਿਆਂ-ਤਾਹਨਿਆਂ ਨਾਲ ਫ਼ੈਸਲਾ ਹੋਇਆ ਕਿ ਦੋਵੇਂ ਲਾਈਨ ਪੁੱਟਣ ਜਾਣ। ਜੋਸ਼ ਵਿਚ ਆਏ ਦੋਵੇਂ ਰਾਤ ਨੂੰ ਤੁਰ ਪਏ। ਲਾਈਨ 'ਤੇ ਅਪੜ ਕੇ ਉਹਨਾਂ ਨੂੰ ਹੋਸ਼ ਆਈ ਕਿ ਬਿਨਾਂ ਕਿਸੇ ਹਥਿਆਰ ਦੇ ਇਹ ਲਾਈਨ ਪੁੱਟੀ ਨਹੀਂ ਜਾਣੀ। ਉਸ ਵੇਲੇ ਉਹਨਾਂ ਉੱਥੋਂ ਹਥਿਆਰ ਲੱਭਣ ਦਾ ਯਤਨ ਕੀਤਾ, ਪਰ ਇਹ ਨਾ ਬਣ ਸਕਿਆ। ਫਿਰ ਤੇਲ ਤੇ ਦੀਆ ਸਿਲਾਈ ਲੈਣ ਦਾ ਯਤਨ ਕੀਤਾ ਤਾਂ ਕਿ ਰੇਲ ਹੇਠਾਂ ਧਰੇ ਲੱਕੜ ਦੇ ਫੱਟਿਆਂ ਨੂੰ ਹੀ ਸਾੜ ਸੁੱਟੀਏ, ਪਰ ਇਹ

Academy of the Punjab in North America: http://www.apnaorg.com

ਪ੍ਰਬੰਧ ਵੀ ਉਹਨਾਂ ਤੋਂ ਨਾ ਹੋ ਸਕਿਆ ਤੇ ਉੱਧਰੋਂ ਗੱਡੀ ਆ ਗਈ। ਉਨ੍ਹਾਂ ਸਲਾਹ ਕਰ ਕੇ ਗੱਡੀ ਨੂੰ ਵੱਟੇ ਮਾਰੇ ਤੇ ਵੱਟੇ ਮਾਰ ਕੇ ਮੁੜ ਆਏ। ਦੂਜੇ ਦਿਨ ਸਿੱਖ ਮਿਸ਼ਨਰੀ ਕਾਲਜ ਵਿਚ ਪਤਾ ਲੱਗਾ ਤਾਂ ਗਿਆਨੀ ਜੀ ਤੇ ਉਨ੍ਹਾਂ ਦੇ ਵਿਰੋਧੀ ਸਾਥੀ ਬੀ. ਏ. ਸਾਹਿਬ ਦੀ ਬਹਾਦਰੀ ਉੱਤੇ ਖ਼ੂਬ ਖਿੱਲੀ ਪਈ। ਲੋਕੀਂ ਹੱਸਦੇ ਸਨ ਤੇ ਕਹਿੰਦੇ ਸਨ ਕਿ ਇਹ ਬਹਾਦਰ ਮਾਲ ਗੱਡੀ ਨੂੰ ਵੱਟੇ ਮਾਰ ਆਏ ਹਨ, ਪਰ ਸਾਡੇ ਬਹਾਦਰ ਸੱਜਣ ਇਹ ਨਹੀਂ ਮੰਨਦੇ ਸਨ। ਉਹ ਕਹਿੰਦੇ ਸਨ ਕਿ ਉਨ੍ਹਾਂ ਸਵਾਰੀ ਗੱਡੀ ਨੂੰ ਵੱਟੇ ਮਾਰੇ ਸਨ।

✡ ✡ ✡

Academy of the Punjab in North America: http://www.apnaorg.com

# ਪ੍ਰਧਾਨਗੀਆਂ ਤੋਂ ਮੇਰਾ ਅਸਤੀਫ਼ਾ

ਮਾਰਚ ੧੯੪੪ ਵਿਚ ਮੈਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਦੀਆਂ ਪ੍ਰਧਾਨਗੀਆਂ ਤੋਂ ਅਸਤੀਫੇ ਦੇ ਦਿੱਤੇ ਤੇ ਕੁਝ ਮਹੀਨੇ ਬਿਲਕੁਲ ਅੱਡਰਾ ਹੀ ਹੋ ਬੈਠਾ ਸਾਂ। ਇਸ ਦੇ ਕਾਰਨ ਦੋ ਤਿੰਨ ਸਨ। ਇਕ ਕਾਰਨ ਤਾਂ ਇਹ ਸੀ ਕਿ ਅਕਾਲੀ ਪਾਰਟੀ ਦੇ ਅੰਦਰ ਫੁੱਟ ਸੀ। ਕੁਝ ਚਿਰ ਤਾਂ ਮੈਂ ਹਰ ਸਾਲ ਪ੍ਰਧਾਨ ਬਣਦਾ ਰਿਹਾ ਤੇ ਇਸ ਤਰ੍ਹਾਂ ਫੁੱਟ ਢੱਕੀ ਜਾਂਦੀ ਰਹੀ ਸੀ, ਕਿਉਂਕਿ ਮੇਰੇ ਉੱਤੇ ਦੋਵੇਂ ਧਿਰਾਂ ਸਹਿਮਤ ਹੋ ਜਾਂਦੀਆਂ ਸਨ। ਮੈਨੂੰ ਸਮਝ ਨਾ ਪਵੇ ਕਿ ਇਸ ਹਾਲਤ ਵਿਚ ਕਿਤਨਾ ਕੁਝ ਝੱਟ ਲੰਘਾਵਾਂਗੇ, ਪਰ ਮੈਂ ਇਸ ਤੋਂ ਅੱਕ ਗਿਆ ਸੀ। ਇਕ ਤਾਂ ਮੈਨੂੰ ਇਹ ਗੱਲ ਚੰਗੀ ਨਹੀਂ ਸੀ ਭਾਸਦੀ ਕਿ ਹਰ ਸਾਲ ਇਕੋ ਹੀ ਪ੍ਰਧਾਨ ਬਣ ਜਾਵੇ ਤੇ ਦੂਜੇ ਕੁਝ ਆਗੂਆਂ ਦੀ ਚੌਧਰ ਦੀ ਇੱਛਾ ਨੇ ਮੇਰਾ ਦਿਲ ਚਿੜਾ ਦਿੱਤਾ ਸੀ। ਮੇਰੇ ਅਸਤੀਫ਼ਿਆਂ ਦਾ ਦੂਜਾ ਕਾਰਨ ਇਹ ਸੀ ਕਿ ਕੁਝ ਵਿਰੋਧੀ ਹਰ ਵੇਲੇ ਜਦ ਕੋਈ ਮੌਕਾ ਮਿਲੇ ਝਗੜਾ ਪਾਣ ਲਈ ਤਿਆਰ ਰਹਿੰਦੇ ਸਨ; ਜਿਸ ਕਰਕੇ ਲੋਕਾਂ ਵਿਚ ਇਹ ਖ਼ਿਆਲ ਖਿਲਰਣ ਦਾ ਡਰ ਸੀ ਕਿ ਹਰ ਕੋਈ ਆਪਣੀ ਪ੍ਰਧਾਨਗੀ ਜਾਂ ਚੌਧਰ ਲਈ ਪੰਥ ਨੂੰ ਕੁਰਬਾਨ ਕਰਨ ਲਈ ਤਿਆਰ ਹੋ ਜਾਂਦਾ ਹੈ। ਅਜੇਹਾ ਖਿਲਰਿਆ ਖ਼ਿਆਲ ਪੰਥਕ ਜਥੇਬੰਦੀ ਲਈ ਸਖ਼ਤ ਹਾਨੀਕਾਰਕ ਹੋ ਸਕਦਾ ਹੈ; ਇਸ ਲਈ ਮੈਂ ਇਸ ਖ਼ਿਆਲ ਨੂੰ ਕੱਢਣਾ ਪੰਥ ਦੇ ਭਲੇ ਲਈ ਜ਼ਰੂਰੀ ਸਮਝਿਆ। ਕਈ ਸੱਜਣਾਂ ਵਿਚ ਇਹ ਖ਼ਿਆਲ ਹੈ ਕਿ ਆਪਣੀ ਚੌਧਰ ਕਾਇਮ ਕਰਨ ਲਈ ਕੋਈ ਔਹੁਦਾ ਲੈਣਾ ਚਾਹੀਦਾ ਹੈ। ਅਜੇਹੇ ਸੱਜਣ ਔਹੁਦਾ ਲੈ ਕੇ ਉਸ ਨਾਲ ਅਜੇਹੇ ਚਿਮਟਦੇ ਹਨ ਕਿ ਸਾਬਤ ਤਾਂ ਫਿਰ ਲਹਿੰਦੇ ਹੀ ਨਹੀਂ ਹਨ। ਲੋਕੀਂ ਉਨ੍ਹਾਂ ਨੂੰ ਟੋਟੇ-ਟੋਟੇ ਕਰਕੇ ਖਰੋਚ ਕੇ ਲਾਹੁੰਦੇ ਹਨ। ਮੈਂ ਤਾਂ ਇਹ ਸਮਝਦਾ ਹਾਂ ਕਿ ਔਹੁਦਾ ਮਿਲਣਾ ਇਕ ਮੌਕਾ ਮਿਲਣਾ ਹੈ, ਜਿਸ ਵਿਚ ਆਦਮੀ ਦੀ ਯੋਗਤਾ ਜਾਂ ਅਯੋਗਤਾ ਪ੍ਰਗਟ ਹੋ ਜਾਂਦੀ ਹੈ। ਜੋ ਕਿਸੇ ਵੱਡੇ ਔਹੁਦੇ ਜਾਂ ਇੱਜ਼ਤ ਵਾਲੀ ਥਾਂ ਉੱਤੇ ਆ ਜਾਂਦਾ ਹੈ, ਉਸ ਦੇ ਗੁਣ ਔਗੁਣ ਖੂਬ ਨੰਗੇ ਹੋ ਜਾਂਦੇ ਹਨ। ਗੁਣਵਾਨ ਤਾਂ ਔਹੁਦਾ ਲੈ ਕੇ ਮਾਣ ਤੇ ਇੱਜ਼ਤ ਤੇ ਤਾਕਤ ਪੈਦਾ ਕਰਦਾ ਹੈ ਤੇ ਗੁਣਹੀਣ ਔਹੁਦਾ ਲੈ ਕੇ ਭੰਡੀ ਨੂੰ ਪ੍ਰਾਪਤ ਕਰਦਾ ਹੈ। ਮੈਂ ਕਈ ਅਜੇਹੇ ਲੋਕਾਂ ਨੂੰ ਜਾਣਦਾ ਹਾਂ ਜੋ ਚੰਗੇ ਭਲੇ ਹਨ ਤੇ ਚੰਗੇ ਭਲੇ ਸੇਵਕ ਬਣੇ ਰਹਿੰਦੇ ਜੇ ਉਹਨਾਂ ਨੂੰ ਕੋਈ ਵੱਡਾ ਔਹੁਦਾ ਨਾ ਮਿਲਦਾ। ਵੱਡਾ ਔਹੁਦਾ ਲੈ ਕੇ ਉਸ ਦੇ ਉਹ ਯੋਗ ਸਾਬਤ ਨਾ ਹੋਏ ਤੇ ਅੱਗੇ ਹਾਲੋਂ ਭੀ ਗਏ। ਇਹ ਗੱਲ ਭੀ ਪੱਕੀ ਸਮਝੋ ਕਿ ਜੋ ਕਿਸੇ ਔਹੁਦੇ ਨੂੰ ਚਿਮਟ ਜਾਂਦਾ ਹੈ, ਉਹ ਜ਼ਰੂਰ

Academy of the Punjab in North America: http://www.apnaorg.com

ਅਯੋਗ ਹੈ ਤੇ ਬਦਨਾਮ ਹੋ ਕੇ ਗਲੋਂ ਲਹੇਗਾ। ਕਈ ਵੇਰਾਂ ਅਜੇਹੇ ਸੱਜਣ ਅੱਗੇ ਆ ਜਾਂਦੇ ਹਨ, ਜਿਨ੍ਹਾਂ ਵਿਚ ਗੁਣ ਭੀ ਹੁੰਦੇ ਹਨ ਤੇ ਔਗੁਣ ਭੀ। ਉਨ੍ਹਾਂ ਗੁਣਾਂ ਦੀ ਲੋੜ ਸਮੇਂ ਉਹ ਅੱਗੇ ਆਉਂਦੇ ਹਨ ਜਦ ਦੂਜੀ ਤਰ੍ਹਾਂ ਦੇ ਗੁਣਾਂ ਦੀ ਲੋੜ ਪੈਂਦੀ ਹੈ ਤਾਂ ਉਨ੍ਹਾਂ ਵਿਚ ਘਾਟਾ ਸਿੱਧ ਹੁੰਦਾ ਹੈ। ਫਿਰ ਉਹ ਔਹੁਦੇ ਨੂੰ ਜੱਫਾ ਪਾਂਦੇ ਹਨ ਜਿਸ ਕਰਕੇ ਆਪ ਖ਼ਰਾਬ ਹੁੰਦੇ ਹਨ ਤੇ ਪੰਥ ਨੂੰ ਖ਼ਰਾਬ ਕਰਦੇ ਹਨ। ਯੋਗ ਆਦਮੀ ਦੀ ਯੋਗਤਾ ਨਹੀਂ ਘਟੇਗੀ ਜੇ ਉਹ ਔਹੁਦਾ ਛੱਡ ਦੇਵੇ, ਤੇ ਅਯੋਗ ਆਦਮੀ ਦੀ ਅਯੋਗਤਾ ਵਧੇਰੇ ਨੰਗੀ ਹੋਵੇਗੀ ਜੇ ਉਹ ਔਹੁਦੇ ਨੂੰ ਜੱਫਾ ਮਾਰੇ। ਇਸ ਲਈ ਮੈਨੂੰ ਔਹੁਦੇ ਛੱਡਣੇ ਹੀ ਚਾਹੀਦੇ ਸਨ; ਭਾਵੇਂ ਮੈਂ ਯੋਗ ਸਾਂ ਤੇ ਭਾਵੇਂ ਅਯੋਗ।

ਜਦ ਮੈਂ ਅੱਡਰਾ ਹੋ ਗਿਆ ਤਾਂ ਅਕਾਲੀ ਪਾਰਟੀ ਦੇ ਅੰਦਰਲੇ ਧੜੇ ਚਮਕ ਪਏ ਤੇ ਦੋਹਾਂ ਧਿਰਾਂ ਨੇ ਜ਼ੋਰ ਲਾਇਆ ਕਿ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਆਪਣੇ ਧੜੇ ਦਾ ਬਣਾ ਲੈਣ। ਸ਼੍ਰੋਮਣੀ ਅਕਾਲੀ ਦਲ ਦੀ ਪ੍ਰਧਾਨਗੀ ਦਾ ਫ਼ੈਸਲਾ ਤਾਂ ਦੋਹਾਂ ਧਿਰਾਂ ਦੀ ਸੰਮਤੀ ਨਾਲ ਹੋ ਗਿਆ। ਇਸ ਖਿਚੋਤਾਣ ਨੂੰ ਵਧਾਣ ਲਈ ਵਿਰੋਧੀਆਂ ਨੇ ਪੂਰਾ ਜ਼ੋਰ ਲਾਇਆ ਤੇ ਦੋਹਾਂ ਧੜਿਆਂ ਨੂੰ ਚੁੱਕ ਕੇ ਲੜਾਣ ਦਾ ਪੂਰਾ ਜਤਨ ਕੀਤਾ ਪਰ ਗਿਆਨੀ ਕਰਤਾਰ ਸਿੰਘ ਜੀ ਤੇ ਜਥੇਦਾਰ ਮੋਹਣ ਸਿੰਘ ਜੀ ਦੀ ਸਿਆਣਪ ਤੇ ਜ਼ਿੰਮੇਂਵਾਰਾਨਾ ਸੁਭਾਅ ਨੇ ਕੰਮ ਨੂੰ ਨਜਿੱਠ ਲਿਆ। ਪ੍ਰਧਾਨ ਦੀ ਚੋਣ ਮੁਲਤਵੀ ਹੋ ਗਈ ਤੇ ਮੈਨੂੰ ਮੁੜ ਪ੍ਰਧਾਨ ਬਣਨ ਲਈ ਆਗਿਆ ਕੀਤੀ ਗਈ। ਇਹ ਤਾਂ ਦੋਹਾਂ ਧਿਰਾਂ ਨੂੰ ਚੰਗੀ ਤਰ੍ਹਾਂ ਨਿਸਚਾ ਸੀ ਕਿ ਮੈਂ ਪ੍ਰਧਾਨ ਬਣਨਾ ਨਹੀਂ ਮੰਨਾਂਗਾ। ਇਹ ਤਾਂ ਉਨ੍ਹਾਂ ਨੇ ਸਮਾਂ ਹੀ ਲਿਆ ਸੀ। ਇਸ ਲਈ ਇਸ ਸਮੇਂ ਵਿਚ ਮੇਰੇ ਕੋਲ ਗਿਆਨੀ ਸ਼ੇਰ ਸਿੰਘ ਜੀ, ਗਿਆਨੀ ਕਰਤਾਰ ਸਿੰਘ ਜੀ, ਜਥੇਦਾਰ ਮੋਹਣ ਸਿੰਘ ਜੀ ਜਥੇਦਾਰ ਪ੍ਰੀਤਮ ਸਿੰਘ ਜੀ ਤੇ ਸ: ਬਸੰਤ ਸਿੰਘ ਜੀ ਮੋਗਾ ਪੁੱਜੇ। ਮੇਰੇ ਪ੍ਰਧਾਨ ਬਣਨ ਤੋਂ ਨਾਂਹ ਕਰਨ ਉੱਤੇ ਉਨ੍ਹਾਂ ਨੇ ਦੋਹਾਂ ਧੜਿਆਂ ਵੱਲੋਂ ਮੈਨੂੰ ਨਿਸਚਾ ਕਰਵਾਇਆ ਕਿ ਜਿਸ ਸੱਜਣ ਨੂੰ ਮੈਂ ਪ੍ਰਧਾਨ ਤਜਵੀਜ਼ ਕਰਾਂਗਾ, ਉਹ ਮੰਨ ਲਿਆ ਜਾਵੇਗਾ ਤੇ ਨਾਲ ਹੀ ਇਹ ਨਿਸਚਾ ਦਿਵਾਇਆ ਗਿਆ ਕਿ ਮੇਰੀਆਂ ਹਦਾਇਤਾਂ ਉੱਤੇ ਅਮਲ ਹੋਵੇਗਾ। ਇਹ ਇਕਰਾਰ ਲੈ ਕੇ ਮੈਂ ਮੁੜ ਪੰਥਕ ਜੀਵਨ ਵਿਚ ਆਵਣ ਲਈ ਰਜ਼ਾਮੰਦੀ ਪ੍ਰਗਟ ਕਰ ਦਿੱਤੀ। ਉਨ੍ਹਾਂ ਦਿਨਾਂ ਵਿਚ ਹੀ ਰਾਜਾ-ਗਾਂਧੀ ਫਾਰਮੂਲੇ ਦਾ ਰੌਲਾ ਪਿਆ ਸੀ। ਰਾਜਾ ਗੋਪਾਲਾਚਾਰੀਆ ਤੇ ਮਹਾਤਮਾ ਗਾਂਧੀ ਜੀ ਨੇ ਮਿਸਟਰ ਜਿਨਾਹ ਦੀ ਪਾਕਿਸਤਾਨੀ ਸਕੀਮ ਇੱਥੇ ਤਕ ਮੰਨ ਲਈ ਸੀ ਕਿ ਜਿਨ੍ਹਾਂ ਨਾਲ ਲਗਦੇ ਇਲਾਕਿਆਂ, ਜ਼ਿਲ੍ਹਿਆਂ ਜਾਂ ਤਹਿਸੀਲਾਂ ਵਿਚ ਮੁਸਲਮ ਬਹੁ-ਸੰਮਤੀ ਹੋਵੇ; ਉਨ੍ਹਾਂ ਨੂੰ ਹਿੰਦੁਸਤਾਨ ਨਾਲੋਂ ਅੱਡਰੇ ਹੋ ਕੇ ਆਪਣੀ ਅੱਡਰੀ ਹਕੂਮਤ ਬਣਾਣ ਦਾ ਹੱਕ ਹੋਵੇਗਾ। ਇਸ ਸਕੀਮ ਅਨੁਸਾਰ ਪੰਜਾਬ ਦੇ ਸਿੱਖ ਦੋ ਹਿੱਸਿਆਂ ਵਿਚ ਵੰਡੇ ਜਾਂਦੇ ਸਨ। ਅੱਧੇ ਸਿੱਖ ਤਾਂ ਪੱਕੀ ਮੁਸਲਮ ਬਹੁ-ਸੰਮਤੀ ਦੇ ਰਾਜ ਵਿਚ ਚੱਲੇ ਜਾਂਦੇ ਸਨ ਤੇ ਅੱਧੇ ਪੱਕੀ ਹਿੰਦੂ ਬਹੁ-ਸੰਮਤੀ ਹੇਠਾਂ ਜਾਂਦੇ ਸਨ। ਇਸ ਤਰ੍ਹਾਂ ਸਿੱਖਾਂ ਦੀ ਪੋਲਿਟੀਕਲ ਹਸਤੀ ਨੂੰ ਕਾਫ਼ੀ ਸੱਟ ਵੱਜਦੀ ਸੀ। ਸਿੱਖ ਇਸ ਦੇ ਵਿਰੁੱਧ ਸਨ।

Academy of the Punjab in North America: http://www.apnaorg.com

ਮੁੜ ਪੰਥਕ ਜੀਵਨ ਦਾ ਇਰਾਦਾ ਕਰਕੇ ਮੈਂ ਇਕ ਪੰਥਕ ਇਕੱਠ ਬੁਲਾਇਆ, ਜਿਸ ਵਿਚ ਤਿੰਨ ਚਾਰ ਸੌ ਪ੍ਰਤੀਨਿਧ ਹਾਜ਼ਰ ਹੋਏ। ਇਸ ਇਕੱਠ ਵਿਚ ਰਾਜਾ-ਗਾਂਧੀ ਫਾਰਮੂਲੇ ਦੀ ਵਿਰੋਧਤਾ ਉੱਤੇ ਲੱਕ ਬੱਧਾ ਗਿਆ ਤੇ ਮੇਰੇ ਮੁੜ ਕੰਮ ਵਿਚ ਆਵਣ ਦਾ ਪੱਕਾ ਫ਼ੈਸਲਾ ਹੋ ਗਿਆ। ਇਸ ਇਕੱਠ ਨੇ ਰਾਜਾ-ਗਾਂਧੀ ਫਾਰਮੂਲੇ ਦੇ ਵਿਰੁੱਧ ਪੰਥ ਵਿਚ ਬਹੁਤ ਜੋਸ਼ ਖਿਲਾਰਿਆ।

* * *

Academy of the Punjab in North America: http://www.apnaorg.com